ਬਾਰ੍ਹਵਾਂ ਸਾਲ
PARDES TIMES
12th year in Publication
# ਪਰਦੇਸ ਟਾਇਮਜ਼
www.pardestimes.com
pardestimes
ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)
ਮਾਂ ਬੋਲੀ ਨੂੰ ਸਮਰਪਿਤ
VOL- 12 No. 297 June 20, 2018 E-mali : info@pardestimes.com Ph 510-938-7771 Ph510-516-3536

## ਜੋਧਪੁਰ ਦੇ ਨਜ਼ਰਬੰਦ ਸਿੱਖਾਂ ਨੂੰ ਮੁਆਵਜ਼ਾ ਮਿਲਣ ਦੀ ਆਸ ਬੱਝੀ

ਅੰਮ੍ਰਿਤਸਰ- ਜੋਧਪੁਰ ਦੇ ਨਜ਼ਰਬੰਦ ਸਿੱਖਾਂ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਭਰੋਸੇ ਮਗਰੋਂ ਰਾਹਤ ਮਿਲੀ ਹੈ। ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ ਸੀਬੀਆਈ ਵੱਲੋਂ



ਦਾਇਰ ਪਟੀਸ਼ਨ ਵਾਪਸ ਲੈ ਲਈ ਜਾਵੇਗੀ। ਇਸ ਐਲਾਨ ਨਾਲ 40 ਸਿੱਖਾਂ ਨੂੰ ਮੁੜ ਮੁਆਵਜ਼ਾ ਮਿਲਣ ਦੀ ਆਸ ਬੱਝੀ ਹੈ। ਦੂਜੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜੋਧਪੁਰ ਜੇਲ੍ਹ ਦੇ ਕੈਦੀਆਂ ਨੂੰ ਪਹਿਲਾਂ ਦਿੱਤੀਆਂ ਸਹੂਲਤਾਂ ਬਹਾਲ ਰੱਖਦਿਆਂ ਇਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਦਿੱਤੇ ਜਾਣ ਦੀ ਮੰਗ ਕੀਤੀ ਹੈ।

ਇਸ ਮਾਮਲੇ ਨੂੰ ਲੈ ਕੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਹੇਠ ਇਕ ਵਫ਼ਦ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਿਆ, ਜਿਨ੍ਹਾਂ ਨੇ ਭਰੋਸਾ ਦਿੱਤਾ ਕਿ ਨਜ਼ਰਬੰਦ ਸਿੱਖਾਂ ਨਾਲ ਨਿਆਂ ਕੀਤਾ ਜਾਵੇਗਾ। ਵਫਦ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਐਡਵੋਕੇਟ ਬੀਐਸ ਸਿਆਲਕਾ ਵੀ ਸ਼ਾਮਲ ਸਨ। ਸਿਆਲਕਾ ਨੇ ਜੋਧਪੁਰ ਨਜ਼ਰਬੰਦਾਂ ਲਈ ਮੁਫਤ ਕੇਸ ਲੜਿਆ ਸੀ।

## ਅਫ਼ਗਾਨਿਸਤਾਨ 'ਚ ਅਵਤਾਰ ਸਿੰਘ ਖ਼ਾਲਸਾ ਬਣਨਗੇ ਸੰਸਦ ਮੈਂਬਰ

ਕਾਬੁਲ- ਅਫ਼ਗਾਨਿਸਤਾਨ ਦੀ ਅਗਲੀ ਸੰਸਦ 'ਚ ਸਿੱਖ ਨੇਤਾ ਅਵਤਾਰ ਸਿੰਘ ਖ਼ਾਲਸਾ ਅਫ਼ਗਾਨਿਸਤਾਨ ਦੇ ਘੱਟ-ਗਿਣਤੀ ਸਿੱਖ ਅਤੇ ਹਿੰਦੂ ਭਾਈਚਾਰੇ ਦੀ ਪ੍ਰਤੀਨਿਧਤਾ ਕਰਨਗੇ ਜਦਕਿ ਅਵਤਾਰ ਸਿੰਘ ਦੀਆਂ ਚੋਣਾਂ ਪਿੱਛੋਂ 259 ਮੈਂਬਰੀ ਸੰਸਦ ਵਿਚ ਉਹ ਘੱਟ-ਗਿਣਤੀ ਭਾਈਚਾਰੇ ਦੀ ਆਵਾਜ਼ ਹੋਣਗੇ। ਖ਼ਾਲਸਾ ਆਸਵੰਦ ਹਨ ਕਿ ਅਫਗਾਨ ਫ਼ੌਜ ਵਿਚ ਉਨ੍ਹਾਂ ਦੀ 10 ਸਾਲ ਦੀ ਸੇਵਾ ਰੱਖਿਆ ਅਤੇ ਸੁਰੱਖਿਆ ਦੇਰ ਤੋਂ ਕਾਬੁਲ ਵਿਚ ਰਹਿ ਰਹੇ ਹਨ। ਉਨ੍ਹਾਂ ਨੇ ਸੈਨੇਟਰ ਵਜੋਂ ਵੀ ਘੱਟਗਿਣਤੀਆਂ ਦੀ ਪ੍ਰਤੀਨਿਧਤਾ ਕੀਤੀ ਹੈ। ਸੰਸਦ ਦੇ ਉਪਰਲੇ ਸਦਨ ਵਿਚ ਇਹ ਸੀਟ ਕਾਫੀ ਸਮੇਂ ਤੋਂ ਘੱਟਗਿਣਤੀ ਭਾਈਚਾਰੇ ਲਈ ਰਾਖਵੀਂ





ਖ਼ਾਲਸਾ ਦਾ ਕਹਿਣਾ ਕਿ ਉਹ ਆਸ ਕਰਦੇ ਹਨ ਕਿ ਉਹ ਸਮੁੱਚੇ ਦੇਸ਼ ਦੀ ਸੇਵਾ ਕਰਨਗੇ। 1970 ਦੇ ਦਹਾਕੇ ਵਿਚ ਸਿੱਖ ਤੇ ਹਿੰਦੂ ਭਾਈਚਾਰੇ ਦੀ ਗਿਣਤੀ 80 ਹਜ਼ਾਰ ਤੋਂ ਵੀ ਵੱਧ ਸੀ ਜੋ ਕਿ ਹੁਣ ਬਹੁਤ ਥੋੜ੍ਹੀ ਰਹਿ ਗਈ ਹੈ। ਸਿੱਖ ਭਾਈਚਾਰੇ ਦੇ ਲੰਬੇ ਸਮੇਂ ਤੋਂ ਚਲੇ ਆ ਰਹੇ ਨੇਤਾ ਖ਼ਾਲਸਾ ਸੰਸਦ ਦੇ ਹੇਠਲੇ ਸਦਨ ਲਈ ਬਿਨਾਂ ਵਿਰੋਧ ਚੁਣੇ ਜਾਣਗੇ। ਇਹ ਸੀਟ 2016 ਵਿਚ ਰਾਸ਼ਟਰਪਤੀ ਦੇ ਆਦੇਸ਼ ਨਾਲ ਘੱਟਗਿਣਤੀ ਭਾਇ-ਚਾਰੇ ਲਈ ਰਾਖਵੀਂ ਰੱਖੀ ਗਈ ਸੀ। ਅਕਤੂਬਰ ਕਮੇਟੀ ਵਿਚ ਸੀਟ ਹਾਸਲ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਸਕਦੀ ਹੈ। ਕਾਬੁਲ ਵਿਚ ਉਨ੍ਹਾਂ ਇਕ ਮੁਲਾਕਾਤ ਦੌਰਾਨ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਉਹ ਕੇਵਲ ਸਿੱਖਾਂ ਤੇ ਹਿੰਦੂਆਂ ਦੀ ਸੇਵਾ ਨਹੀਂ ਕਰਨੀ ਚਾਹੁੰਦੇ ਸਗੋਂ ਪੂਰੇ ਅਫਗਾਨ ਲੋਕਾਂ ਦੀ ਸੇਵਾ ਕਰਨੀ ਚਾਹੁੰਦੇ ਹਨ, ਭਾਵੇਂ ਉਹ ਕਿਸੇ ਵੀ ਭਾਈਚਾਰੇ ਜਾਂ ਗਰੁੱਪ ਨਾਲ ਸਬੰਧਿਤ ਹੋਣ। ਚਾਰ ਬੱਚਿਆਂ ਦੇ ਪਿਤਾ 52 ਸਾਲਾ ਖ਼ਾਲਸਾ ਅਫਗਾਨਿਸਤਾਨ ਦੇ ਪਕਤੀਆ ਸੂਬੇ ਨਾਲ ਸਬੰਧਿਤ ਹਨ ਪਰ ਹੁਣ ਕਾਫੀ ਕੀਤੀ ਹੋਈ ਹੈ। ਵਰਣਨਯੋਗ ਹੈ ਕਿ ਅਫਗਾਨਿਸਤਾਨ ਵਿਚ ਹਿੰਦੂਆਂ ਅਤੇ ਸਿੱਖਾਂ ਦੀ ਆਬਾਦੀ ਪਿਛਲੇ 25 ਸਾਲਾਂ ਦੀ ਹਿੰਸਾ ਕਾਰਨ ਲਗਾਤਾਰ ਘਟਦੀ ਜਾ ਰਹੀ ਹੈ। ਅਮਰੀਕਾ ਦੁਆਰਾ ਅਫਗਾਨਿਸਤਾਨ ਤੇ ਹਮਲੇ ਤੋਂ ਬਾਅਦ ਵੀ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਖਦਸ਼ੇ ਪੈਦਾ ਹੁੰਦੇ ਰਹੇ ਹਨ। ਹੁਣ ਅਫਗਾਨਿਸਤਾਨ ਵਿਚ ਭਾਰਤ ਦੇ ਯੋਗਦਾਨ ਕਾਰਨ ਫਿਰ ਸਿੱਖਾਂ ਅਤੇ ਹਿੰਦੂਆਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਹੋਣ ਲੱਗੀ ਹੈ।

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

FAIRWAY BODY SHOP
ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ
ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ
ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ
510-538-2983
Darshan Aujla
510-750-6116
1421 Industrial Parkway West #C Hayward, CA 94644

Allstate
You're in good hands.
Avninder Singh
Insurance Specialist, CA Lic. # 0822501
Auto · Home · Life · Health · Business · Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ,
ਵਿਆਹ, ਐਚ ਵਨ, ਐਲ ਵਨ, ਲੇਬਰ
ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜ਼ਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
(559) 312-0083 (O) (888) 630-1230 (F)
TANVIR JOSHI
SBN: 302226
516 W. SHAW AVE STE 200 FRESNO, CA 93704

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

COVERED CALIFORNIA
Punjab Insurance Brokers Inc.
www.punjabinsurance.com
DBA in CA Punjab Financial & Insurance Services
MONEY BACK LIFE INSURANCE
MONEY BACK CRITICAL ILLNESS INSURANCE
MONEY BACK DISABILITY INSURANCE
DENTAL INSURANCE & VISITORS INSURANCE
Call: 1-888-978-6522
CA LIc# 0127763
Inderjeet S Mann

# ਐਸ. ਪੀ. ਬਲਜੀਤ ਸਿੰਘ ਸਿੱਧੂ ਕੈਲੇਫੋਰਨੀਆ ਵਿਚ ਆਪਣੇ ਦੋਸਤਾਂ ਕੋਲ ਪਹੁੰਚੇ




ਐਸ. ਪੀ. ਬਲਜੀਤ ਸਿੰਘ ਸਿੱਧੂ

ਨਿਊਆਰਕ- ਪਿਛਲੇ ਹਫਤੇ ਨਿਊਆਰਕ (ਕੈਲੇਫੋਰਨੀਆ) ’ਚ ਪੰਜਾਬ ਦੇ ਮੁਕਤਸਰ ਸਾਹਿਬ ਤੋਂ ਪੰਜਾਬ ਪੁਲਿਸ ਦੇ ਐਸ. ਪੀ. ਬਲਜੀਤ ਸਿੰਘ ਸਿੱਧੂ ਪਰਮਪਾਲ ਸਿੰਘ ਹੁਰਾਂ ਦੇ ਘਰ ਪਹੁੰਚੇ ਤੇ ਪਰਮਪਾਲ ਸਿੰਘ ਹੁਰਾਂ ਵੱਲੋਂ ਆਪਣੇ ਦੋਸਤਾਂ ਨਾਲ ਐਸ. ਪੀ. ਸਿੱਧੂ ਦੀ ਮੁਲਾਕਾਤ ਕਰਵਾਈ।

ਇਸ ਮੌਕੇ ਖਾਸ ਤੌਰ ’ਤੇ ਸੁਰਿੰਦਰ ਧਨੋਆ (ਪੰਜਾਬੀ ਨਾਟਕ ਦੇ ਪੱਛਮੀ ਦੇਸ਼ਾਂ ਵਿਚ ਪਿਤਾਮਾ) ਤੇ ਪਾਲੀ ਧਨੌਲਾ ਉਹਨਾਂ ਦੇ ਗਰੁੱਪ ਦਾ ਇਕ ਮਸ਼ਹੂਰ ਕਲਾਕਾਰ, ਹੋਰ ਸੱਜਣਾਂ ਵਿਚ ਮੁਖਤਿਆਰ ਸਿੰਘ ਬੜੈਚ ਪਰਿਵਾਰ ਸਮੇਤ, ਗਰਗ ਸਾਹਿਬ ਪੰਜਾਬ ਤੋਂ, ਜਸਪ੍ਰੀਤ ਵਿਰਕ ਅਤੇ ਜਸਪ੍ਰੀਤ ਸੰਧੂ, ਗੁਰਿੰਦਰ ਸਿੰਘ ਤੇ ਜਗਤਾਰ ਗਿੱਲ, ਬਲਬੀਰ ਸਿੰਘ ਐਮ. ਏ. ਪਰਿਵਾਰਾਂ ਸਮੇਤ ਐਸ. ਪੀ. ਸਿੱਧੂ ਸਾਹਿਬ ਨੂੰ ਮਿਲਣ ਲਈ ਪਹੁੰਚੇ।

ਪੰਜਾਬ ਪੁਲਿਸ ਦੇ ਅਫਸਰ ਆਮ ਕਰਕੇ ਖੜਾਕੇ ਵਾਲੇ ਮੰਨੇ ਜਾਂਦੇ ਹਨ। ਪਰ ਪਹਿਲੀ ਵਾਰ ਪਰਮਪਾਲ ਸਿੰਘ ਦੇ ਬਚਪਨ ਦੇ ਦੋਸਤ ਨਾਲ ਮਿਲਣ ਵੇਲੇ ਇਉਂ ਲੱਗਿਆ ਜਿਵੇਂ ਪੰਜਾਬ ਦੇ ਅਫਸਰ ਦਿਲੋਂ ਨਰਮ ਵੀ ਹੋ ਸਕਦੇ ਹਨ।

ਹੈਰਾਨੀ ਦੀ ਗੱਲ ਅਤੇ ਮੇਰੇ ਲਈ ਬਹੁਤ ਹੀ ਫਖਰ ਵਾਲੀ ਗੱਲ ਇਹ ਲੱਗੀ ਕਿ ਜਦੋਂ ਉਹਨਾਂ ਨੇ ਆਪਣੀ ਨਿੱਜੀ ਡਾਇਰੀ ਕੱਢ ਕੇ ਦਿਲੋਂ ਕਾਗ਼ਜ਼ ਤੇ ਘਸੀਟੀਆਂ ਹੋਈਆਂ ਸੱਤਰਾਂ ਜੋ ਗੂੜ੍ਹੇ ਮਾਇਨੇ ਰੱਖਦੀਆਂ ਹਨ, ਤਰਨੁਮ ਵਿਚ ਪੜ੍ਹੀਆਂ ਤਾਂ ਉਦੋਂ ਪਹਿਲੀ ਵਾਰ ਲੱਗਿਆ ਕਿ ਪੰਜਾਬ ਪੁਲਿਸ ਦਾ ਅਫਸਰ ਜੋ ਦਿਲੋਂ ਨਰਮ ਹੈ, ਹੱਥਾਂ ਦਾ ਸਖ਼ਤ ਹੀ ਸਕਦਾ ਹੋਵੇਗਾ। ਸਮਾਜ ਵਿਚ ਪੁੱਠੇ ਕੰਮ ਕਰਨ ਵਾਲਿਆਂ ਲਈ ਇਸ ਤਰ੍ਹਾਂ ਦੇ ਅਫਸਰ ਮੇਰੀ ਨਜ਼ਰੇ ਤਾਂ ਪਹਿਲੀ ਵਾਰ ਹੀ ਮੈਨੂੰ ਮਿਲੇ ਹਨ।

ਬਲਜੀਤ ਸਿੰਘ ਸਿੱਧੂ ਐਸ. ਪੀ. ਪੰਜਾਬ ਪੁਲਿਸ ਜੋ ਮੁਕਤਸਰ ਸਾਹਿਬ ਵਿਖੇ ਤਾਇਨਾਤ ਹਨ, ਲੱਗਦਾ ਹੈ ਮੁਕਤਸਰ ਵਾਲਿਆਂ ਨੂੰ ਰੱਬ ਨੇ ਇਕ ਚੰਗਾ ਅਫਸਰ ਦਿੱਤਾ ਹੈ। ਸ਼ਾਅਲਾ! ਪੰਜਾਬ ਦੇ ਸਾਰੇ ਪੁਲਿਸ ਅਫਸਰ ਸਿੱਧੂ ਸਾਹਿਬ ਵਰਗੇ ਹੋਣ।



ਉਹ ਹਾਲੇ ਕੈਲੇਫੋਰਨੀਆ ’ਚ ਹਨ ਤੇ ਉਮੀਦ ਹੈ ਇਸ ਮਹੀਨੇ ਦੇ ਅਖੀਰ ਤੱਕ ਇੱਥੇ ਹੀ ਹੋਣਗੇ ਤੇ ਮੁਲਾਕਾਤ ਦਾ ਵੇਲਾ ਇਕ ਵਾਰ ਫਿਰ ਮਿਲੇਗਾ।

ਪਰਮਪਾਲ ਸਿੰਘ ਦੇ ਪਰਿਵਾਰ ਵੱਲੋਂ ਰਾਤ ਦੇ ਖਾਣੇ ਦੇ ਨਾਲ ਨਾਲ ਇਕ ਨੇਕ ਇਨਸਾਨ ਨੂੰ ਮਿਲ ਕੇ ਕੁਝ ਢਾਰਸ ਬੱਝਾ ਕਿ ਹਾਲੇ ਪੰਜਾਬ ਜਿਉਂਦਾ ਹੈ ਤੇ ਸ਼ਾਅਲਾ ਜਿਉਂਦੇ ਰਹਿਣ ਮੇਰੇ ਪੰਜਾਬ ਦੇ ਉਹ ਜਿੰਦਾਦਿਲ ਇਨਸਾਨ।

**– ਬਲਬੀਰ ਸਿੰਘ ਐਮ. ਏ.**


Preet Fabrics & Appliance



ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL: 510-797-7111 FAX: 510-739-6350

(For More Info. Call Onkar)

APPLIANCES WE CARRY ALL MAJOR BRANDS!!

SONY, SANY, JVC, PANASONIC, LUGGAGE CROSS, PARKER PENS, OSTER BLENDERS



- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards



THE LAW OFFICE OF JASRAJ DEOL


Jasraj Deol (Attorney At Law)

- Immigration
- Deportation
- Asylum
- Citizenship
- Green Card
- Family Petition
- Incorporation
- LLC Formation
- Contract Writing
- Contract Negotiation
- Power of Attorney
- Embassy Paperwork
- OCI Application

ਇੰਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜ਼ਨਸ਼ਿਪ
ਗ੍ਰੀਨ ਕਾਰਡ
ਪਰਿਵਾਰਕ ਪਟੀਸ਼ਨ
ਇਨਕਾਰਪੋਰੇਸ਼ਨ
ਐਲ. ਐਲ. ਸੀ.ਫਾਰਮੇਸ਼ਨ
ਇਕਰਾਰਨਾਮਾ ਲਿਖਣਾ
ਇਕਰਾਰਨਾਮਾ ਨੈਗੋਸ਼ੀਏਸ਼ਨ
ਮੁਖਤਿਆਰਨਾਮਾ
ਅੰਬੈਸੀ ਕਾਰਵਾਈ
ਓ. ਸੀ. ਆਈ ਐਪਲੀਕੇਸ਼ਨ

ਸੰਪਰਕ ਕਰੋ: (209) 483-2269
jasraj@deollaw.com
110 N San Joaquin St # 317 Stockton, CA 95202

# ਬੱਚਿਆਂ ਦੇ ਕਤਲ ਕਾਰਨ ਪੰਜਾਬੀ ਭਾਈਚਾਰੇ 'ਚ ਰੋਸ

ਵੈਨਕੂਵਰ- ਬੀਤੇ ਹਫ਼ਤੇ ਸਰੀ ਵਿੱਚ ਸਕੂਲ ਤੋਂ ਲਿਜਾ ਕੇ ਦੋ ਬੱਚਿਆਂ ਦਾ ਕਤਲ ਕਰਨ ਦੀ ਘਟਨਾ ਕਾਰਨ ਪੰਜਾਬੀ ਭਾਈਚਾਰੇ ਵਿੱਚ ਭਾਰੀ ਰੋਸ ਹੈ। ਸਾਊਥ ਏਸ਼ੀਆ ਮੀਡੀਆ ਮੁਲਾਜ਼ਮਾਂ ਵੱਲੋਂ ਕੱਢੀ ਗਈ ਰੋਸ ਰੈਲੀ ਵਿੱਚ ਲੋਕਾਂ ਨੇ ਸ਼ਮੂਲੀਅਤ ਕਰ ਕੇ ਸਰੀ ਦੇ ਪੁਲੀਸ ਇੰਚਾਰਜ ਨੂੰ ਫ਼ਿਕਰਮੰਦ ਕੀਤਾ। ਕੱਲ੍ਹ ਵੀ ਮੋਮਬੱਤੀ ਰੋਸ ਮਾਰਚ 'ਚ ਉੱਥੇ ਪਹੁੰਚੇ ਐੱਮਪੀ ਸੁੱਖ ਧਾਲੀਵਾਲ ਨੂੰ ਲੋਕਾਂ ਨੇ ਲਾਜਵਾਬ ਕਰ ਦਿੱਤਾ ਸੀ, ਭਾਵੇਂ ਗੁਰਪ੍ਰੀਤ ਸਿੰਘ ਸਹੋਤਾ ਨੇ ਉਨ੍ਹਾਂ ਦਾ ਸਤਿਕਾਰ ਬਹਾਲ ਕਰਨ ਦਾ ਯਤਨ ਕੀਤਾ ਸੀ। ਕਲੋਨਾ ਗੁਰਦੁਆਰਾ ਕਮੇਟੀ ਦੇ ਸਕੱਤਰ ਇੰਦਰਜੀਤ ਸਿੰਘ ਸੰਧੂ ਨੇ ਅੱਜ ਇੱਕ ਰੇਡੀਓ ਸ਼ੋਅ 'ਤੇ ਆਖਿਆ ਕਿ ਧਾਰਮਿਕ ਸਥਾਨਾਂ 'ਤੇ ਲੋਕ ਬੱਚਿਆਂ ਸਮੇਤ ਚੰਗੀ ਸਿੱਖਿਆ ਲੈਣ ਜਾਂਦੇ ਹਨ ਪਰ ਉੱਥੇ ਲੱ-ਗੀਆਂ ਅਸਾਲਟ ਬੰਦੂਕਾਂ ਵਾਲੀਆਂ ਤੇ ਗੋਲੀਆਂ ਵਿੰਨ੍ਹੀਆਂ ਲਾਸ਼ਾਂ ਦੀਆਂ ਤਸਵੀਰਾਂ ਬੱਚਿਆਂ ਦਾ ਮਾਨਸਿਕ ਸੰਤੁਲਨ ਵਿਗਾੜਦੀਆਂ ਹਨ।

# ਚੰਗੇ ਤੇ ਮਾੜੇ ਅਤਿਵਾਦ ਵਿੱਚ ਨਿਖੇੜੇ ਦੀ ਲੋੜ ਨਹੀ: ਕੋਵਿੰਦ

ਏਥਨਜ਼- ਰਾਸ਼ਟਰਪੀ ਰਾਮ ਨਾਥ ਕੋਵਿੰਦ ਨੇ ਅੱਜ ਕਿਹਾ ਕਿ ਭਾਰਤ ਅਤੇ ਯੂਰੋਪੀਅਨ ਯੂਨੀਅਨ ਵਿਸ਼ਵ ਨੂੰ ਇਹ ਸਮਝਾਉਣ ਕਿ 'ਚੰਗੇ' ਅਤੇ 'ਮਾੜੇ' ਅਤਿਵਾਦੀਆਂ ਵਿੱਚ ਕੋਈ ਫਰਕ ਨਹੀਂ ਹੈ। ਉਨ੍ਹਾਂ ਅਤਿਵਾਦ ਨੂੰ ਸਰਪ੍ਰਸਤੀ ਦੇਣ ਵਾਲੇ ਮੁਲਕਾਂ 'ਤੇ ਪਾਬੰਦੀਆਂ ਲਾਉਣ ਦਾ ਸੱਦਾ ਵੀ ਦਿੱਤਾ। ਜ਼ਾਹਿਰ ਹੈ ਕਿ ਉਨ੍ਹਾਂ ਨੇ ਇਹ ਟਿੱਪਣੀ ਪਾਕਿਸਤਾਨ ਲਈ ਕੀਤੀ ਸੀ ਜਿਸ 'ਤੇ ਲੰਮੇ ਸਮੇਂ ਤੋਂ ਅਤਿਵਾਦੀਆਂ ਨੂੰ ਸੁਰੱਖਿਅਤ ਠਾਹਰ ਮੁਹੱਈਆ ਕਰਵਾਉਣ ਦਾ ਦੋਸ਼ ਲਗਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਅਜਿਹੇ ਕੌਮਾਂਤਰੀ ਸ਼ਾਸਨ ਪ੍ਰਤੀ ਵਚਨਬੱਧ ਹੈ ਜੋ ਵਿਹਾਰਕ ਅਤੇ ਟਿਕਾਊ ਹੋਵੇ ਅਤੇ ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ ਦਾ ਸਨਮਾਨ ਕਰਦਾ ਹੋਵੇ। ਯੂਰੋਪ ਦੇ ਪੂਰਬ ਅਤੇ ਭਾਰਤ ਦੇ ਪੱਛਮ ਵਿੱਚ ਅਸਥਿਰਤਾ ਅਤੇ ਅਤਿਵਾਦ ਵਾਲੇ ਖੇਤਰ ਹਨ ਜੋ ਯੂਰੋਪ ਅਤੇ ਭਾਰਤ ਦੋਨਾਂ ਲਈ ਚਿੰਤਾ ਦਾ ਵਿਸ਼ਾ ਹਨ। ਉਹ ਹੇਲੇਨਿਕ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਪ੍ਰੋਗਰਾਮ ਵਿੱਚ 'ਯੂਰੋਪ ਨਾਲ ਭਾਰਤ ਦੇ ਸਬੰਧ' ਵਿਸ਼ੇ 'ਤੇ ਬੋਲ ਰਹੇ ਸੀ। ਇਹ ਸੰਸਥਾ ਪ੍ਰਮੁੱਖ ਵਿਦੇਸ਼ ਨੀਤੀ ਥਿੰਕ ਟੈਂਕ ਹੈ।

ਰਾਸ਼ਟਰਪਤੀ ਨੇ ਕੱਟੜਤਾ ਤੇ ਅਤਿਵਾਦ ਦੀ ਪਛਾਣ ਮੁੱਖ ਦੁਨਿਆਵੀ ਚਿੰਤਾਵਾਂ ਦੇ ਰੂਪ ਵਿੱਚ ਕੀਤੀ। ਉਨ੍ਹਾਂ ਕਿਹਾ ਕਿ ਸੂਬਾਈ ਅਤੇ ਗੈਰ ਸੂਬਾਈ ਤੱਤਾਂ ਵੱਲੋਂ ਅਤਿਵਾਦ ਨੂੰ ਹੱਲਾਸ਼ੇਰੀ ਦੇਣਾ, ਵਿਵੇਕਹੀਣ ਨਫਰਤ ਨਾਲ ਪੈਦਾ ਦਹਿਸ਼ਤਗਰਦੀ ਅਤੇ ਅਤਿਵਾਦੀ ਸਮੂਹਾਂ ਦੇ ਵਿੱਤੀ ਚੈਨਲ ਕਿਸੇ ਇਕ ਜਾਂ ਦੂਜੇ ਮੁਲਕ ਦੀ ਥਾਂ ਮਨੁੱਖਤਾ ਲਈ ਖ਼ਤਰਾ ਪੈਦਾ ਕਰਦੇ ਹਨ। ਉਨ੍ਹਾਂ ਖ਼ਤਰੇ ਦਾ ਮੁਕਾਬਲਾ ਕਰਨ ਅਤੇ ਅਤਿਵਾਦੀਆਂ ਨੂੰ ਦਿੱਤੀ ਜਾਂਦੀ ਵਿੱਤੀ ਮਦਦ 'ਤੇ ਕਾਬੂ ਪਾਉਣ ਲਈ ਵਿੱਤੀ ਟਾਸਕ ਫੋਰਸ ਅਤੇ ਵਿਸ਼ਵ ਅਤਿਵਾਦ ਵਿਰੋਧੀ ਫੋਰਮ ਵਰਗੇ ਬਹੁਪੱਖੀ ਮੰਚਾਂ ਨੂੰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ। ਰਾਸ਼ਟਰਪਤੀ ਨੇ ਯੂਨਾਨ ਨੂੰ ਕੌਮਾਂਤਰੀ ਸੌਰ ਗੱਠਜੋੜ (ਆਈਐਸਏ) ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਇਸ ਦੇ ਨਾਲ ਹੀ ਸ੍ਰੀ ਕੋਵਿੰਦ ਨੇ ਕਿਹਾ ਕਿ ਭਾਰਤ ਆਪਸੀ ਸਹਿਯੋਗ ਦੀ ਉਦਾਰ ਭਾਵਨਾ ਅਤੇ ਵਿਹਾਰਕ ਨਜ਼ਰੀਏ ਅਨੁਸਾਰ ਯੂਰੋਪੀਅਨ ਯੂਨੀਅਨ ਨਾਲ ਵਿਆਪਕ ਆਧਾਰ ਵਾਲੇ ਅਤੇ ਨਿਵੇਸ਼ ਸਮਝੌਤੇ ਲਈ ਵਚਨਬੱਧ ਹੈ। 28 ਮੈਂਬਰੀ ਯੂਰੋਪੀਅਨ ਯੂਨੀਅਨ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ ਵਿਚੋਂ ਹੈ। ਕੋਵਿੰਦ ਤਿੰਨ ਮੁਲਕਾਂ ਦੀ ਆਪਣੀ ਯਾਤਰਾ ਦੌਰਾਨ ਸ਼ਨਿਚਰਵਾਰ ਨੂੰ ਯੂਨਾਨ ਪੁੱਜੇ ਸੀ। ਉਨ੍ਹਾਂ ਕਿਹਾ ਕਿ ਯੂਰੋਪੀਅਨ ਯੂਨੀਅਨ ਨਿਵੇਸ਼ ਅਤੇ ਤਕਨਾਲੋਜੀ ਦਾ ਮਹੱਤਵਪੂਰਨ ਸਰੋਤ ਹੈ। ਵਿਸ਼ੇਸ਼ ਰੂਪ ਨਾਲ ਨਿਰੰਤਰਤਾ ਅਧਾਰਤ ਪ੍ਰੋਗਰਾਮਾਂ ਲਈ। ਭਾਰਤੀ ਕੰਪਨੀਆਂ ਯੂਰੋਪੀਅਨ ਯੂਨੀਅਨ ਵਿੱਚ ਪ੍ਰਮੁੱਖ ਨਿਵੇਸ਼ਕ ਹਨ।

# ਕੇਜਰੀਵਾਲ ਨੇ ਧਰਨਾ ਚੁੱਕਿਆ; ਭਾਜਪਾ ਵੀ ਪਿੱਛੇ ਹਟੀ

ਨਵੀਂ ਦਿੱਲੀ- ਪਿਛਲੇ 9 ਦਿਨਾਂ ਤੋਂ ਦਿੱਲੀ ਦੇ ਉਪ ਰਾਜਪਾਲ ਦੀ ਸਰਕਾਰੀ ਰਿਹਾਇਸ਼ ਵਿੱਚ ਧਰਨਾ ਦੇ ਰਹੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਗੋਪਾਲ ਰਾਏ ਨੇ ਆਈਏਐੱਸ ਅਧਿਕਾਰੀਆਂ ਵੱਲੋਂ ਦਿੱਲੀ ਸਰਕਾਰ ਦੀਆਂ ਬੈਠਕਾਂ 'ਵਿੱਚ ਸ਼ਿਰਕਤ ਕਰਨ ਮਗਰੋਂ ਆਪਣਾ ਧਰਨਾ ਚੁੱਕ ਲਿਆ। ਇਸ ਦੇ ਨਾਲ ਹੀ ਪਿਛਲੇ ਹਫ਼ਤੇ ਤੋਂ ਦਿੱਤੇ ਜਾ ਰਹੇ ਧਰਨੇ ਬਾਰੇ ਪਾਈ ਉਸ ਪਟੀਸ਼ਨ ਉੱਤੇ ਵੀ ਸੁਪਰੀਮ ਕੋਰਟ ਨੇ ਜਲਦੀ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਇਸ ਧਰਨੇ ਨੂੰ 'ਗ਼ੈਰਸੰਵਿਧਾਨਕ' ਕਰਾਰ ਦੇਣ ਦੀ ਮੰਗ ਕੀਤੀ ਗਈ ਹੈ। ਧਰਨਾ ਚੁੱਕਣ ਮਗਰੋਂ ਸ੍ਰੀ ਕੇਜਰੀਵਾਲ ਸਿੱਧੇ ਆਪਣੀ ਸਰਕਾਰੀ ਰਿਹਾਇਸ਼ ਪੁੱਜੇ ਜਿੱਥੇ ਉਨ੍ਹਾਂ ਦਾ ਸਵਾਗਤ ਪਾਰਟੀ ਦੇ ਵਿਧਾਇਕਾਂ ਤੇ ਰਾਜ ਸਭਾ ਮੈਂਬਰਾਂ ਵੱਲੋਂ ਕੀਤਾ ਗਿਆ। ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮੀਡੀਆ ਨੂੰ ਦੱਸਿਆ ਕਿ ਸਰਕਾਰ ਵੱਲੋਂ ਅੱਜ ਬੁਲਾਈ ਗਈ ਬੈਠਕ ਵਿੱਚ ਮੁੱਖ ਸਕੱਤਰ ਸਮੇਤ ਸਾਰੇ ਉੱਚ ਅਧਿਕਾਰੀ ਮੌਜੂਦ ਰਹੇ। ਸ੍ਰੀ ਕੇਜਰੀਵਾਲ ਤੇ ਸਾਥੀ ਮੰਤਰੀ ਮਨੀਸ਼ ਸਿਸੋਦੀਆ, ਸਤਿੰਦਰ ਜੈਨ ਤੇ ਗੋਪਾਲ ਰਾਏ ਮੁੱਖ ਤੌਰ 'ਤੇ ਅਧਿਕਾਰੀਆਂ ਦੀ ਅਣਐਲਾਨੀ ਕਥਿਤ ਹੜਤਾਲ ਕਰਕੇ ਹੀ ਧਰਨੇ ਉਪਰ ਬੈਠੇ ਸਨ ਕਿਉਂਕਿ ਅਧਿਕਾਰੀ ਰੁਟੀਨ ਬੈਠਕਾਂ ਵਿੱਚ ਨਹੀਂ ਸਨ ਜਾਂਦੇ। ਹਾਲਾਂ ਕਿ ਅਧਿਕਾਰੀ ਹੜਤਾਲ ਉਪਰ ਨਾ ਹੋਣ 'ਤੇ ਨਿਸ਼ਠਾ ਨਾਲ ਕੰਮ ਕਰਨ ਦਾ ਦਾਅਵਾ ਕਰ ਰਹੇ ਸਨ। ਉਧਰ ਸ੍ਰੀ ਕੇਜਰੀਵਾਲ ਦਾ ਧਰਨਾ ਖ਼ਤਮ ਹੁੰਦੇ ਹੀ ਭਾਜਪਾ ਵਿਧਾਇਕਾਂ ਨੇ ਵੀ ਧਰਨਾ ਖ਼ਤਮ ਕਰ ਦਿੱਤਾ। ਵਿਧਾਇਕਾਂ ਨੂੰ ਕੇਂਦਰੀ ਮੰਤਰੀ ਡਾ. ਹਰਸ਼ਵਰਧਨ ਨੇ ਜੂਸ ਪਿਲਾ ਕੇ ਭੁੱਖ ਹੜਤਾਲ ਤੁੜਵਾਈ।

ਇਸ ਦੌਰਾਨ ਹੀ ਸੁਪਰੀਮ ਕੋਰਟ ਦੇ ਜਸਟਿਸ ਐਸਏ ਨਜ਼ੀਰ ਤੇ ਇੰਦੂ ਮਲਹੋਤਰਾ ਵਾਲੇ ਵਕੇਸ਼ਨ ਬੈਂਚ ਨੇ ਕਿਹਾ ਕਿ ਛੁੱਟੀਆਂ ਮਗਰੋਂ ਇਹ ਪਟੀਸ਼ਨ ਸੁਣਵਾਈ ਲਈ ਸੂਚੀਬੱਧ ਕੀਤੀ ਜਾਵੇਗੀ। ਵਕੀਲ ਸ਼ਸ਼ਾਂਕ ਸੁੱਧੀ ਨੇ ਪਟੀਸ਼ਨਕਰਤਾ ਹਰੀਨਾਥ ਰਾਮ ਵੱਲੋਂ ਪੇਸ਼ ਹੋ ਕੇ ਛੇਤੀ ਸੁਣਵਾਈ ਕਰਨ ਦੀ ਮੰਗ ਕੀਤੀ ਕਿ ਦਿੱਲੀ ਵਿੱਚ ਮੁੱਖ ਮੰਤਰੀ ਵੱਲੋਂ 'ਗ਼ੈਰ-ਸੰਵਿਧਾਨਕ ਤੇ ਗ਼ੈਰ-ਕਾਨੂੰਨੀ ਧਰਨਾ ਰਾਜਨਿਵਾਸ ਵਿਖੇ ਦੇ ਰਾਜਧਾਨੀ ਵਿੱਚ ਸੰਵਿਧਾਨਕ ਸੰਕਟ ਪੈਦਾ ਕਰ ਦਿੱਤਾ ਗਿਆ ਹੈ। ਵਕੀਲ ਨੇ ਅਦਾਲਤ ਨੂੰ ਕਿਹਾ ਕਿ ਹਾਈ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਸੋਮਵਾਰ ਨੂੰ ਕੀਤੀ ਸੀ ਤੇ ਅਗਲੀ ਸੁਣਵਾਈ 22 ਜੂਨ ਉੱਤੇ ਪਾਈ ਹੋਈ ਹੈ ਤੇ ਹਾਈ ਕੋਰਟ ਨੇ ਕੇਜਰੀਵਾਲ ਦੇ ਧਰਨੇ ਬਾਰੇ ਸਵਾਲ ਚੁੱਕੇ ਸਨ। ਪਟੀਸ਼ਨ ਵਿੱਚ ਮੁੱਖ ਮੰਤਰੀ ਜਾਂ ਐਲਜੀ ਦੇ ਦਫ਼ਤਰ ਦੇ ਲੋਕਾਂ ਵਿੱਚੋਂ ਇੱਕ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਜੋ ਇਹ ਕਥਿਤ ਝੂਠ ਬੋਲ ਰਹੇ ਹਨ ਕਿ ਅਧਿਕਾਰੀ ਕੰਮ ਕਰ ਰਹੇ ਹਨ। ਸ੍ਰੀ ਕੇਜਰੀਵਾਲ ਮੁਤਾਬਕ ਅਧਿਕਾਰੀ ਅਣਐਲਾਨੀ ਹੜਤਾਲ 'ਤੇ ਹਨ ਪਰ ਐਲਜੀ ਦਫ਼ਤਰ ਆਖ ਚੁੱਕਾ ਹੈ ਕਿ ਅਧਿਕਾਰੀ ਨੌਕਰੀ ਉਪਰ ਹਨ।

# ਖੇਤੀ ਸੰਕਟ ਤੋਂ ਦੁਖੀ ਕਿਸਾਨਾਂ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ

ਮੁੰਬਈ- ਦੇਸ਼ ਵਿੱਚ ਖੇਤੀ ਸੰਕਟ ਲਈ ਸੰਵਿਧਾਨ ਦੀਆਂ ਕੁੱਝ ਧਾਰਾਵਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਦੁਖੀ ਕਿਸਾਨਾਂ ਦੇ ਇਕ ਸਮੂਹ ਨੇ ਸੁਪਰੀਮ ਕੋਰਟ ਵਿੱਚ ਇਨ੍ਹਾਂ ਨੂੰ ਚੁਣੌਤੀ ਦਿੱਤੀ ਹੈ।



ਮਹਾਰਾਸ਼ਟਰ ਦੇ ਕਿਸਾਨਾਂ ਵੱਲੋਂ ਅਮਰ ਹਬੀਬ ਦੀ ਅਗਵਾਈ ਵਿੱਚ ਕਿਸਾਨ ਪੁੱਤਰ ਅੰਦੋਲਨ (ਕੇਪੀਏ) ਸ਼ੁਰੂ ਕੀਤਾ ਗਿਆ ਹੈ। ਇਸੇ ਤਹਿਤ 21 ਮਾਰਚ ਨੂੰ ਸੁਪਰੀਮ ਕੋਰਟ ਵਿੱਚ ਇਕ ਪਟੀਸ਼ਨ ਦਾਇਰ ਕਰਕੇ ਆਰਟੀਕਲ 31 ਬੀ ਵਿਚਲੀਆਂ ਮੱਦਾਂ ਨੂੰ ਬਦਲਣ ਦੀ ਮੰਗ ਕੀਤੀ ਗਈ ਹੈ ਜਿਨ੍ਹਾਂ ਨੂੰ ਜਥੇਬੰਦੀ ਵੱਲੋਂ ਕਿਸਾਨ ਵਿਰੋਧੀ ਕਰਾਰ ਦਿੱਤਾ ਗਿਆ ਹੈ। ਕੇਏਪੀ ਅਨੁਸਾਰ ਸੰਵਿਧਾਨ ਦੇ ਨੌਵੇਂ ਸ਼ਡਿਊਲ ਵਿੱਚ ਜ਼ਮੀਨ ਨੂੰ ਐਕਵਾਇਰ ਕਰਨ ਸਬੰਧੀ ਅਤੇ ਸੀਲ ਕਰਨ ਸਬੰਧੀ ਕਈ ਤਰ੍ਹਾਂ ਦੀਆਂ ਕਿਸਾਨ ਵਿਰੋਧੀ ਮੱਦਾਂ ਹਨ ਜਿਨ੍ਹਾਂ 'ਤੇ ਪੁਨਰਵਿਚਾਰ ਦੀ ਲੋੜ ਹੈ।

ਹਬੀਬ ਜੋ ਸ਼ਤਕਾਰੀ ਸੰਗਠਨ ਦੇ ਆਗੂ ਮਰਹੂਮ ਸ਼ਰਦ ਜੋਸ਼ੀ ਦੇ ਨੇੜੇ ਰਹੇ ਹਨ, ਦਾ ਕਹਿਣਾ ਹੈ ਕਿ ਹੁਣ ਸਮਾਂ ਬਦਲ ਗਿਆ ਹੈ ਇਸ ਲਈ ਸਰਕਾਰ ਨੂੰ ਵੀ ਆਪਣਾ ਵਤੀਰਾ ਬਦਲਣਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸੜਕਾਂ 'ਤੇ ਪ੍ਰਦਰਸ਼ਨ ਕਰਨ ਦੀ ਬਜਾਏ ਉਨ੍ਹਾਂ ਇਸ ਸੰਕਟ ਦੀ ਜੜ੍ਹ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ ਤੇ ਨਿਆਂਪਾਲਿਕਾ ਦੀ ਮਦਦ ਨਾਲ ਇਸ ਸੰਕਟ ਨੂੰ ਦੂਰ ਕਰਨ ਵੱਲ ਕਦਮ ਵਧਾਇਆ ਹੈ।




COLUMBIA PARTNERS

REAL ESTATE

DILBAG SINGH

Broker Lic # 74416

CBA MLS

ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਸੰਪਰਕ ਕਰੋ-

DILBAG SINGH

DIRECT: (206) 841-4132, OFFICE: (206) 588-2559

FAX: (206) 299-9199

EMAIL: dilbagbains@yahoo.com

8221 5th Ave NE Seattle WA 98115



Sex Problem

ਮਰਦਾਨਾ ਕਮਜ਼ੋਰੀ

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ

E-mail:- shweat077@yahoo.com
www.surajvanshipharmacy.com

ਅਸਰ 3 ਦਿਨਾਂ ਤੋਂ ਸ਼ੁਰੂ

ਬੁਢਾਪੇ 'ਚ ਜਵਾਨੀ ਮਾਣੋ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ: 59/AY/PB.

ਸੈਕਸ ਵਿਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ

ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ, ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਸਿਹਤ ਬਣਾਓ

ਵਾਲ ਝੜਨਾ ਜਾਂ ਸਫੈਦ ਹੋਣਾ

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi +91-98155-33933

# ਸੰਪਾਦਕੀ

## ਪੰਜਾਬ ਦੀਆਂ ਜੇਲ੍ਹਾਂ ਤੋਂ ਮਿਲ ਰਹੀਆਂ ਧਮਕੀਆਂ

ਹਾਲ ਹੀ ਵਿਚ ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਪੁਲਿਸ ਨਾਲ ਨਰਾਜਗੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਸ ਨੂੰ ਜੇਲ੍ਹਾਂ ਵਿਚੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹਆਂ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਗੈਂਗਸਟਰਾਂ ਤੇ ਦਹਿਸ਼ਤਗਰਦਾਂ ਦੇ ਨਿਸ਼ਾਨੇ 'ਤੇ ਹਨ। ਉਹਨਾਂ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਕੋਲ ਸ਼ਿਕਾਇਤ ਕਰਨ ਦੇ ਬਾਵਜੂਦ ਵੀ ਪੁਲਿਸ ਕੁਝ ਨਹੀਂ ਕਰ ਰਹੀ ਹੈ। ਜੇਲ੍ਹ ਮੰਤਰੀ ਦਾ ਕਹਿਣਾ ਹੈ ਕਿ ਪੁਲਿਸ ਪਤਾ ਨਹੀਂ ਕਿਸ ਦੀ ਉਡੀਕ ਕਰ ਰਹੀ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜੇਕਰ ਇਕ ਕੈਬਨਿਟ ਮੰਤਰੀ ਨੂੰ ਵੀ ਅਜਿਹੀਆਂ ਧਮਕੀਆਂ ਮਿਲ ਸਕਦੀਆਂ ਹਨ ਤਾਂ ਆਮ ਲੋਕਾਂ ਦੀ ਸੁਰੱਖਿਆ ਦਾ ਕੀ ਬਣੇਗਾ?

ਅਸਲ ਵਿਚ ਪੰਜਾਬ ਵਿਚ ਇਸ ਵਕਤ ਅਜਿਹੇ ਬਹੁਤ ਸਾਰੇ ਗਿਰੋਹ ਜਾਂ ਅਪਰਾਧੀ ਸਰਗਰਮ ਹਨ, ਜਿਹੜੇ ਲੁੱਟਾਂ-ਖੋਹਾਂ ਅਤੇ ਫਿਰੌਤੀਆਂ ਦਾ ਕੰਮ ਕਰ ਰਹੇ ਹਨ। ਇਹ ਕਿਸੇ ਵੀ ਵਿਅਕਤੀ ਨੂੰ ਧਮਕੀ ਦੇ ਦਿੰਦੇ ਹਨ ਪਰ ਇਹਨਾਂ ਤੱਕ ਪੁਲਿਸ ਨਹੀਂ ਪਹੁੰਚ ਪਾਉਂਦੀ। ਇਸ ਕਾਰਨ ਅਪਰਾਧ ਕਰਨ ਵਾਲਿਆਂ ਦੇ ਹੌਸਲੇ ਵਧਦੇ ਚਲੇ ਜਾ ਰਹੇ ਹਨ। ਪੰਜਾਬ ਲਈ ਇਹ ਸਥਿਤੀ ਬਹੁਤ ਖਤਰਨਾਕ ਹੈ ਕਿਉਂਕਿ ਪੰਜਾਬ ਨੇ ਪਹਿਲਾਂ ਵੀ ਹਿੰਸਾ ਦੇਖੀ ਹੈ ਅਤੇ ਆਪਣੀ ਬਰਬਾਦੀ ਆਪਣੀਆਂ ਅੱਖਾਂ ਨਾਲ ਦੇਖੀ ਹੈ। ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਰਸਤਾ ਸਿਰਫ ਸ਼ਾਂਤੀ ਅਤੇ ਸੁਰੱਖਿਅਤ ਮਾਹੌਲ ਹੈ। ਜੇਕਰ ਪੰਜਾਬ ਵਿਚ ਅਸੁਰੱਖਿਆ ਵਾਲਾ ਮਾਹੌਲ ਪੈਦਾ ਹੋਵੇਗਾ ਤਾਂ ਇੱਥੇ ਨਾ ਹੀ ਨਿਵੇਸ਼ ਆਵੇਗਾ ਅਤੇ ਨਾ ਹੀ ਨਿਵੇਸ਼ਕ। ਪੰਜਾਬ ਵਿਚ ਖੇਤੀਬਾੜੀ ਨਾਲ ਸਬੰਧਤ ਉਦਯੋਗ ਦੀ ਬਹੁਤ ਸਖਤ ਲੋੜ ਹੈ। ਇਸ ਲੋੜ ਨੂੰ ਪੂਰਾ ਕਰਨ ਲਈ ਸ਼ਾਂਤੀ ਬਹੁਤ ਜ਼ਰੂਰੀ ਹੈ। ਆਰਥਿਕ ਸੰਕਟ ਅਤੇ ਕਿਸਾਨੀ ਸੰਕਟ ਦਾ ਸ਼ਿਕਾਰ ਪੰਜਾਬ ਨੂੰ ਇਸ ਸਥਿਤੀ ਵਿਚੋਂ ਕੱਢਣ ਲਈ ਬਹੁਤ ਨਿਵੇਸ਼ ਦੀ ਲੋੜ ਹੈ। ਪਾਕਿਸਤਾਨ ਨਾਲ ਲੱਗਣ ਕਾਰਨ ਪੰਜਾਬ ਵਿਚ ਪਹਿਲਾਂ ਵੀ ਵਿਦੇਸ਼ੀ ਦਖਲਅੰਦਾਜ਼ੀ ਹੁੰਦੀ ਰਹੀ ਹੈ ਅਤੇ ਸ਼ੰਕ ਇਹ ਵੀ ਕੀਤਾ ਜਾਂਦਾ ਹੈ ਕਿ ਹੁਣ ਵੀ ਅਜਿਹੀ ਵਿਦੇਸ਼ੀ ਦਖਲਅੰਦਾਜ਼ੀ ਹੋ ਰਹੀ ਹੈ। ਪਰ ਪੰਜਾਬੀਆਂ ਨੇ ਹਮੇਸ਼ਾ ਹਰੇਕ ਮੁਸ਼ਕਿਲ ਦਾ ਡੱਟ ਕੇ ਟਾਕਰਾ ਕੀਤਾ ਹੈ ਅਤੇ ਹਰ ਵਾਰ ਜਿੱਤ ਹਾਸਲ ਕੀਤੀ ਹੈ। ਹੁਣ ਇਹ ਨਵੀਂ ਕਿਸਮ ਦੀ ਗੁੰਡਾਗਰਦੀ ਦੇਖਣ ਨੂੰ ਮਿਲ ਰਹੀ ਹੈ। ਗੈਂਗਸਟਰਾਂ ਦੇ ਕਾਰਨ ਨੌਜਵਾਨ ਵੀ ਪ੍ਰਭਾਵਿਤ ਹੋ ਰਹੇ ਹਨ ਅਤੇ ਉਹ ਵੀ ਹਿੰਸਕ ਗਿਰੋਹ ਬਣਾਉਣ ਲੱਗ ਪਏ ਹਨ। ਕੈਪਟਨ ਸਰਕਾਰ ਨੇ ਆਉਂਦਿਆਂ ਹੀ ਇਹਨਾਂ ਅਪਰਾਧੀਆਂ ਵਿਰੁੱਧ ਸਖਤੀ ਵਰਤੀ ਸੀ ਪਰ ਇਸ ਦੇ ਬਾਵਜੂਦ ਵੀ ਪੰਜਾਬ ਵਿਚ ਇੱਕਾ-ਦੁੱਕਾ ਗੁੰਡਾਗਰਦੀ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਇਹ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536

36415 RUSCHIN DR.
NEWARK, CA 94560

Buta Ram joshi Staff Reporter,
Fresno 559-803-0055

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਅਜੀਬ ਕਿਸਮ ਦੀ ਰਾਜਨੀਤੀ ਦਾ ਤਮਾਸ਼ਾ



Sinder Singh Pasiana
(Advocate)
Email - sindersingh2009@gmail.com
(91-86991-19745 M)

ਕੋਈ ਕਿਸੇ ਦੇ ਦਫਤਰ ਜਾਂ ਘਰ ਦੇ ਅੰਦਰ ਵੜ ਕੇ ਉਥੇ ਧਰਨੇ 'ਤੇ ਬੈਠ ਜਾਵੇ ਤਾਂ ਇਹ ਅਜੀਬ ਅਤੇ ਗੈਰ-ਸੁਭਾਵਿਕ ਗੱਲ ਲੱਗਦੀ ਹੈ। ਜਦੋਂ ਅਜਿਹਾ ਕਰਨ ਵਾਲਾ ਕੋਈ ਮੁੱਖ ਮੰਤਰੀ ਹੋਵੇ ਅਤੇ ਉਹ ਉਪ ਰਾਜਪਾਲ ਦੇ ਦਫਤਰ ਦੇ ਅੰਦਰ ਧਰਨਾ ਦੇ ਰਿਹਾ ਹੋਵੇ ਤਾਂ ਇਹ ਹੋਰ ਜ਼ਿਆਦਾ ਹੈਰਾਨੀ ਦਾ ਕਾਰਨ ਬਣੇਗਾ ਪਰ ਸ਼ਾਇਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਕਿਉਂਕਿ ਉਹਨਾਂ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਨ ਲਈ ਕੋਈ ਤਮਾਸ਼ਾ ਕਰਨਾ ਸੀ, ਇਸ ਕਰਕੇ ਉਹ ਆਪਣੇ ਮੰਤਰੀਆਂ ਦੇ ਨਾਲ ਸਿੱਧੇ ਉਪ-ਰਾਜਪਾਲ ਦੇ ਦਫਤਰ ਯਾਨਿ ਰਾਜ ਨਿਵਾਸ ਦੇ ਅੰਦਰ ਧਰਨਾ ਦੇਣ ਲਈ ਬਜਿੱਦ ਹੋ ਗਏ। ਕਹਿਣਾ ਮੁਸ਼ਕਿਲ ਹੈ ਕਿ ਦਿੱਲੀ ਹਾਈ ਕੋਰਟ ਦੀ ਇਸ ਟਿੱਪਣੀ ਤੋਂ ਬਾਅਦ ਉਹਨਾਂ ਨੂੰ ਸਹੀ-ਗਲਤ ਦਾ ਗਿਆਨ ਹੋਵੇਗਾ ਜਾਂ ਨਹੀਂ ਕਿ ਆਖਿਰ ਮੁੱਖ ਮੰਤਰੀ ਰਾਜ ਨਿਵਾਸ ਦੇ ਅੰਦਰ ਧਰਨਾ ਕਿਵੇਂ ਦੇ ਸਕਦੇ ਹਨ ਅਤੇ ਉਹਨਾਂ ਨੂੰ ਇਸ ਧਰਨੇ ਦੀ ਆਗਿਆ ਕਿਸ ਨੇ ਦਿੱਤੀ? ਹਾਲਾਂਕਿ ਹਾਈ ਕੋਰਟ ਨੇ ਕੋਈ ਫੈਸਲਾ ਨਹੀਂ ਸੁਣਾਇਆ, ਪਰ ਇਸ ਬੇਲੋੜੇ ਅਤੇ ਹਾਸੋਹੀਣੇ ਧਰਨੇ ਦੇ ਖਿਲਾਫ ਉਸਦੀਆਂ ਤਿੱਖੀਆਂ ਟਿੱਪਣੀਆਂ ਇਹ ਸੰਕੇਤ ਦੇਣ ਲਈ ਕਾਫੀ ਹਨ ਕਿ ਕੇਜਰੀਵਾਲ ਅਤੇ ਉਹਨਾਂ ਦੇ ਮੰਤਰੀ ਆਪਣੇ ਅਹੁਦਿਆਂ ਦੇ ਮਾਣ ਦੇ ਵਿਰੁੱਧ ਕੰਮ ਕਰ ਰਹੇ ਹਨ। ਇਹ ਸਹੀ ਹੈ ਕਿ ਹੋਰ ਰਾਜਾਂ ਦੇ ਮੁੱਖ ਮੰਤਰੀ ਵੀ ਕਦੀ-ਕਦਾਈ ਧਰਨੇ ਦਾ ਸਹਾਰਾ ਲੈਂਦੇ ਰਹੇ ਹਨ ਪਰ ਸ਼ਾਇਦ ਹੀ ਕਦੀ ਕੋਈ ਮੁੱਖ ਮੰਤਰੀ ਰਾਜ ਨਿਵਾਸ ਜਾ ਕੇ ਜਬਰੀ ਧਰਨੇ ਤੇ ਬੈਠਿਆ ਹੋਵੇ। ਮੰਨਿਆ ਕਿ ਕੇਜਰੀਵਾਲ ਧਰਨਾ ਦੇਣ ਵਿਚ ਮਾਹਿਰ ਹਨ। ਪਰ ਇਸਦਾ ਇਹ ਮਤਲਬ ਨਹੀਂ ਕਿ ਉਹ ਜਿੱਥੇ ਚਾਹੁਣ, ਧਰਨਾ ਲਗਾ ਕੇ ਬੈਠ ਜਾਣ। ਇਸ ਤੋਂ ਪਹਿਲਾਂ ਗਣਤੰਤਰ ਦਿਵਸ ਦੇ ਕੁਝ ਦਿਨ ਪਹਿਲਾਂ ਰਾਜਪਥ ਦੇ ਨੇੜੇ ਇਸ ਧਮਕੀ ਦੇ ਨਾਲ ਕੇਜਰੀਵਾਲ ਧਰਨੇ ਤੇ ਬੈਠ ਗਏ ਸਨ ਕਿ ਦੇਖੋ ਹੁਣ ਕਰਕੇ ਦਿਖਾਓ ਗਣਤੰਤਰ ਦਿਵਸ ਦੀ ਪਰੇਡ? ਉਦੋਂ ਉਹ ਦਿੱਲੀ ਪੁਲਿਸ ਦੀ ਮਨਮਾਨੀ ਦੇ ਖਿਲਾਫ ਧਰਨਾ ਦੇਣ ਬੈਠੇ ਸਨ। ਇਸ ਵਾਰ ਉਹ ਦਿੱਲੀ ਸਰਕਾਰ ਦੇ ਅਧਿਕਾਰੀਆਂ ਦੀ ਹੜਤਾਲ ਦੇ ਖਿਲਾਫ ਧਰਨੇ ਤੇ ਬੈਠੇ ਹਨ।

ਕੇਜਰੀਵਾਲ ਦਾ ਦੋਸ਼ ਹੈ ਕਿ ਅਧਿਕਾਰੀ ਪਿਛਲੇ ਚਾਰ ਮਹੀਨਿਆਂ ਤੋਂ ਹੜਤਾਲ 'ਤੇ ਹਨ ਪਰ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਉਹ ਮੁੱਖ ਮੰਤਰੀ ਦੀ ਮੌਜੂਦਗੀ ਵਿਚ ਮੁੱਖ ਸਕੱਤਰ ਦੀ ਕੁੱਟਮਾਰ ਦੇ ਵਿਰੋਧ ਵਿਚ ਹਰ ਰੋਜ਼ ਕੇਵਲ ਪੰਜ ਮਿੰਟਦੇ ਲਈ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟ ਕਰਦੇ ਹਨ।



ਜੇਕਰ ਇਕ ਪਲ ਦੇ ਲਈ ਇਹ ਮੰਨ ਲਿਆ ਜਾਵੇ ਕਿ ਕੇਜਰੀਵਾਲ ਦਾ ਦੋਸ਼ ਸਹੀ ਹੈ ਅਤੇ ਦਿੱਲੀ ਦੇ ਅਧਿਕਾਰੀ ਹੜਤਾਲ 'ਤੇ ਚੱਲ ਰਹੇ ਹਨ ਤਾਂ ਸਵਾਲ ਇਹ ਉਠੇਗਾ ਕਿ ਕੀ ਮੁੱਖ ਮੰਤਰੀ ਨੂੰ ਚਾਹ ਮਹੀਨੇ ਬਾਅਦ ਇਹ ਯਾਦ ਆਇਆ ਕਿ ਉਸਦੇ ਅਧਿਕਾਰੀ ਹੜਤਾਲ ਤੇ ਹਨ? ਜੇਕਰ ਅਧਿਕਾਰੀ ਹੜਤਾਲ 'ਤੇ ਹਨ ਅਤੇ ਉਹ ਆਪਣਾ ਕੰਮ ਨਹੀਂ ਕਰ ਰਹੇ ਤਾਂ ਫਿਰ ਦਿੱਲੀ ਸਰਕਾਰ ਚੱਲ ਕਿਵੇਂ ਰਹੀ ਹੈ? ਦਿੱਲੀ ਦੇ ਮੁੱਖ ਮੰਤਰੀ ਇਸ ਤੋਂ ਉਤਸ਼ਾਹਿਤ ਹੋ ਸਕਦੇ ਹਨ ਕਿ ਚਾਰ ਰਾਜਾਂ ਦੇ ਮੁੱਖ ਮੰਤਰੀ ਉਹਨਾਂ ਦੇ ਸਮਰਥਨ ਵਿਚ ਆਏ ਹਨ ਪਰ ਦਿੱਲੀ ਅਤੇ ਦੇਸ਼ ਦੀ ਜਨਤਾ ਇਸ ਸਮਰਥਨ ਦਾ ਮਤਲਬ ਚੰਗੀ ਤਰ੍ਹਾਂ ਸਮਝਦੀ ਹੈ। ਇਹ ਮੌਕਾਪ੍ਰਸਤ ਰਾਜਨੀਤੀ ਦੀ ਇਕ ਹੋਰ ਖਰਾਬ ਮਿਸਾਲ ਤੋਂ ਇਲਾਵਾ ਹੋਰ ਕੁਝ ਨਹੀਂ ਹੋ ਸਕਦੀ। ਮੋਦੀ ਵਿਰੋਧ ਦੇ ਜ਼ਰੀਏ ਰਾਜਨੀਤੀ ਚਮਕਾਉਣ ਵਾਲੇ ਕੁਝ ਹੋਰ ਲੀਡਰ ਕੇਜਰੀਵਾਲ ਦੇ ਨਾਲ ਖੜ੍ਹੇ ਹੋਣਾ ਪਸੰਦ ਕਰਨ ਪਰ ਇਸ ਨਾਲ ਰਾਜਨੀਤਿਕ ਲਾਲਸਾ ਲੁਕਣ ਵਾਲੀ ਨਹੀਂ ਹੈ। ਕੀ ਕੇਜਰੀਵਾਲ ਅਤੇ ਉਹਨਾਂ ਦਾ ਸਾਥ ਦੇਣ ਦਿੱਲੀ ਆਏ ਚਾਰ ਰਾਜਾਂ ਦੇ ਮੁੱਖ ਮੰਤਰੀ ਕਿਸੇ ਨੂੰ ਆਪਣਾ ਦਫਤਰ ਜਾਂ ਫਿਰ ਘਰ ਦੇ ਅੰਦਰ ਧਰਨਾ ਦੇਣ ਦੀ ਇਜਾਜ਼ਤ ਦੇਣਗੇ? ਜੇਕਰ ਨਹੀਂ ਤਾਂ ਫਿਰ ਉਹਨਾਂ ਨੂੰ ਰਾਜਨੀਤੀ ਦਾ ਤਮਾਸ਼ਾ ਨਹੀਂ ਕਰਨਾ ਚਾਹੀਦਾ। ਦਿੱਲੀ ਦੇ ਲੋਕਾਂ ਨੇ ਉਹਨਾਂ ਨੂੰ ਚੰਗੀ ਸਰਕਾਰ ਦੇਣ ਲਈ ਚੁਣਿਆ ਹੈ ਅਤੇ ਉਹ ਉਸ ਦਿਸ਼ਾ ਵਿਚ ਹੀ ਕੰਮ ਕਰਨ ਤਾਂ ਬਿਹਤਰ ਹੈ।

ਰਾਜਨੀਤੀ ਦੀ ਆਪਣੀ ਇਕ ਵੱਖਰੀ ਥਾਂ ਹੁੰਦੀ ਹੈ ਪਰ ਹਰ ਵਕਤ ਰਾਜਨੀਤੀ ਕਰਨ ਨਾਲ ਕੁਝ ਹਾਸਲ ਨਹੀਂ ਹੁੰਦਾ। ਜਦੋਂ ਕੋਈ ਪਾਰਟੀ ਜਿੱਤ ਕੇ ਸੱਤਾ ਵਿਚ ਆ ਜਾਂਦੀ ਹੈ ਤਾਂ ਉਸ ਦਾ ਪਹਿਲਾ ਫਰਜ਼ ਸਾਰੇ ਲੋਕਾਂ ਨੂੰ ਇਕ ਬਰਾਬਰ ਸਮਝ ਕੇ ਕੰਮ ਕਰਨਾ ਹੁੰਦਾ ਹੈ, ਨਵੀਆਂ ਯੋਜਨਾਵਾਂ ਅਤੇ ਪੁਰਾਣੀਆਂ ਦੀ ਸਮੀਖਿਆ ਕਰਨੀ ਹੁੰਦੀ ਹੈ। ਜਨਤਾ ਦੇ ਕਲਿਆਣ ਲਈ ਸਾਰਥਕ ਯੋਜਨਾਵਾਂ ਉਲੀਕਣੀਆਂ ਹੁੰਦੀਆਂ ਹਨ। ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣੀ ਹੁੰਦੀ ਹੈ। ਪ੍ਰਸ਼ਾਸਨ ਵਿਚਲੀਆਂ ਖਾਮੀਆਂ ਨੂੰ ਦੂਰ ਕਰਕੇ ਇਕ ਕੁਸ਼ਲ ਸ਼ਾਸਨ ਦੇਣਾ ਹੁੰਦਾ ਹੈ।

ਚੋਣਾਂ ਤਾਂ ਹਰ ਪੰਜ ਸਾਲ ਬਾਅਦ ਆਉਂਦੀਆਂ ਹੀ ਹਨ। ਜੇਕਰ ਅਗਲੀ ਵਾਰ ਲੋਕਾਂ ਕੋਲ ਵੋਟ ਮੰਗਣ ਜਾਣਾ ਹੈ ਤਾਂ ਅਜਿਹੀਆਂ ਪ੍ਰਾਪਤੀਆਂ ਦਿਖਾਉਣੀਆਂ ਪੈਂਦੀਆਂ ਹਨ, ਜਿਹਨਾਂ ਨਾਲ ਲੋਕੀ ਉਸ ਪਾਰਟੀ ਨੂੰ ਦੁਬਾਰਾ ਚੁਣਨ ਲਈ ਫਤਵਾ ਦੇਣ।

# ਜੀਨ, ਡੀਐੱਨਏ ਅਤੇ ਸਾਡਾ ਜੀਵਨ

**ਸੁਰਜੀਤ ਸਿੰਘ ਢਿੱਲੋਂ**

ਕੋਈ 2500 ਵਰ੍ਹੇ ਪਹਿਲਾਂ ਸੁਕਰਾਤ ਨੇ ਚਾਹਿਆ ਸੀ ਕਿ ਸਭ ਤੋਂ ਪਹਿਲਾਂ ਸਾਨੂੰ ਆਪਣੇ-ਆਪ ਨੂੰ ਸਮਝਣ ਦੇ ਯਤਨ ਕਰਨੇ ਚਾਹੀਦੇ ਹਨ। ਉਸਦੀ ਇਸ ਕਾਮਨਾ ਦੇ ਪੂਰਾ ਹੋਣ ਦੀ ਸੰਭਾਵਨਾ ਲੰਬੇ ਸਮੇਂ ਉਪਰੰਤ ਉਨ੍ਹੀਵੀਂ ਸ਼ਤਾਬਦੀ ਦੇ ਮੱਧ 'ਚ ਤਦ ਉਪਜੀ, ਜਦੋਂ ਆਸਟ੍ਰੀਆ ਦੇ ਇੱਕ ਇਸਾਈ ਮੱਠ 'ਚ ਗਰੈਗਰ ਮੈਂਡਲ ਨੇ ਇਹ ਜਾਨਣ ਲਈ ਖੋਜ ਆਰੰਭੀ ਕਿ ਇੱਕ ਜੀਵ ਜਿਹੋ ਜਿਹਾ ਹੈ, ਅਜਿਹਾ ਉਹ ਕਿਉਂ ਹੈ? 1822 'ਚ ਜਨਮਿਆ ਮੈਂਡਲ ਸੀ ਤਾਂ ਪਾਦਰੀ, ਪਰ ਉਹ ਵੀਏਨਾ ਯੂਨੀਵਰਸਿਟੀ 'ਚ ਵਿਗਿਆਨ ਪੜ੍ਹ ਚੁੱਕਿਆ ਸੀ। 1843 'ਚ ਉਸ ਨੇ ਇਸਾਈ ਮੱਠ ਦਾ ਚਾਰਜ ਸੰਭਾਲਿਆ। ਇਨ੍ਹਾਂ ਸਮਿਆਂ 'ਚ ਯੂਰੋਪ ਵਿਖੇ ਧਾਰਮਿਕ ਸੰਸਥਾਨ ਵੀ ਖੋਜ ਕਾਰਜਾਂ 'ਚ ਭਾਗ ਲੈ ਰਹੇ ਸਨ। ਮੈਂਡਲ ਨੇ ਵੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਹਟਵੀਂ ਵਿਹਲ ਦਾ ਖੋਜ ਦੁਆਰਾ ਉਪਯੋਗ ਕਰਨ ਦਾ ਮਨ ਬਣਾਇਆ। ਇਸ ਮੰਤਵ ਨਾਲ ਉਸ ਨੇ ਮੱਠ ਦੇ ਬਗ਼ੀਚੇ 'ਚ ਮਹਿਕਦੇ ਫੁੱਲਾਂ ਵਾਲੇ ਮਟਰ ਉਗਾਉਣੇ ਆਰੰਭ ਕਰ ਦਿੱਤੇ। ਉਹ ਮਟਰਾਂ ਦੀਆਂ ਭਿੰਨ ਭਿੰਨ ਵਿਸ਼ੇਸ਼ਤਾਵਾਂ ਦੇ ਪੁਸ਼ਤਾਂਬੱਧੀ ਹੋ ਰਹੇ ਪ੍ਰਸਾਰ ਦਾ ਹਿਸਾਬ ਅੱਠ ਵਰ੍ਹੇ ਰੱਖਦਾ ਰਿਹਾ। ਇਸ ਸਮੇਂ ਦੌਰਾਨ ਉਸ ਨੇ 30,000 ਬੂਟੇ ਉਗਾਏ। ਇਨ੍ਹਾਂ 'ਚ ਵਿਸ਼ੇਸ਼ਤਾਵਾਂ ਦੇ ਹੋਏ ਪ੍ਰਸਾਰ ਨੂੰ ਆਧਾਰ ਬਣਾ ਕੇ ਉਸ ਨੇ ਵਿਰਾਸਤੀ ਨਿਯਮ ਉਲੀਕੇ। ਇਨ੍ਹਾਂ ਨਿਯਮਾਂ ਦੀ ਪਾਲਣਾ ਹਰ ਇੱਕ ਰੁੱਖ-ਬੂਟਾ ਕਰ ਰਿਹਾ ਹੈ, ਹਰ ਇੱਕ ਪ੍ਰਾਣੀ ਕਰ ਰਿਹਾ ਹੈ ਅਤੇ ਅਸੀਂ ਆਪ ਕਰ ਰਹੇ ਹਾਂ। ਨਾਲ ਹੀ ਮੈਂਡਲ ਨੇ ਬਿਨਾਂ ਜਾਣਿਆਂ 'ਜੀਨ' ਲੱਭ ਲਿਆ ਸੀ। ਇਸ ਠੋਸ ਵਿਰਾਸਤੀ ਇਕਾਈ ਲਈ ਉਸ ਨੇ 'ਫੈਕਟਰ' ਸ਼ਬਦ ਵਰਤਿਆ ਜਿਸ ਲਈ ਡੈਨਮਾਰਕ ਦੇ ਵਿਗਿਆਨੀ ਜੁਹੈਨਸਨ ਨੇ 1909 'ਚ 'ਜੀਨ' ਨਾਮ ਤਜਵੀਜ਼ ਕੀਤਾ। ਅੱਜ ਇਹੋ ਨਾਮ ਪ੍ਰਚੱਲਿਤ ਹੈ। ਜੀਨ ਯੂਨਾਨੀ ਸ਼ਬਦ ਹੈ ਜਿਸਦੇ ਅਰਥ ਹਨ 'ਉਪਜਾਉਣ ਦੇ'। ਮੈਂਡਲ ਦੀ ਖੋਜ ਨੇ ਦਰਸਾ ਦਿੱਤਾ ਕਿ ਵਿਰਸੇ 'ਚ ਮਿਲ ਰਹੇ ਜੀਨ, ਸੰਤਾਨ ਦੀਆਂ ਵਿਸ਼ੇਸ਼ਤਾਵਾਂ ਨਿਰਧਾਰਤ ਕਰਦੇ ਰਹਿੰਦੇ ਹਨ।

ਮੈਂਡਲ ਨੇ ਆਪਣੀ ਖੋਜ ਦੇ ਸਿੱਟੇ 1865 'ਚ ਪ੍ਰਕਾਸ਼ਿਤ ਕੀਤੇ, ਪਰ ਇਹ ਸਮੇਂ ਤਕ ਅਣਡਿੱਠ ਰਹੇ। ਇਨ੍ਹਾਂ 'ਚ ਦਿਲਚਸਪੀ ਉਦੋਂ ਜਾਗੀ, ਜਦੋਂ 1900 'ਚ ਤਿੰਨ ਵੱਖ ਵੱਖ ਵਿਗਿਆਨੀਆਂ ਨੇ ਇਨ੍ਹਾਂ ਨੂੰ ਮੁੜ ਖੋਜਿਆ। ਹੁਣ ਪ੍ਰਸ਼ਨ ਇਹ ਸੀ ਕਿ ਜੀਵਾਂ ਵਿਖੇ ਜੀਨ ਰਹਿ ਕਿੱਥੇ ਰਹੇ ਸਨ? ਇਸ ਪ੍ਰਸ਼ਨ ਦਾ ਉੱਤਰ ਅਮਰੀਕੀ ਵਿਗਿਆਨੀ ਟੌਮਸ ਹੰਟ ਮੌਰਗਨ ਨੇ ਫਲ-ਮੱਖੀ ਉਪਰ ਕੀਤੀ ਖੋਜ ਦੁਆਰਾ ਪ੍ਰਾਪਤ ਕੀਤਾ। ਪੰਦਰਾਂ ਵਰ੍ਹਿਆਂ ਦੀ ਘਾਲਣਾ ਉਪਰੰਤ ਮੌਰਗਨ ਨੇ ਪਤਾ ਲਾਇਆ ਕਿ ਜੀਵ-ਸਰੀਰ ਨੂੰ ਉਸਾਰਦੇ ਸੈੱਲਾਂ ਦੇ ਕੇਂਦਰ 'ਚ ਨਿਊਕਲੀਅਸ ਵਿੱਚ ਮੌਜੂਦ ਕ੍ਰੋਮੋਸੋਮ, ਜੀਨਾਂ ਦੇ ਗ੍ਰਹਿ-ਸਥਾਨ ਹਨ। ਇਸ ਖੋਜ ਸਦਕਾ 1933 'ਚ ਮੌਰਗਨ ਨੂੰ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਗਿਆ। ਇਸ ਦੇ ਦਸ ਵਰ੍ਹਿਆਂ ਉਪਰੰਤ 1944 'ਚ ਜੀਨ ਦੀ ਸ਼ਨਾਖਤ ਵੀ ਹੋ ਗਈ। ਔਸਵਲਡ ਐਵਰੀ ਅਤੇ ਉਸ ਦੇ ਦੋ ਸਹਿਯੋਗੀਆਂ ਨੇ ਡੀਐੱਨਏ, ਭਾਵ ਡੀਆਕਸੀਰਾਇਬੋਜ਼ ਨਿਊਕਲੀਅਕ ਐਸਿਡ ਦੁਆਰਾ ਕੀਟਾਣੂ ਦੀ ਇੱਕ ਕਿਸਮ ਨੂੰ ਦੂਜੀ 'ਚ ਬਦਲ ਦਿੱਤਾ। ਇਸ ਤੋਂ ਇਹ ਸਪਸ਼ਟ ਹੋ ਗਿਆ ਕਿ ਡੀਐੱਨਏ ਹੀ ਜੀਨ ਹੈ। ਹੁਣ ਧਿਆਨ ਇਸ ਉਪਰ ਕੇਂਦਰਿਤ ਹੋ ਗਿਆ ਕਿ ਡੀਐੱਨਏ ਦੀ ਬਣਤਰ 'ਚ ਅਜਿਹਾ ਕੀ ਹੈ ਕਿ ਇਹ ਜੀਨ ਦੀ ਭੂਮਿਕਾ ਨਿਭਾਉਣ ਯੋਗ ਹੈ?

ਇਸ ਸਮੱਸਿਆ ਨੂੰ ਹੋਰ 9 ਵਰ੍ਹਿਆਂ ਬਾਅਦ ਕੈਂਬ੍ਰਿਜ ਯੂਨੀਵਰਸਿਟੀ ਦੇ ਦੋ ਅਜਿਹੇ ਦੋ ਖੋਜਾਰਥੀਆਂ ਨੇ ਸੁਲਝਾਇਆ ਜਿਨ੍ਹਾਂ ਨੂੰ ਡੀਐੱਨਏ ਉਪਰ ਖੋਜ ਕਰਨ ਲਈ ਨਿਯੁਕਤ ਵੀ ਨਹੀਂ ਸੀ ਕੀਤਾ ਗਿਆ। ਜੇਮਜ਼ ਵਾਟਸਨ ਅਤੇ ਫ੍ਰਾਂਸਿਸ ਕ੍ਰਿੱਕ ਦਾ ਡੀਐੱਨਏ ਦੀ ਬਣਤਰ ਬਾਰੇ ਸੰਖੇਪ ਖੋਜ-ਪੱਤਰ, 'ਨੇਚਰ' ਰਸਾਲੇ ਦੇ 25 ਅਪਰੈਲ 1953 ਦੇ ਅੰਕ 'ਚ ਛਪਿਆ। ਇਨ੍ਹਾਂ ਨੇ ਦਰਸਾਇਆ ਕਿ ਡੀਐੱਨਏ ਦੀ ਵਲਾਂ 'ਚ ਉਲਝੀ ਗੋਲ ਪੌੜੀ ਜਿਹੀ ਨੁਹਾਰ ਹੈ ਜਿਸਦੇ ਸਮਵਿੱਥੀ ਡੰਡੇ ਸਿਰਫ਼ ਚਾਰ ਖਾਰਾਂ ਦੇ ਬਣੇ ਹਨ। ਇਹ ਚਾਰ ਖਾਰ ਹਨ: ਗੁਆਨੀਨ, ਸਾਇਟੱਸੀਨ, ਥਾਇਮੀਨ ਅਤੇ ਐਡਿਨੀਨ ਜਿਹੜੇ ਜੋੜਿਆਂ 'ਚ ਵਿਉਂਤਬੱਧ ਹਨ। ਗੁਆਨੀਨ ਅਤੇ ਸਾਇਟੱਸੀਨ ਇੱਕ ਦੂਜੇ ਨਾਲ ਜੁੜਨ ਯੋਗ ਹਨ ਜਦੋਂਕਿ ਥਾਇਮੀਨ ਅਤੇ ਐਡਿਨੀਨ ਵੱਖਰੇ, ਇੱਕ ਦੂਜੇ ਨਾਲ। ਡੀਐੱਨਏ ਨੇ ਜਦੋਂ ਦੋ ਬਣਨਾ ਹੁੰਦਾ ਹੈ, ਉਦੋਂ ਆਸੇ-ਪਾਸੇ ਦੀਆਂ ਲੜੀਆਂ ਉਧੜ ਕੇ ਨਾਲ ਜੜੇ ਖਾਰਾਂ ਸਹਿਤ ਵੱਖ ਹੋ ਜਾਂਦੀਆਂ ਹਨ। ਫਿਰ ਖਾਰਾਂ ਦੇ ਸੁਤੰਤਰ ਹੋਏ ਸਿਰਿਆਂ ਨਾਲ ਇਨ੍ਹਾਂ ਦੇ ਜੋੜੀਦਾਰ ਖਾਰ ਜੁੜਨੇ ਆਰੰਭ ਹੋ ਜਾਂਦੇ ਹਨ। ਜਦ ਸਾਰੇ ਖਾਰ ਟਿਕਾਣੇ ਸਿਰ ਫਿੱਟ ਹੋ ਜਾਂਦੇ ਹਨ ਤਾਂ ਇਹ ਦੋ ਥਾਵੇਂ, ਵੱਖ ਵੱਖ, ਲੜੀਵਾਰ ਪਰੋਏ ਜਾਂਦੇ ਹਨ। ਇਸ ਪ੍ਰਕਾਰ ਜਿੱਥੇ ਪਹਿਲਾਂ ਡੀਐੱਨਏ ਦਾ ਇੱਕ ਅਣੂ ਸੀ, ਉੱਥੇ ਹੁਣ ਉਸੇ ਵਿਉਂਤ ਵਾਲੇ ਦੋ ਅਣੂ ਉਪਜ ਆਉਂਦੇ ਹਨ। ਸੈੱਲ ਦੇ ਦੋ 'ਚ ਵੰਡੇ ਜਾਣ ਤੋਂ ਪਹਿਲਾਂ ਇੰਜ ਹੀ ਵਾਪਰਦਾ ਰਹਿੰਦਾ ਹੈ ਤਾਂ ਜੋ ਨਵੇਂ ਸੈੱਲਾਂ ਦੇ ਹਿੱਸੇ ਇਕਸਾਰ ਡੀਐੱਨਏ ਆਉਂਦਾ ਰਹੇ। ਵਾਟਸਨ ਅਤੇ ਕ੍ਰਿੱਕ ਨੇ ਇਸ ਖੋਜ ਲਈ 1962 'ਚ ਨੋਬੇਲ ਪੁਰਸਕਾਰ ਪ੍ਰਾਪਤ ਕੀਤਾ।



ਇਸ ਉਪਰੰਤ ਡੀਐੱਨਏ ਦੇ ਕ੍ਰਿਆਵੀ ਪੱਖ ਇੱਕ ਇੱਕ ਕਰਕੇ ਪ੍ਰਤੱਖ ਹੋਣ ਲੱਗੇ ਸਨ। ਜਾਣ ਲਿਆ ਗਿਆ ਕਿ ਡੀਐੱਨਏ ਭਾਵ ਜੀਨ ਸਿੱਧਿਆਂ ਵਿਸ਼ੇਸ਼ਤਾਵਾਂ ਨੂੰ ਜਨਮ ਨਹੀਂ ਦਿੰਦੇ। ਡੀਐੱਨਏ ਅੰਦਰਲੀ ਖਾਰੀ ਵਿਉਂਤ ਅਨੁਕੂਲ ਪਹਿਲਾਂ ਆਰ ਐੱਨ ਏ ਹੋਂਦ 'ਚ ਆਉਂਦੇ ਹਨ ਜਿਹੜੇ ਨਿਊਕਲੀਅਸ ਦੇ ਬਾਹਰ ਆ ਕੇ ਐਨਜ਼ਾਈਮ ਉਪਜਾਉਂਦੇ ਹਨ ਅਤੇ ਐਨਜ਼ਾਈਮਾਂ ਦੁਆਰਾ ਫਿਰ ਅਜਿਹੇ ਪਦਾਰਥਾਂ ਦਾ

(ਬਾਕੀ ਸਫਾ 21 'ਤੇ)

# ਮੇਰੀ ਪਾਕਿਸਤਾਨ (ਗੁਰਧਾਮ) ਯਾਤਰਾ- ਭਾਗ -3



ਮਾਸਟਰ ਲਛਮਣ ਸਿੰਘ ਰਠੌਰ
ਫਰਿਜਨੋ,ਕੈਲੇਫੋਰਨੀਆਂ
559-577-8162

ਸਾਢੇ ਪੰਦਰਾਂ ਘੰਟੇ ਦੇ ਲੰਮੇ ਹਵਾਈ ਸਫ਼ਰ ਦੀ ਥਕਾਵਟ ਨੇ ਅਕਸਰ ਆਪਣਾ ਪ੍ਰਭਾਵ ਪਾਉਣਾ ਸੁਭਾਵਕ ਸੀ। ਪਰ ਕੈਲੇਫੋਰਨੀਆ ਦੇ ਸ਼ਹਿਰ ਫਰਿਜਨੋ ਤੋਂ ਚੱਲ ਕੇ ਬੇਕਰਜਫੀਲਡ ਸ੍ਰ. ਦਲਜਿੰਦਰ ਸਿੰਘ ਚੌਹਾਨ ਦੇ ਘਰ ਤੱਕ ਵੀ ਤਾਂ ਦੋ ਘੰਟੇ, ਕਾਰ ਦਾ ਸਫ਼ਰ ਭਾਵੇਂ ਘਰੇਲੂ ਰਿਸ਼ਤੇਦਾਰੀ ਦੀ ਗੱਪ ਸ਼ੱਪ ਨਾਲ ਅਕੇਵੇਂ ਰਹਿਤ ਅਵੱਸ਼ ਸੀ, ਪਰੰਤੂ ਅੱਗੇ ਉਥੇ ਵੀ ਅਗਾਊਂ ਮੰਜ਼ਿਲ ਦੀ ਤਿਆਰੀ ਲਈ ਦੁਪਹਿਰ ਦਾ ਭੋਜਨ ਕਰਨ ਤੇ ਉਥੋਂ ਸਾਰੇ ਜਥੇ ਦੇ ਦੱਸ ਮੈਂਬਰਾਂ ਨੂੰ ਲਾਮਬੰਦ ਕਰਨਾ ਵੀ ਤਾਂ ਕੁੱਝ ਵਕਤ ਮੰਗਦਾ ਸੀ। ਕਿਸੇ ਨੇ ਨਮਕੀਨ ਵੇਸਣ ਦੇ ਮਜ਼ੇਦਾਰ ਪਰਾਉਂਠੇ ਦਹੀਂ ਨਾਲ ਤੇ ਕਿਸੇ ਨੇ ਸਾਦੇ ਭੋਜਨ ਸਹਿਤ ਦੋ-ਦੋ ਪਰਸ਼ਾਦੇ ਛੱਕ ਢਿੱਡ ਦੀ ਤਪਸ਼ ਨੂੰ ਸ਼ਾਂਤ ਕਰ ਲਿਆ। ਉਹ ਬਾਬੇ ਨਾਨਕ ਦੇ ਗੁਰਧਾਮਾਂ ਦੇ ਤਿਆਰੇ ਕਰਨ ਵਿਚ ਜੁਟੇ ਹੋਏ ਸਨ। ਦੋ ਵੈਨਾਂ ਵਿਚ ਦੱਸ ਯਾਤਰੂਆਂ ਦੇ ਜਥੇ ਦਾ ਹਵਾਈ ਅੱਡੇ ਤੱਕ ਪਹੁੰਚਣ ਦਾ ਪ੍ਰੋਗਰਾਮ ਬਣਾਇਆ ਗਿਆ। ਉਡਾਣ ਦੇ ਸਹੀ ਵਕਤ ਨੂੰ ਮੁੱਖ ਰੱਖਦਿਆਂ ਧੰਨ ਗੁਰੂ ਨਾਨਕ ਦੇ ਜੈਕਾਰਿਆਂ ਦੀ ਗੂੰਜ ਵਿਚ ਇਸ ਅਮਰੀਕਨ ਸਿੱਖ ਜਥੇ ਨੇ ਚਾਲੇ ਪਾ ਦਿੱਤੇ।ਵੱਖ ਵੱਖ ਵੈਨਾਂ ਵਿਚ ਗੁਰਬਾਣੀ ਦੇ ਸ਼ਬਦਾਂ ਦੇ ਗਾਇਨ ਹੋ ਰਹੇ ਸਨ। ਦਲਜਿੰਦਰ ਸਿੰਘ ਉੱਚੀ ਗਰਜਵੀਂ ਅਵਾਜ਼ ਵਿਚ,"ਉਚਾ ਦਰ ਬਾਬੇ ਨਾਨਕ ਦਾ, ਉਚਾ ਦਰ ਬਾਬੇ ਨਾਨਕ ਦਾ," ਪੜ੍ਹ ਰਿਹਾ ਸੀ। ਉਸ ਦੇ ਮਗਰ ਸਾਰੀਆਂ ਸੰਗਤਾਂ ਰਲਵੀਂ ਤੇ ਭਰਵੀਂ ਅਵਾਜ਼ ਵਿਚ ਉਸੇ ਸ਼ਬਦ ਨੂੰ ਦੁਹਰਾ ਰਹੀਆਂ ਸਨ। "ਮੈਂ ਸੋਭਾ ਸੁਣਕੇ ਆਇਆ ਉੱਚਾ ਦਰ ਬਾਬੇ ਨਾਨਕ ਦਾ,ਉੱਚਾ ਦਰ ਬਾਬੇ ਨਾਨਕ ਦਾ।" ਇਸ ਰੱਟਵੀਂ ਤੇ ਰਸ ਭਿੰਨੀ ਅਵਾਜ਼ ਦੇ ਅਨੋਖੇ ਵਾਤਾਵਰਣ ਨੇ ਨਨਕਾਣਾ ਸਾਹਿਬ ਦੇ ਵਡਮੁੱਲੇ ਤੇ ਵਡਭਾਗੇ ਗੁਰਧਾਮ ਯਾਤਰਾ ਦਾ ਆਗਾਜ਼ ਕਰ ਦਿੱਤਾ ਸੀ। ਦੂਜੀ ਵੈਨ ਵਿਚ ਬੀਬੀ ਬਲਬੀਰ ਕੌਰ ਕੁੱਕੀ, ਬੀਬੀ ਮਨਜੀਤ ਕੌਰ ਤੇ ਬੀਬੀ ਗੁਰਮੀਤ ਕੌਰ ਬਾਬੇ ਨਾਨਕ ਦੇ ਸ਼ਬਦਾਂ ਦੇ ਗਾਇਨ ਕਰ ਕੇ ਸਮੇਂ ਨੂੰ ਸੁਭਾਇਮਾਨ ਬਣਾ ਰਹੀਆਂ ਸਨ। ਸੰਗਤਾਂ ਦੇ ਮਨਾਂ ਵਿਚ ਇਸ ਅਣਡਿੱਠੇ ਧਾਰਮਿਕ ਗੁਰਧਾਮਾਂ ਦੇ ਦਰਸ਼ਨਾਂ ਦੀ ਖਿੱਚ ਦਾ ਅਨੋਖਾ ਹੀ ਨਜ਼ਾਰਾ ਬਣਿਆ ਹੋਇਆ ਸੀ। ਜਿਵੇਂ ਬਾਬੇ ਨਾਨਕ ਨੇ ਸੱਚੇ ਤੇ ਸੁੱਚੇ ਗੁਰਸਿੱਖਾਂ ਦੀ ਮਾਨਸਿਕ ਅਵਸਥਾ ਨੂੰ ਗੁਰਮਤਿ ਦੀ ਰੰਗਣ ਵਿਚ ਰੰਗ ਕੇ ਨਿਵੇਕਲਾ ਚਾਉ ਪ੍ਰਦਾਨ ਕਰ ਦਿੱਤਾ ਸੀ। ਭਾਰਤੀ ਜਨਤਾ ਦੇ ਮਨਾਂ ਵਿਚ ਭਾਵੇਂ ਅਜੋਕੇ ਅਤਿਵਾਦ ਦੇ ਖ਼ੌਫ ਨੇ ਪਾਕਿਸਤਾਨ ਦਾ ਇਕ ਹਊਆ ਬਣਾ ਛੱਡਿਆ ਹੈ ਪਰੰਤੂ ਸਿੱਖ ਗੁਰਧਾਮਾਂ ਦੇ ਦਰਸ਼ਨ ਕਰਨ ਵਾਲਿਆਂ ਗੁਰਸਿੱਖਾਂ ਦੇ ਮਨਾਂ ਤੇ ਰਤਾ ਜਿੰਨਾਵੀ ਡਰ ਨਹੀਂ ਹੁੰਦਾ। ਕੈਲੇਫੋਰਨੀਆ ਦੀ ਫਰੀਵੇ 99 ਤੇ ਦੱਖਣ ਦਿਸ਼ਾ ਵੱਲ ਵੱਧ ਰਿਹਾ ਇਹ ਗੁਰੂ ਨਾਨਕ ਨਾਮ ਲੇਵਾ ਕਾਫਲਾ, ਉੱਚੀਆਂ ਪਹਾੜੀਆਂ ਦੀ ਹਿੱਕ ਚੀਰਦੀ ਦੋ ਪਾਸੇ ਵ.ਲ ਖਾਂਦੀ ਪਰਬਤੀ ਸੜਕ ਤੇ ਅੰਤਰ-ਰਾਸ਼ਟਰੀ ਹਵਾਈ ਅੱਡੇ ਵੱਲ ਵੱਧ ਰਿਹਾ ਸੀ। ਫ੍ਰੀਵੇ 99 ਹੁਣ ਅਮਰੀਕਾ ਦੇ ਬਹੁ-ਪ੍ਰਾਂਤਕ ਵਿਚਰਦੀ ਫਰੀਵੇ, ਹਾਈਵੇ ਨੰਬਰ ਫਾਈਵ ਵਿਚ ਜਾ ਮਿਲਦੀ ਹੈ। ਦੋ ਵੈਨਾਂ ਦੀ ਸੰਗਤ ਸ਼ਬਦ ਗੁਰਬਾਣੀ ਦੇ ਮੰਤਰ ਮੁਗਧ ਹੁਲਾਰਿਆਂ ਦਾ ਰਸ ਮਾਣਦੀ ਹੋਈ ਜਾ ਰਹੀ ਸੀ।ਐਲ.ਏ.ਦੇ ਹਵਾਈ ਅੱਡੇ ਤੇ ਸਾਰਾ ਸਮਾਨ ਉਤਾਰ ਕੇ ਜਦੋਂ ਕਤਰ ਏਅਰ ਵੇਜ ਦੇ ਕਾਉਂਟਰ ਤੇ ਪੁੱਜੇ ਤਾਂ ਪਤਾ ਲੱਗਾ ਕਿ ਦੋਹਾ ਕਤਰ ਜਾਂਦੀ ਉਡਾਣ ਦੋ ਘੰਟੇ ਤੋਂ ਵੀ ਜਿਆਦਾ ਲੇਟ ਹੈ।ਪਰੰਤੂ ਏਅਰਵੇਜ ਕਾਉਂਟਰ ਵਾਲਿਆਂ ਨੇ ਸਾਡਾ ਸਾਰਾ ਸਮਾਨ ਲੈ ਕੇ ਫਲਾਈਟ ਲਈ ਬੁੱਕ ਕਰਾਉਣ ਲਈ ਸੱਦ ਲਿਆ।ਸਾਰਿਆਂ ਨੇ ਬੜੀ ਹਿੰਮਤ ਮਾਰ ਕੇ ਆਪਣੇ ਆਪਣੇ ਅਟੈਚੀ ਅਤੇ ਕੈਰੀ ਬੈਗ ਇੱਕ ਲੰਬੀ ਕਤਾਰ ਵਿਚ ਲਿਆ ਰੱਖੇ।

ਸਾਰਿਆਂ ਦੇ ਪਾਸਪੋਰਟ ਅਤੇ ਪਛਾਣ ਪੱਤਰ ਕਾਗ਼ਜ਼ਾਤ ਹੱਥਾਂ ਵਿਚ ਫੜ੍ਹ ਲਏ ਸਨ। ਹੌਲੀ ਹੌਲੀ ਇਕੱਲੇ ਇਕੱਲੇ ਨੂੰ ,ਵਾਰੀ ਮੁਤਾਬਿਕ ਆਪੋ ਆਪਣਾ ਸਮਾਨ ਕਤਰ ਏਅਰਵੇਜ ਦੇ ਕਾਉਂਟਰ ਤੇ ਖੜ੍ਹੇ ਕਲਰਕ ਨੂੰ ਪਾਸਪੋਰਟ ਫੜਾਏ ਤੇ ਪੂਰੀ ਸ਼ਨਾਖ਼ਤ ਉਪਰੰਤ ਹਰ ਬੰਦੇ ਦੀ ਉਡਾਣ ਦੀ ਰੀਜਰਵੇਸ਼ਨ ਦੀ ਸੰਪੂਰਨ ਤਸੱਲੀ ਬਾਦ ਉਸ ਯਾਤਰੀ ਦੇ ਸਮਾਨ, ਦੋ ਦੋ ਸੂਟਕੇਸ, ਹਰ ਇੱਕ ਦਾ ਵਜ਼ਨ 50 ਪਾਉਂਡ ਦੇ ਹਿਸਾਬ, ਚੈੱਕ ਕਰ ਕੇ ਉਹਨਾਂ ਦੇ ਨਾਮ ਦੇ ਸਟਿਕਰ ਸਮਾਨ ਨਾਲ ਚਿਪਕਾ ਕੇ ਹੱਥ ਵਾਲੇ ਜਾਣ ਵਾਲੇ ਬੈਗ ਯੋਗ ਭਾਰ ਦੇ ਵੇਖ ਕੇ ਹਰ ਇੱਕ ਯਾਤਰੀ ਦੇ ਬੋਰਡਿੰਗ ਪਾਸ ਤਿਆਰ ਕੀਤੇ ਗਏ। ਇਸ ਤਰ੍ਹਾਂ ਵਾਰੋ ਵਾਰੀ ਸਾਰੇ ਪੈਸੰਜਰ ਤੇ ਉਹਨਾਂ ਦੇ ਸਮਾਨ ਦੀ ਵਿਸ਼ੇਸ਼ ਪੜਤਾਲ ਕਰ, ਦੱਸੇ ਗਏ ਬੋਰਡਿੰਗ ਕਾਉਂਟਰਾਂ ਵੱਲ ਭੇਜ ਦਿੱਤਾ ਗਿਆ।ਭਾਵੇਂ ਹੱਥਾਂ ਚ' ਤੇ ਮੋਢੇ ਤੇ ਲਟਕਾਏ ਦੋ ਦੋ ਬੈਗਾਂ ਦੇ ਭਾਰ ਤਾਂ ਕੁੱਝ ਔਖੇ ਲੱਗਦੇ ਸਨ,ਪਰੰਤੂ ਗੁਰੂ ਨਾਨਕ ਸਾਹਿਬ ਦੇ ਪਵਿਤਰ ਅਸਥਾਨਾਂ ਦੀ ਜਿਆਰਤ ਲਈ ਉਤਸੁਕ ਹੋਏ ਸਿੱਖੀ ਆਸਥਾ ਵਿਚ ਮੁਗਧ, ਇਹ ਕਾਫਲਾ ਹਵਾਈ ਅੱਡੇ ਦੇ ਸਾਰੇ ਆਪੋ ਆਪਣੀ ਮੰਜ਼ਿਲ ਤੇ ਪੁੱਜਣ ਵਾਲਿਆਂ ਪਸੰਜਰਾਂ ਦੀ ਭੀੜ ਨੂੰ ਚੀਰਦਾ ਹੋਇਆ ਜਾ ਰਿਹਾ ਸੀ। ਕੁੱਝ ਬਜ਼ੁਰਗ ਤੇ ਕਮਜ਼ੋਰ ਯਾਤਰੂਆਂ ਨੂੰ ਵੀਲ ਚੇਅਰ ਦੀ ਸਹੂਲਤ ਪ੍ਰਦਾਨ ਸੀ ਤੇ ਉਹ ਰਿੜ੍ਹਨ ਵਾਲੀਆਂ ਕੁਰਸੀਆਂ ਤੇ ਬੈਠੇ ਹੋਏ ਸਨ।ਏਅਰ ਲਾਈਨ ਦੇ ਭਰਤੀ ਕੀਤੇ ਹੋਏ ਮੁਲਾਜ਼ਮ ਉਹਨਾਂ ਕੁਰਸੀਆਂ ਨੂੰ ਧੱਕ ਕੇ ਯਾਤਰੂ ਕਾਫਲੇ ਨਾਲ ਰਲਾ ਰਹੇ ਸਨ। ਉਹਨਾਂ ਦੀ ਮਦਦ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਸਨ। ਸੁਰੱਖਿਆ ਪੰਗਤੀ ਵਿਚੋਂ ਗੁਜ਼ਰਨ ਤੇ ਉਹਨਾਂ ਕਮਜ਼ੋਰ ਯਾਤਰੂਆਂ ਨੂੰ ਪਹਿਲ ਦਿੱਤੀ ਜਾਂਦੀ ਹੈ। ਲੱਕ ਨਾਲੋਂ ਪੇਟੀ ਲਾਹ, ਬਟੂਆ, ਭਾਨ, ਪੈਨ, ਤੇ ਹੱਥਾਂ ਵਿਚ ਫੜੇ ਹੋਏ ਬੈਗਾਂ ਦੀ ਪੂਰੀ ਪੂਰੀ ਤਲਾਸ਼ੀ ਲੈ ਕੇ ਅੱਗੇ ਜਾਣ ਦਿੱਤਾ ਜਾਂਦਾ ਹੈ। ਦਸਤਾਰ ਧਾਰੀ ਸਿੱਖਾਂ ਦੀ ਪਗੜੀ ਨੂੰ ਹੱਥਾਂ ਤੇ ਐਂਟੀ ਮਿਟਾਲਿਕ ਮਸ਼ੀਨਾਂ ਨਾਲ ਪੂਰੀ ਤਰ੍ਹਾਂ ਗਹੁ ਨਾਲ ਪੜਤਾਲਿਆ ਤੇ ਵਾਚਿਆ ਜਾਂਦਾ ਹੈ। ਖਾਸ ਤੌਰ ਤੇ ਪੱਗ ਤੇ ਕੇਸਾਂ ਉੱਤੇ ਲੱਕੜ ਦੇ ਕੰਘੇ ਨਾਲ ਛੋਟੇ ਜਿਹੇ ਖ਼ਾਲਸਾਈ ਨਿਸ਼ਾਨ ਖੰਡੇ ਕਿਰਪਾਨ ਨੂੰ ਵੀ ਪੂਰੀ ਤਰ੍ਹਾਂ ਘੋਖਿਆ ਜਾਂਦਾ ਹੈ। ਹੱਥਾਂ ਵਿਚ ਫੜੇ ਫੋਨ ਤੇ ਲੈਪਟੋਪ ਜਾਂ ਸਿੱਖਾਂ ਦੀ ਦਾੜ੍ਹੀ ਬੰਨ੍ਹਣ ਵਾਲੇ ਦਾੜ੍ਹੀ ਦੇ ਕੇਸਾਂ ਨੂੰ ਡੋਰ ਵਿਚ ਲਪੇਟਣ ਵਾਲੇ ਲੋਹੇ ਦੇ ਸੂਏ (ਬਾਜ) ਨੂੰ ਵੀ ਨਾਲ ਲਿਜਾਉਣ ਦੀ ਖੁਲ੍ਹ ਨਹੀਂ ਹੈ। ਸੋ ਹਵਾਈ ਹਾਦਸਿਆਂ ਤੋਂ ਸੁਚੇਤ ਰਹਿਣ ਲਈ, ਇਹ ਅੰਤਰ-ਰਾਸ਼ਟਰੀ ਸੁਰੱਖਿਆ ਨਿਯਮਾਂ ਦੀ ਪਾਲਣਾ ਲਈ ਅਵੱਸ਼ਕ ਹੈ। ਸੋ ਗੁਰੂ ਨਾਨਕ ਸਾਹਿਬ ਜੀ ਦੀ ਰਹਿਮਤ ਸਦਕਾ ਸਾਰੇ ਸਿੱਖ ਯਾਤਰੂ ਸੁਰੱਖਿਆ ਪ੍ਰਬੰਧਾਂ ਚੋਂ ਲੰਘ ਕੇ ਨੀਯਤ ਗੇਟ ਨੰਬਰ ਵੱਲ ਹੋ ਤੁਰੇ। ਕਾਫ਼ੀ ਦੂਰ ਜਾ ਇਸ ਗੇਟ ਦੇ ਵੇ-ਟਿੰਗ ਹਾਲ ਦੀਆਂ ਕੁਰਸੀਆਂ ਤੇ ਜਾ ਬਿਰਾਜੇ। ਅਜੇ ਉਡਾਣ ਦਾ ਸਮਾਂ ਕੁੱਝ ਲੇਟ ਹੋਣ ਦੇ ਕਾਰਨ ਸਮਾਂ ਪਾਸ ਕਰਨ ਲਈ ਕੁਰਸੀਆਂ ਤੇ ਬੈਠ ਗੱਲਾਂ ਬਾਤਾਂ ਦੇ ਦੌਰ ਸ਼ੁਰੂ ਹੋ ਗਏ। ਭਾਵੇਂ ਇਹ ਜੱਥਾ ਗੁਰਧਾਮਾਂ ਦੀ ਧੂੜ ਪੱਰਸਣ ਜਾ ਰਿਹਾ ਸੀ, ਪਰੰਤੂ ਢਿੱਡ ਦੀ ਭੁੱਖ, ਇਸ ਅਗਨ ਨੂੰ ਬੁਝਾਉਣ ਲਈ ਇਧਰ ਉਧਰ ਭਜਾ ਦਿੰਦੀ ਹੈ। ਸੋ ਦਲਜਿੰਦਰ ਸਿੰਘ ਦੀ ਪਤਨੀ ਪਾਲੀ ਵਾਹਵਾ ਚੰਗੇ ਚੋਖੇ ਪਰਾਉਂਠੇ ਲਿਆ ਸਾਂਭੀ ਬੈਠੀ ਸੀ। ਉਸ ਨੇ ਵਕਤ ਦੀ ਨਜ਼ਾਕਤ ਨੂੰ ਅਨੁਭਵ ਕਰਦਿਆਂ ਪਰਾਊਠਿਆਂ ਦੀ ਪਟਾਰੀ ਖੋਲ੍ਹ ਦਿੱਤੀ। ਸਾਰੇ ਦੁਆਲੇ ਆ ਬੈਠੇ। ਉਹ ਪਹਿਲਾਂ ਹੀ ਇਸ ਮਰਜ਼ ਦੀ ਦੁਆਈ ਨਾਲ ਲੈ ਕੇ ਤੁਰੀ ਸੀ ਇਸ ਲਈ ਸਾਥੀ ਯਾਤਰੂ ਹੱਥਾਂ ਵਿਚ ਪਰਾਉਂਠੇ ਲੈ ਮਜ਼ੇ ਨਾਲ ਅਨੰਦ ਮਾਣ ਰਹੇ ਸਨ। ਪਹਿਲਾਂ ਮਿਥੇ ਵਕਤ, ਸੂਚੀ ਮੁਤਾਬਿਕ ਉਡਾਣ ਬਾਦ ਦੁਪਹਿਰ 3.45 ਤੇ ਹੋਣੀ ਚਾਹੀਦੀ ਸੀ ਪਰ ਹੁਣ ਤਾਂ ਸਾਢੇ ਪੰਜ ਸ਼ਾਮ ਹੋ ਗਈ ਸੀ। ਸੋ ਭੁੱਖ ਦਾ ਚਮਕਣਾ ਲਾਜ਼ਮੀ ਸੀ। ਕੋਈ ਆਖੇ ਜਾਂ ਨਾਂ,ਮੂਲ਼ੀ ਤੇ ਆਲੂ ਦੇ ਪੰਜਾਬੀ ਦੇਸੀ ਘਿਓ ਦੇ ਪਰਾਉਂਠਿਆਂ ਨੂੰ ਤੱਕ ਹਰੇਕ ਦੇ ਮੂੰਹ ਵਿਚ ਪਾਣੀ ਆਉਣ ਲੱਗਾ।ਇਕੋ ਪਰਿਵਾਰ ਦੇ ਕਈ ਮੈਂਬਰ ਰਿਸ਼ਤੇਦਾਰੀ ਵਿਚ ਪਰੋਏ ਹੋਣ ਕਾਰਣ ਸਮਾਂ ਪਾਸ ਕਰਨ ਲਈ ਮਖੌਲ ਠੱਠਾ ਵੀ ਚੱਲ ਰਿਹਾ ਸੀ। ਮੇਰਾ ਰਿਸ਼ਤਾ ਪਰਾਹੁਣੇ ਦਾ ਹੋਣ ਕਾਰਣ ਪਤਨੀ ਦੇ ਪਰਿਵਾਰ ਦੀਆਂ ਬੀਬੀਆਂ ਤੇ ਭਾਈਆਂ ਵਲੋਂ ਵੀ ਕਿਤੇ ਕਿਤੇ ਹਾਸੇ ਦੇ ਘੁੱਟ ਭਰਦਿਆਂ ਟੋਕ ਜਾਂ ਰਮਜ਼ ਦੀ ਛੇੜ ਛਾੜ ਹੋ ਜਾਣੀ ਸੁਭਾਵਕ ਹੀ ਹੁੰਦੀ ਹੈ। ਪਰਾਉਂਠੇ ਦਾ ਮਜ਼ਾ ਲੈਂਦਿਆਂ ਤੇ ਸਮਾਂ ਪਾਸ ਕਰਦਿਆਂ ਹਰ ਇਕ ਦੇ ਹੱਥ ਵਿਚ ਫੋਨ ਚੱਲ ਰਹੇ ਸਨ। ਮੈਂ ਵੀ ਆਪਣੇ ਸੈਲਰ ਫੋਨ ਰਾਹੀਂ ਕਿਸੇ ਨੂੰ ਆਪਣੀ ਯਾਤਰਾ ਦੇ ਅਰੰਭ ਬਾਰੇ ਦੱਸਦਿਆਂ, ਜੇਬ ਚੋਂ ਬਟੂਆ ਕੱਢ ਕਿਸੇ ਸੁਭਾਵਿਕ ਕਾਗਜ ਨੂੰ ਵੇਖਿਆ ਤੇ ਗੱਲਾਂ ਦੇ ਰੌਂ ਵਿਚ ਬਟੂਆ ਮੁੜ ਜੇਬ ਵਿਚ ਪਾਉਣਾ ਭੁੱਲ ਹੀ ਗਿਆ। ਉਧਰੋਂ ਏਅਰ ਵੇਜ ਦੇ ਕਾਉਂਟਰ ਤੋਂ ਉਡਾਣ ਸਬੰਧੀ ਅਨਾਉਂਸਮੈਂਟ ਨੇ ਅਚਾਨਕ ਸਾਡੇ ਸਿੱਖ ਯਾਤਰੂਆਂ ਨੂੰ ਬੋਰਡਿੰਗ ਕਾਊਂਟਰ ਵੱਲ ਤੋਰ ਦਿੱਤਾ। ਕਾਹਲੀ ਵਿਚ ਹੱਥਲੇ ਸਮਾਨ ਨੂੰ ਸੰਭਾਲ ਕੇ ਮੈਂ ਵੀ ਉਹਨਾਂ ਨਾਲ ਹੋ ਤੁਰਿਆ। ਵਾਹਵਾ ਦੂਰ ਜਾ ਕੇ ਸਾਡੇ ਸਿੱਖ ਯਾਤਰੂ ਤੇ ਸਾਰੇ ਦੋਹਾ ਕਤਰ ਜਾਣ ਵਾਲਿਆਂ ਨੇ ਕਿਸੇ ਬੱਸ ਰਾਹੀਂ ਜਹਾਜ਼ ਕੋਲ ਪਹੁੰਚਣਾ ਸੀ। ਦੋਹਾ ਜਾਣ ਵਾਲਾ ਇਹ ਜਹਾਜ਼ ਐਲ. ਏ. ਦੇ ਖੁਲ੍ਹੇ ਡੁੱਲ੍ਹੇ ਹਵਾਈ ਅੱਡੇ ਅੰਦਰ ਦੂਰ ਖੜ੍ਹਾ ਕੀਤਾ ਹੋਇਆ ਸੀ। ਜਦੋਂ ਕਾਫ਼ੀ ਦੂਰ ਤੱਕ ਇਕੱਠੇ ਚਲਦਿਆਂ ਮੈਂ ਆਮ ਸੁਭਾਵਿਕ, ਪੈਂਟ ਦੀ ਪਿਛਲੀ ਜੇਬ ਤੇ ਹੱਥ ਮਾਰ ਬਟੂਏ ਦੀ ਸੰਭਾਲ ਬਾਰੇ ਖਿਆਲ ਕੀਤਾ ਤਾਂ ਮੇਰੀ ਜੇਬ ਵਿਚੋਂ ਬਟੂਆ ਗਾਇਬ ਸੀ, ਇਕ ਦਮ ਹੈਰਾਨੀ ਹੋਈ ਤੇ ਮੈਂ ਦਲਜਿੰਦਰ ਸਿੰਘ ਨੂੰ ਘਬਰਾਹਟ ਸ਼ੋ ਕਰਦਿਆਂ ਪਰਸ ਖੋਹ ਜਾਣ ਬਾਰੇ ਤੇ ਪਿੱਛੇ, ਜਿਥੇ ਬੈਠੇ ਸੀ, ਮੁੜਨ ਬਾਰੇ ਦੱਸਿਆ ਤਾਂ ਉਹ ਕਹਿਣ ਲੱਗਾ, "ਮਾਸਟਰ ਜੀ, ਹੁਣ ਤਾਂ ਜਹਾਜ਼ ਚੱਲਣ ਵਾਲਾ ਏ,ਆਪਾਂ ਪਿਛੇ ਨਹੀਂ ਜਾ ਸਕਦੇ।" ਮੈਂ ਮੁੜ ਕੇ ਪਰਸ ਲੱਭਣਾ ਚਾਹੁੰਦਾ ਸਾਂ।ਕਿਉਂ ਕਿ ਜਰੂਰੀ ਕਾਗ਼ਜ਼ਾਂ ਸਿਵਾ ਹਜ਼ਾਰ ਡਾਲਰ ਵੀ ਬਟੂਏ ਵਿਚ ਸਨ। ਮੇਰਾ ਮੂਡ ਖਰਾਬ ਹੋ ਰਿਹਾ ਸੀ ਤੇ ਉਹ ਮੇਰੇ ਹੱਥ ਫੜ੍ਹ ਅੱਗੇ ਵੱਲ ਖਿੱਚਦਾ, ਮਿੰਨਾ ਜਿਹਾ ਮੁਸਕਰਾ ਰਿਹਾ ਸੀ। ਸਮਾਂ ਥੋੜ੍ਹਾ ਸੀ ਮੈਂ ਪਿਛਾਂਹ ਤੇ ਉਹ ਅਗਾਂਹ ਖਿੱਚ ਰਿਹਾ ਸੀ।" ਮੇਰੇ ਬਟੂਏ ਵਿਚ ਪੈਸੇ ਸਨ।" ਮੈਂ ਦੱਸਣੋਂ ਰਹਿ ਨਾ ਸਕਿਆ। "ਮਾਸਟਰ ਜੀ ਆਪਾਂ ਪਹਿਲਾਂ ਹੀ ਬੜੇ ਲੇਟ ਹਾਂ। ਹੁਣ ਤਾਂ ਕੁੱਝ ਨਹੀਂ ਨਾ ਹੋ ਸਕਦਾ? ਤੁਰੇ ਆਓ!" ਦਲਜਿੰਦਰ ਕਹਿ ਰਿਹਾ ਸੀ। ਟੁੱਟੇ ਮਨ ਨਾਲ ਮੈਂ ਨਿੰਮੋਝੂਣਾ ਹੋ ਉਸਦੇ ਧੱਕਣ ਤੇ ਉਹਨਾਂ ਨਾਲ ਤੁਰ ਰਿਹਾ ਸਾਂ। ਥੋੜਾ ਖਾਣ ਪਿਛੋਂ, ਮੇਰੀ ਸਾ.ਲ਼ੇਹਾਰ, ਮਿਸਜ ਪਾਲੀ, ਪਤਨੀ ਦਲਜਿੰਦਰ ਸਿੰਘ, ਹੱਸਦੀ ਕਹਿ ਰਹੀ ਸੀ,"ਦਿਲ ਨਾ ਛੱਡੋ, ਜਾਦੂ ਨਾਲ ਤੁਹਾਡਾ ਪਰਸ ਲੱਭ ਲਵਾਂਗੇ। ਕੁੱਝ ਫੀਸ ਲੱਗੇਗੀ" ਮੈਨੂੰ ਕੁੱਝ ਹੌਂਸਲਾ ਹੋਇਆ, "ਜੋ ਕਹੋ ਮੈਂ ਤਿਆਰ ਹਾਂ" ਮੈਂ ਪਾਲੀ ਦੇ ਹੌਂਸਲੇ ਦੀ ਦਾਦ ਦਿੰਦਿਆਂ ਜੁਆਬ ਦਿੱਤਾ।" ਇਕ ਵਧੀਆ ਸੂਟ ਮੈਨੂੰ ਲੈ ਕੇ ਦੇਣਾ ਪਵੇਗਾ। ਤੁਸੀਂ ਤਾਂ ਸੀਟ ਤੇ ਭੁੱਲ ਆਏ ਤੇ ਮੈਂ ਵੇਖ ਕੇ ਸੰਭਾਲ ਲਿਆ ਸੀ।"



ਮੈਂ ਪਾਲੀ ਦਾ ਸ਼ੁਕਰੀਆ ਕਰਦਿਆਂ ਕਿਹਾ,"ਹਾਂ! ਹਾਂ!! ਜੀਅ ਸਦਕੇ। ਕਿਉਂ ਨਹੀਂ?" ਉਸਨੇ ਮੈਨੂੰ ਪਰਸ ਪਕੜਾ ਦਿੱਤਾ। ਮੇਰੀ ਹੋਸ਼ ਵਿਚ ਹੋਸ਼ ਆਈ। ਖਰਚ ਖਾ ਲਵੋ ਗਿੱਲਾਂ ਸ਼ਿਕਵਾ ਨਹੀਂ ਹੁੰਦਾ, ਪਰੰਤੂ ਗੁਆਚ ਗਈ ਸ਼ੈਅ ਦਾ ਮਨ ਤੇ ਅਸਰ ਰਹਿੰਦਾ ਹੈ। ਇਸ ਤਰ੍ਹਾਂ ਉਸ ਗੁਰੂ ਨਾਨਕ ਸਾਹਿਬ ਦੇ ਗੁਰਧਾਮਾਂ ਦੀ ਯਾਤਰਾ ਕਰਦਿਆਂ ਸਤਿਗੁਰ ਦਾ ਲੱਖ ਲੱਖ ਧੰਨਵਾਦ ਕਰਦਿਆਂ ਅਸੀਂ ਸਿੱਖ ਯਾਤਰੂ ਪਰਿਵਾਰ ਦੋਹਾ ਕਤਰ ਲਈ ਜਹਾਜ਼ ਵਿਚ ਜਾ ਵੜੇ ਤੇ ਬੋਰਡਿੰਗ ਪਾਸ ਤੇ ਦਰਜ ਸੀਟਾਂ ਮੁਤਾਬਿਕ ਬੈਠ ਕੇ ਜਹਾਜ਼ ਚੱਲਣ ਦੀ ਇੰਤਜ਼ਾਰ ਕਰਨ ਲਗੇ।

(ਚਲਦਾ)

## ਰਾਜਪਾਲ ਦੇ ਫੋਨ ਨਾਲ ਮਹਿਬੂਬਾ ਦੇ ਕਾਰਜਕਾਲ ਦਾ ਹੋਇਆ ਅੰਤ



ਸ੍ਰੀਨਗਰ- ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮ-ਹਬੂਬਾ ਮੁਫ਼ਤੀ ਦਾ ਕਾਰਜਕਾਲ ਰਾਜਪਾਲ ਐਨ ਐਨ ਵੋਹਰਾ ਵੱਲੋਂ ਕੀਤੇ ਗਏ ਟੈਲੀਫੋਨ ਨਾਲ ਅਚਾਨਕ ਖਤਮ ਹੋ ਗਿਆ। ਰਾਜਪਾਲ ਨੇ ਫੋਨ ਕਰ ਕੇ ਉਨ੍ਹਾਂ ਨੂੰ ਦੱਸਿਆ ਕਿ ਭਾਜਪਾ ਨੇ ਪੀਡੀਪੀ ਨੂੰ ਦਿੱਤੀ ਹਮਾਇਤ ਵਾਪਸ ਲੈ ਲਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਰੋਜ਼ਾਨਾ ਵਾਂਗ ਸਿਵਲ ਸਕੱਤਰੇਤ ਵਿਚਲੇ ਆਪਣੇ ਦਫ਼ਤਰ ਵਿੱਚ ਕੰਮ ਕਰ ਰਹੇ ਸਨ ਕਿ ਮੁੱਖ ਸਕੱਤਰ ਬੀ ਬੀ ਵਿਆਸ ਨੂੰ ਆਏ ਫੋਨ 'ਤੇ ਮੁੱਖ ਮੰਤਰੀ ਦਾ ਕਾਰਜਕਾਲ ਖ਼ਤਮ ਹੋਣ ਦਾ ਇਸ਼ਾਰਾ ਮਿਲਿਆ। ਰਾਜਪਾਲ ਨੇ ਸ੍ਰੀ ਵਿਆਸ ਤੋਂ ਪੁੱਛਿਆ ਕਿ ਮੁੱਖ ਮੰਤਰੀ ਕਿਥੇ ਹਨ ਅਤੇ ਉਨ੍ਹਾਂ ਦੀ ਗੱਲ ਮੁਫ਼ਤੀ ਨਾਲ ਕਰਾਉਣ ਲਈ ਕਿਹਾ। ਇਹ ਭਾਜਪਾ ਜਨਰਲ ਸਕੱਤਰ ਰਾਮ ਮਾਧਵ ਦੇ ਕੌਮੀ ਰਾਜਧਾਨੀ ਦਿੱਲੀ ਵਿੱਚ ਦੋ ਵਜੇ ਦੇ ਕਰੀਬ ਇਸ ਫੈਸਲੇ ਦਾ ਐਲਾਨ ਕਰਨ ਲਈ ਸੱਦੀ ਪ੍ਰੈਸ ਕਾਨਫਰੰਸ ਤੋਂ ਮਹਿਜ਼ ਇਕ ਮਿੰਟ ਪਹਿਲਾਂ ਸੀ। ਵਿਆਸ ਨੇ ਰਾਜਪਾਲ ਦੀ ਮੁੱਖ ਮੰਤਰੀ ਨਾਲ ਗੱਲ ਕਰਵਾਈ ਜਿਨ੍ਹਾਂ ਨੇ ਉਨ੍ਹਾਂ ਨੂੰ ਭਾਜਪਾ ਦੇ ਫੈਸਲੇ ਬਾਰੇ ਦੱਸਿਆ।

ਲੜਕੇ-ਲੜਕੀਆਂ ਲਈ ਵਰ ਦੀ ਲੋੜ ਹੋਵੇ ਤਾਂ

ਤੁਸੀਂ ਆਪਣੇ ਬੱਚਿਆਂ ਲਈ ਚੰਗੇ ਵਰ ਲੱਭ ਰਹੇ ਹੋ ਤਾਂ ਅਮਰੀਕਾ, ਕੈਨੇਡਾ ਵਿਚ
ਰਾਮਗੜ੍ਹੀਆਂ ਦੇ ਬੱਚਿਆਂ ਵਾਸਤੇ ਰਾਮਗੜ੍ਹੀਆ ਮੈਟਰੀਮੋਨੀਅਲ ਸੇਵਾ ਵਾਲੇ
ਹਰਬੰਸ ਸਿੰਘ ਬਾਂਸਲ ਨੂੰ ਫੋਨ ਕਰੋ:
647-234-4082
harbanssbansal@gmail.com

Low Rate Loans



Real Estate Loans
Construction Loans
Commercial Loans
Business Loans
Apartment Loans
Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ,
ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-
(408) 307-6331

# ਗੰਦਾ ਖਾਣਾ ਤੇ ਖੁਆਉਣਾ, ਖੁਸ਼ੀਆਂ ਖੁਆਰ



ਰਾਮ ਹਰਸਿਮਰਨ ਸਿੰਘ ਐਮ. ਏ
510-355-2040
rhsingh2018@gmail.com

ਵਾਹਿਗੁਰੂ ਨੇ ਪੰਜਾਬੀਆਂ ਨੂੰ ਇਕ ਬੜੀ ਵੱਡੀ ਬਖਸ਼ਿਸ਼ ਕੀਤੀ ਹੈ, ਖੁੱਲ੍ਹ ਕੇ ਖਾਣ-ਪੀਣ ਦੀ ਤੇ ਖੁੱਲ੍ਹ ਕੇ ਖੁਆਉਣ-ਪਿਆਉਣ ਦੀ। ਵੈਸੇ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਚਲੇ ਜਾਓ, ਹਰ ਕੋਈ ਤੁਹਾਡਾ ਸਵਾਗਤ ਖਾਣ ਜਾਂ ਪੀਣ ਦੀਆਂ ਚੀਜ਼ਾਂ ਨਾਲ ਕਰੇਗਾ। ਸੋ ਇਹ ਇਕ ਅਟੁੱਟ ਅੰਗ ਹੈ ਸਮਾਜ ਦਾ। ਪਰ ਪਿਛਲੇ ਕੁਝ ਦਹਾਕਿਆਂ ਤੋਂ ਬਾਹਰੋਂ ਖਾਣ-ਪੀਣ ਦੀ ਰਵਾਇਤ ਬੜੀ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ। ਜੇਕਰ ਘਰ ਦਾ ਸੁਆਦਲਾ ਖਾਣਾ ਬੇ-ਸੁਆਦ ਹੋ ਗਿਆ ਹੈ ਤਾਂ ਚਲੋ ਬਾਹਰ ਕਿਸੇ ਚੰਗੇ ਜਿਹੇ ਰੈਸਟੋਰੈਂਟ 'ਤੇ। ਤੁਸੀਂ ਸਫਰ ਕਰ ਰਹੇ ਹੋ ਤਾਂ ਤੁਹਾਨੂੰ ਘਰੋਂ ਖਾਣਾ ਬੰਨ੍ਹ ਕੇ ਲਿਜਾਣ ਦੀ ਜ਼ਰੂਰਤ ਨਹੀਂ, ਰਸਤੇ ਵਿਚ ਹੀ ਪਰੌਂਠੇ ਤੇ ਤੜਕੇ ਵਾਲੀ ਦਾਲ ਮਿਲ ਜਾਏਗੀ। ਇਸ ਚੀਜ਼ ਦਾ ਸੁੱਖ ਵੀ ਏ, ਦੂਜਾ ਪਾਸਾ ਜਿਹੜਾ ਸਾਨੂੰ ਸੁਆਦਲੇ ਖਾਣੇ ਤੋਂ ਉਪਰ ਜਾਂ ਓਹਲੇ ਨਹੀਂ ਦਿੱਸਦਾ। ਜਿੱਥੇ ਖਾਣਾਬਣ ਕੇ ਆਉਂਦਾ ਹੈ, ਉਹ ਵੀ ਬਿਲਕੁਲ ਖਾਣੇ ਦੇ ਸੁਆਦ ਵਾਂਗ ਸਾਫ-ਸੁਥਰਾ ਹੋਵੇਗਾ, ਇੰਝ ਖਿਆਲ ਚਲਦੇ ਹੁੰਦੇ ਨੇ ਟੇਬਲ 'ਤੇ ਬੈਠਿਆਂ ਦੇ।

ਜਦੋਂ ਵੀ ਵਿਦੇਸ਼ਾਂ ਤੋਂ ਪੰਜਾਬ ਦੀ ਧਰਤੀ ਨੂੰ ਚਾਅ ਨਾਲ ਚੁੰਮਣ ਜਾਈਦਾ, ਦਿੱਲੀ ਤੋਂ ਜਾਂਦੇ ਹੋਏ ਰਸਤੇ ਵਿਚ ਢਾਬਿਆਂ ਤੋਂ ਖਾਣ ਦਾ ਹਰ ਕੋਈ ਸ਼ੌਕੀਨ ਹੁੰਦਾ। ਤੜਕੇ ਵਾਲੀ ਕਾਲੀ ਦਾਲ ਤੇ ਆਲੂਆਂ ਵਾਲੇ ਮਹਿਕਦੇ ਗਰਮ-ਗਰਮ ਪਰੌਂਠੇ। 'ਆ-ਹਾ ਆ ਗਏ ਵੀ ਪੰਜਾਬ 'ਚ ਬਦੋਬਦੀ ਮੂੰਹੋਂ ਨਿਕਲ ਜਾਂਦਾ ਪਰ ਥੋੜ੍ਹੇ ਦਿਨ ਹੋਏ ਕੋਈ ਸੱਜਣ ਸਹਿਤ ਮਹਿਕਮੇ ਨੂੰ ਨਾਲ ਲੈ ਕੇ ਦਿੱਲੀ ਤੋਂ ਬਾਹਰ ਇਕ ਮਸ਼ਹੂਰ ਢਾਬੇ 'ਤੇ ਪਹੁੰਚ ਗਿਆ। ਤਕਰੀਬਨ ਹਰ ਇਕ ਪੰਜਾਬੀ ਜਦੋਂ ਵੀ ਦਿੱਲੀ ਆਉਂਦਾ-ਜਾਂਦਾ, ਉਸ ਢਾਬੇ 'ਤੇ ਰੁਕ ਹੀ ਜਾਂਦਾ। ਪਰ ਜਿਹੜਾ ਨਜ਼ਾਰਾ ਉਸ ਵੀਰ ਨੇ ਆਪਣੇ ਮੋਬਾਇਲ ਤੇ ਵੀਡੀਓ ਬਣਾ ਕੇਦਿਖਾਇਆ, ਖਾਧਾ ਹੋਇਆ ਸਾਰਾ ਸਮਾਨ ਬਾਹਰੋਂ ਆਉਣ ਨੂੰ ਕਰਦਾ ਸੀ। ਉਸ ਢਾਬੇ ਦੀ ਕਮਾਈ ਬਹੁਤੀ ਨਹੀਂ ਤਾਂ 30 ਤੋਂ 40 ਹਜ਼ਾਰ ਤਾਂ ਇਕ ਹਫਤੇ ਦੀ ਪੱਕੀ ਹੁੰਦੀ ਹੋਣੀ, ਜਿਵੇਂ ਉਹਨਾਂ ਦੀ ਰੇਟ ਲਿਸਟ ਹੈ।

ਉਹ ਸੱਜਣ ਪਿੱਛੇ ਖੁੱਲ੍ਹੇ ਅਸਮਾਨ ਵਿਚ ਪਏ ਮੱਖੀਆਂ ਵਾਲੇ ਆਟੇ, ਉਲੀ ਵਾਲੇ ਬਰੈਡ, ਸੁੰਡੀਆਂ ਵਾਲੇ ਟਮਾਟਰ ਪੁੱਛੋ ਨਾ ਕੁਝ। ਕੀ ਹਾਲ ਸੀ। ਇੰਨਾ ਗੰਦ ਉਹ ਵੀ ਇਨਸਾਨ ਜਾਨਵਰਾਂ ਨੂੰ ਵੀ ਨਾ ਪਾਵੇ, ਜਿਹੜੇ ਇਹ ਰਾਹ-ਗੀਰਾਂ ਨੂੰ ਖੁਆਉਂਦੇ ਹਨ।

ਸਿਆਣੇ ਸੱਚ ਹੀ ਆਖਦੇ ਭਈ ਅੱਖੀਂ ਵੇਖ ਕੇ ਨਹੀਂ ਖਾਧਾ ਜਾਂਦਾ ਪਰ ਜਦੋਂ ਮੈਂ ਇਸ ਗੱਲ ਦੀ ਤਹਿ ਵਿਚ ਪਹੁੰਚਿਆ ਤਾਂ ਪਤਾ ਲੱਗਾ, ਸੱਚੀਂ ਜਿਹੜਾ ਖਾਣਾ ਅੱਖਾਂ ਤੋਂ ਪਰ੍ਹੇ ਬਣਦਾ, ਉਹ ਖਾਣਾ ਖਾਣ ਯੋਗ ਨਹੀਂ ਹੁੰਦਾ। ਪੰਜਾਬ ਵਿਚ ਇਕ ਬਹੁਤ ਵੱਡਾ ਪੰਜ ਸਿਤਾਰਾ ਹੋਟਲ, ਕੁੱਤੇ ਦਾ ਮਾਸ ਖੁਆਉਂਦਾ ਫੜਿਆ ਗਿਆ। ਇਸ ਤੋਂ ਚੰਗੇ ਰੇੜੀਆਂ ਵਾਲੇ ਨੇ, ਜਿਹੜੇ ਘੱਟ ਤੋਂ ਘੱਟ ਤੁਹਾਡੀਆਂ ਅੱਖਾਂ ਦੇ ਸਾਹਮਣੇ ਤਾਂ ਪੂੜੀਆਂ ਤਲਦੇ ਨੇ, ਸਬਜ਼ੀ ਪਤੀਲੇ ਵਿਚੋਂ ਹੀ ਕੱਢਦੇ ਨੇ, ਮੱਛੀ ਵਲੇ ਪਕੌੜੇ ਮੱਛੀ ਦੇ ਹੀ ਬਣਾਉਂਦੇ ਨੇ ਕਿਉਂਕਿ ਸਾਹਮਣੇ ਹੀ ਤਲਦੇ ਹਨ। ਬੱਕਰੇ ਵਿਚ ਇਕ ਹੀ ਕਲੇਜੀ ਹੁੰਦੀ ਹੈ ਪਰ ਵਿਆਹਾਂ ਤੇ ਤਾਂ ਪੰਜਾਹ ਕਿਲੋ ਕੱਲੀ ਕਲੇਜੀ ਆਰਡਰ ਕੀਤੀ ਜਾਂਦੀ ਹੈ, ਮਤਲਬ ਦੋ ਸੈਂਖੜੇ ਬੱਕਰੇ ਵਿਚਾਰ ਫਨਾਹ ਤੇ ਫਿਰ ਉਹਨਾਂ ਦਾ ਬਾਕੀ ਬਚਦਾ ਮਾਸ ਕਿੱਥੇ ਜਾਂਦਾ ਹੈ। ਅਸਲ ਵਿਚ ਕਲੇਜੀ ਬੱਕਰੀ ਦੀ ਕਹਿ ਕੇ ਮੱਝਾਂ ਗਾਵਾਂ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਜਾਨਵਰਾਂ ਦੀ ਖੁਆਈ ਜਾਂਦੀ ਹੈ। ਅਸੀਂ ਸੁਆਦ ਲੈ ਲੈ ਖਾਈ ਵੀ ਜਾਂਦੇ ਹਾਂ ਪਰ ਪੁੱਛਦੇ ਨਹੀਂ ਵੀ, ਇੰਨੇ ਵਿਆਹ ਹੁੰਦੇ ਨੇ ਇੰਨੀ ਕਲੇਜੀ ਆਉਂਦੀ ਕਿੱਥੋਂ ਹੈ?

'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ'। ਬੜਾ ਸੁਣਿਆ, ਸੱਚੀਂ ਘਰ ਤੋਂ ਬਾਹਰ ਤਾਂ ਗੰਦ ਖਾਣ ਦੇ ਬਰਾਬਾ ਹੀ ਹੈ। ਦਾਲ ਮਹੀਨਾ ਪੁਰਾਣੀ ਬਣਾ ਕੇ ਤੜਕੇ ਲਾ-ਲਾ ਖੁਆਈ ਜਾਂਦੀ ਹੈ। ਇਕ ਕੋਲਡ ਡਰਿੰਕ ਵਿਚ ਤਕਰੀਬਨ 8 ਚਮਚੇ ਖੰਡ ਹੁੰਦੀ ਹੈ, ਤੁਸੀਂ ਖਾ ਸਕਦੇ ਹੋ। ਇਕੋ ਵੇਲੇ ਅੱਠ ਚਮਚ, ਨਹੀਂ ਪਰ ਉਹ ਤੁਹਾਨੂੰ ਪਿਆ ਸਕਦੇ ਨੇ ਤੇ ਤੁਸੀਂ ਸ਼ਾਨ ਨਾਲ ਪੀ ਸਕਦੇ ਹੋ। ਸ਼ੂਗਰ, ਬਲੱਡ ਪ੍ਰੈਸ਼ਰ, ਹੋਰ ਬਿਮਾਰੀਆਂ ਦਾ ਸਿੱਧਾ ਸਬੰਧ ਖਾਣ-ਪੀਣ ਨਾਲ ਹੈ। ਬਿਮਾਰੀਆਂ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ, ਮਾਨਸਿਕ, ਪੇਟ ਤੋਂ, ਹਾਦਸੇ ਕਾਰਨ ਆਈਆਂ ਪਰ ਖਾਣ ਦਾ ਸਬੰਧ ਮਾਨਸਿਕ ਅਤੇ ਪੇਟ ਨਾਲ ਸਿੱਧਾ-ਸਿੱਧਾ ਹੈ। ਗੰਦਾ ਖਾਣਾ ਖਾਣ ਨਾਲ ਬਿਮਾਰ ਹੋਏ ਹੋ ਤਾਂ ਸਹੀ ਖਾਣ ਨਾਲ ਹੀ ਠੀਕ ਹੋਵੋਗੇ।

ਇਸੇ ਨੂੰ ਹੀ ਆਹਾਰ ਚਕਿਤਸਕ ਕਿਹਾ ਜਾਂਦਾ ਹੈ। ਪੀਲੀ ਦਾਲ ਘਰ ਵਿਚ ਉਦੋਂ ਹੀ ਬਣਦੀ ਹੈ ਜਦੋਂ ਕੋਈ ਬਿਮਾਰ ਹੁੰਦਾ ਹੈ। ਜੇਕਰ ਪਹਿਲੋਂ ਬਣਦੀ ਖੌਰੇ ਬਿਮਾਰ ਹੀ ਨਾ ਹੁੰਦੇ। ਦੇਸੀ ਘਿਓ ਬਹੁਤ ਉਤਮ ਤੇ ਅਣਗਿਣਤ ਫਾਇਦਿਆਂ ਵਾਲੀ ਚੀਜ਼ ਹੈ ਪਰ ਪੈਸੇ ਕਮਾਉਂਦੇ ਡਾਕਟਰਾਂ ਨੇ ਪਿੱਟ-ਪਿੱਟਕੇ ਰੌਲਾ ਪਾਇਆ ਤੇ ਘਿਓ ਘਰੋਂ ਬਾਹਰ ਤੇ ਦਵਾਈਆਂ ਅੰਦਰ ਆ ਗਈਆਂ। ਸਾਡੇ ਲੰਗਰ ਦੀ ਮਰਿਆਦਾ ਵੀ ਪੀਲੀ ਜਾਂ ਕਾਲੀ ਦਾਲ ਤੇ ਪ੍ਰਸ਼ਾਦਾ, ਬਾਕੀ ਪੀਜ਼ੇ, ਬਰਗਰ, ਆਈਸ-ਕਰੀਮਾਂ ਸਾਡੇ ਖਾਣ ਦੀ ਚਾਹਤ ਨੇ ਹੀ ਲੰਗਰਾਂ ਵਿਚ ਲੈ ਕੇ ਆਂਦੀਆਂ ਨੇ।

ਗੁਰਬਾਣੀ ਵਿਚ ਬੜਾ ਸੋਹਣਾ ਲਿਖਿਆ ਹੈ ਕਿ ਜ਼ਿਆਦਾ ਸੌਣਾ ਤੇ ਜ਼ਿਆਦਾ ਖਾਣਾ ਠੀਕ ਨਹੀਂ। ਪਰ ਅਸੀਂ ਉਲਟ ਹਾਂ- ਖਾਂਦੇ ਵੀ ਜ਼ਿਆਦਾ ਤੇ ਸੌਂਦੇ ਵੀ। ਰਾਤ ਨੂੰ ਬਿਲਕੁਲ ਖਾਲੀ ਪੇਟ ਸੌਣਾ ਚਾਹੀਦਾ ਹੈ ਪਰ ਰਾਤ ਨੂੰ ਤਾਂ ਅਸੀਂ ਇਵੇਂ ਰੱਜ ਕੇ ਸੌਂਦੇ ਹਾਂ ਜਿਵੇਂ ਸਵੇਰੇ ਸਾਰੀ ਦੁਨੀਆਂ ਵਿਚੋਂ ਖਾਣਾ ਹੀ ਖਤਮ ਹੋ ਜਾਣਾ। ਖਾਣਾ ਖਾਂਦੇ ਹੋਏ ਜ਼ਿਆਦਾ ਚੱਬਣਾ ਚਾਹੀਦਾ ਹੈ, ਉਸਦਾ ਮਤਲਬ ਇਹ ਹੈ ਕਿ ਖਾਣਾ ਜਲਦੀ ਪੇਸਟ ਬਣ ਕੇ ਪਚੇਗਾ ਤੇ ਦੂਜਾ ਵੱਡਾ ਫਾਇਦਾ ਇਹ ਹੈ ਕਿ ਤਕਰੀਬਨ ਵੀਹ ਮਿੰਟ ਬਾਅਦ ਸਾਡਾ ਦਿਮਾਗ ਸਾਨੂੰ ਦੱਸ ਦਿੰਦਾ ਹੈ ਕਿ ਤੁਸੀਂ ਰੱਜ ਗਏ। ਇਹ ਸਾਰੀਆਂ ਗੱਲਾਂ ਵਿਗਿਆਨ ਨੇ ਸਿੱਧ ਕਰ ਦਿੱਤੀਆਂ ਨੇ। ਅਸੀਂ ਤਾਂ ਇਕ ਟੀਚਾ ਰੱਖਿਆ ਕਿ ਜਦੋਂ ਵੱਡੇ ਡਕਾਰ ਆ ਗਏ, ਸਮਝ ਲਵੋ ਰੱਜ ਗਏ। ਖਾਣਾ ਖਾਂਦੇ ਹੋਏ ਜ਼ਿਆਦਾ ਸਮਾਂ ਲਗਾਓਗੇ, ਅਧਾ ਖਾਣਾ ਬਚ ਜਾਵੇਗਾ।

ਥੱਲੇ ਬੈਠ ਕੇ ਖਾਣ ਨਾਲ ਜਲਦੀ ਪਚਦਾ ਹੈ। ਗੋਰੇ ਸਾਰੇ ਦੇਸੀ ਤਰੀਕੇ ਅਪਣਾ ਕੇ ਚੰਗੀਆਂ ਸਿਹਤਾਂ ਵੱਲ ਜਾ ਰਹੇ ਹਨ ਅਤੇ ਅਸੀਂ ਉਹਨਾਂ ਦੀਆਂ ਛੱਡੀਆਂ ਹੋਈਆਂ ਚੀਜ਼ਾਂ ਅਪਣਾ ਕੇ ਆਪਣੀ ਸਿਹਤ ਦਾ ਸੱਤਿਆਨਾਸ ਕਰ ਰਹੇ ਹਾਂ।

ਜੇਕਰ ਤੁਸੀਂ ਆਪ ਉਹ ਚੀਜ਼ ਖਾ ਰਹੇ ਹੋ ਤਾਂ ਕਿਸੇ ਨੂੰ ਵੀ ਖਵਾ ਸਕਦੇ ਹੋ ਪਰ ਸਿਰਫ ਪੈਸੇ ਕਮਾਉਣ ਖਾਤਰ ਗੰਦਾ ਖਾਣਾ ਖੁਆਉਂਦੇ, ਪਰਮਾਤਮਾ ਨਾਲ ਸ਼ਰੀਕਾ ਕਮਾਉਣਾ ਹੈ ਕਿਉਂਕਿ ਪ੍ਰਮਾਤਮਾ ਦੀ ਇਕ ਵੱਡੀ ਕ੍ਰਿਤ ਮਨੁੱਖੀ ਜਾਮਾ ਏ।

ਸਾਡੇ ਪੁਰਾਣੇ ਖਾਣੇ ਉਤਮ ਸਨ। ਘਿਓ, ਦਹੀਂ, ਲੱਸੀ, ਬਾਜਰੇ ਦੀ ਰੋਟੀ ਤੇ ਉਹ ਵੀ ਮਾਂ ਦੇ ਹੱਥਾਂ ਦੀ ਬਣੀ, ਆਨੰਦ ਆ ਜਾਂਦਾ। ਸਾਗ ਦੀ ਤੌੜੀ ਤੇ ਮੱਕੀ ਦੀਆਂ ਰੋਟੀਆਂ। ਤਾਂ ਹੀ ਤਾਂ ਗੀਤਕਾਰ ਕਹਿੰਦਾ 'ਮੇਰੇ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਣਨੂੰ ਬੜਾ ਚਿੱਤ ਕਰਦਾ'। ਮਾਂ ਹੀ ਦੁਨੀਆਂ ਤੇ ਸਿਰਫ ਇਕੋ ਇਕ ਐਸਾ ਕੁੱਕ ਹੈ ਜਿਹੜਾ ਤੁਹਾਨੂੰ ਸਾਰੀ ਉਮਰ ਬਾਸੀ, ਗੰਦਾ, ਨਾਪਸੰਦ ਖਾਣਾ ਕਦੀ ਨਹੀਂ ਦਿੰਦਾ, ਜੰਮਣ ਤੋਂ ਲੈ ਕੇ ਤੁਹਾਡੇ ਨਾਂਲ-ਨਾਲ। ਚੀਨ ਦੇ ਇਕ ਡਾਕਟਰ ਦੀ ਉਮਰ ਇਕ ਸੌ ਚੌਦਾਂ ਸਾਲ ਹੈ ਤੇ ਉਸਨੂੰ ਤਕਰੀਬਨ ਪਚਾਨਵੇਂ ਸਾਲ ਹੋ ਗਏ ਡਾਕਟਰੀ ਕਰਦੇ ਨੂੰ। ਉਸਦਾ ਕਹਿਣਾ ਹੈ ਕਿ ਸਭ ਕੁਝ ਡਾਕਟਰ ਦੀ ਨਾ ਮੰਨੋ, ਆਪਣੇ ਸਰੀਰ ਦੀ ਖੋਜ ਆਪ ਕਰੋ। ਰਾਤ ਨੂੰ ਭੁੱਖੇ ਸੌਂਵੋ।ਕਦੀ ਵੀ ਰਿਟਾਇਰਮੈਂਟ ਨਾ ਲਵੋ ਤੇ ਜ਼ਿੰਦਗੀ ਨੂੰ ਬੱਚਿਆਂ ਵਾਂਗ ਮਾਣੋ।

ਸਾਡੇ ਕੋਲੋਂ ਤਾਂ ਬੁਰਸ਼ ਕਰਨ ਵਾਲੀ ਪਾਣੀ ਦੀ ਟੂਟੀ ਬੰਦ ਨਹੀਂ ਹੁੰਦੀ। ਬਾਲਟੀ ਵਿਚ ਪਾਣੀ ਬੇਅਰਥ ਹੋ ਜਾਂਦਾ ਹੈ। ਇਹ ਗੱਲਾਂ ਤਾਂ ਵੱਡੀਆਂ ਲੱਗਣਗੀਆਂ। ਅੰਦਰ ਕੂੜਾ ਨਹੀਂ, ਫੁੱਲ ਭਰੋ। ਮਹਿਕ ਆਵੇਗੀ। ਸਰੀਰ ਤੁਹਾਡਾ ਕੂੜਾਦਾਨ ਨਹੀਂ ਏ। ਖਾਣੇ ਦਾ ਅਸਰ ਤੁਹਾਡੀ ਸੋਚ ਤੇ ਪੈਂਦਾ ਹੈ ਤੇ ਸੋਚ ਤੁਹਾਡਾ ਆਰਚਣ ਬਣਦੀ ਹੈ। ਸਾਡਾ ਹਾਲ ਤਾਂ ਭੋਲੂ ਵਰਗਾ ਹੈ। ਇਕ ਦਿਨ ਉਹਦੀ ਮਾਂ ਕਹਿੰਦੀ ਪੁੱਤ ਆਟਾ ਮੁੱਕਾ ਏ ਖੀਰ ਹੀ ਖਾ ਲੈ ਅੱਜ। ਪੰਜ-ਸੱਤ ਵੱਡੇ-ਵੱਡੇ ਕੌਲੇ ਖਾ ਕੇ ਕਹਿੰਦਾ, ਮਾਂ ਖੀਰ ਦਾ ਹਿਸਾਬ ਕਿਤਾਬ ਨਹੀਂ ਲੱਗਦਾ, ਤੂੰ ਮੈਨੂੰ ਪੰਦਰਾਂ ਕੁ ਰੋਟੀਆਂ ਹੀ ਲਾਹ ਦੇ। ਆਟਾ ਤੈਨੂੰ ਮੈਂ ਚੱਕੀ ਤੋਂਲਿਆ ਦਿੰਦਾ ਹਾਂ।

# ਸਿੰਗਾਪੁਰ 'ਚ ਟਰੰਪ ਤੇ ਕਿਮ ਦੇ ਅਮਨ ਤਰਾਨੇ





ਕੇ.ਸੀ. ਸਿੰਘ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਡੀਪੀਆਰ ਕੋਰੀਆ (ਉੱਤਰੀ ਕੋਰੀਆ) ਦੇ ਤਾਨਾਸ਼ਾਹ ਕਿਮ ਜੌਂਗ-ਉਨ ਵਿਚਕਾਰ ਸਿੰਗਾਪੁਰ ਵਿਚ ਹੋਈ ਸਿਖ਼ਰ ਵਾਰਤਾ ਨੂੰ ਪੂਰੀ ਦੁਨੀਆਂ ਨੇ ਜੇ ਤੌਖ਼ਲਿਆਂ ਨਾਲ ਨਹੀਂ, ਤਾਂ ਸਮਝਣ-ਸਮਝਾਉਣ ਵਾਲੀ ਦਿਲਚਸਪੀ ਨਾਲ ਜ਼ਰੂਰ ਦੇਖਿਆ ਹੈ। ਟਰੰਪ ਦੀ ਸ਼ਖ਼ਸੀ ਭਰੋਸੇਯੋਗਤਾ ਦਾਅ ਉੱਪਰ ਲੱਗੀ ਹੋਈ ਸੀ ਕਿਉਂਕਿ ਪਿਛਲੇ ਕਰੀਬ ਢਾਈ ਦਹਾਕਿਆਂ ਦੌਰਾਨ ਬਿਲ ਕਲਿੰਟਨ, ਜਾਰਜ ਡਬਲਿਊ ਬੁਸ਼ ਅਤੇ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਸੰਧੀਆਂ ਤੇ ਸਮਝੌਤੇ ਤਾਂ ਬਥੇਰੇ ਹੋਏ ਪਰ ਇਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕਦੇ ਵੀ ਨਹੀਂ ਹੋਈ। ਇਥੇ ਮਾਮਲਾ ਕੋਰੀਅਨ ਪ੍ਰਾਇਦੀਪ ਵਿਚ ਸੰਤੁਲਨ, ਇਸ ਦੀ ਪਰਮਾਣੂ ਹਥਿਆਰਾਂ ਤੋਂ ਮੁਕਤੀ ਅਤੇ ਹੋਰ ਖ਼ਿੱਤਿਆਂ ਤੇ ਇਰਾਨ ਵਰਗੇ ਮੁਲਕਾਂ ਉਪਰ ਪੈਣ ਵਾਲੇ ਪ੍ਰਭਾਵ ਦਾ ਹੈ। ਇਸ ਦਾ ਪ੍ਰਭਾਵ ਚੀਨ ਦੀਆਂ ਰਣਨੀਤਕ ਗਿਣਤੀਆਂ-ਮਿਣਤੀਆਂ ਅਤੇ ਇਸ ਦੇ ਜਿੱਚ ਕਰਨ ਵਾਲੇ ਪਿੱਛਲੱਗਾਂ ਨਾਲ ਸਬੰਧਾਂ ਉਪਰ ਵੀ ਪੈਣ ਦੀ ਸੰਭਾਵਨਾ ਹੈ।

ਭਾਰਤ ਨੇ ਜਦੋਂ ਮਈ 1998 ਵਿਚ ਪਰਮਾਣੂ ਅਜ਼ਮਾਇਸ਼ ਕੀਤੀ ਸੀ ਤਾਂ ਇਸ ਨੂੰ ਪੱਛਮੀ ਮੁਲਕਾਂ ਦੀ ਨਾਰਾਜ਼ਗੀ ਝੱਲਣੀ ਪਈ ਸੀ। ਇਸ ਦਾ ਤਰਕ ਨਾਲ ਜਵਾਬ ਦਿੱਤਾ ਗਿਆ ਹਾਲਾਂਕਿ ਇਹ ਇਤਫ਼ਾਕ ਸੀ ਕਿ ਉਸ ਸਮੇਂ ਚੀਨ ਵੱਲੋਂ ਲੁਕਵੇਂ ਢੰਗ ਨਾਲ, ਪਾਕਿਸਤਾਨ ਨਾਲ ਪਰਮਾਣੂ ਬੰਬ ਤਕਨਾਲੋਜੀ ਅਤੇ ਉਤਰੀ ਕੋਰੀਆ ਨਾਲ ਮਿਜ਼ਾਈਲ ਤਕਨਾਲੋਜੀ ਸਾਂਝੀ ਕੀਤੀ ਗਈ। ਫਿਰ ਪਾਕਿਸਤਾਨ ਤੇ ਉਤਰੀ ਕੋਰੀਆ ਨੇ ਦੋਵਾਂ ਤਕਨਾਲੋਜੀਆਂ ਨੂੰ ਉਦੋਂ ਆਪਸ ਵਿਚ ਸਾਂਝਾ ਕਰ ਲਿਆ ਜਦੋਂ ਤਤਕਾਲੀ ਪਾਕਿਸਤਾਨੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਉੱਤਰੀ ਕੋਰੀਆ ਦੀ ਰਾਜਧਾਨੀ ਪਿਓਂਗਯਾਂਗ ਦੀ ਯਾਤਰਾ 'ਤੇ ਗਏ ਸਨ। ਇਸ ਸਮੁੱਚੇ ਅਮਲ ਨੂੰ ਵੱਡੀਆਂ ਤਾਕਤਾਂ ਨੇ ਉਸ ਵੇਲੇ ਨਜ਼ਰਅੰਦਾਜ਼ ਕਰ ਦਿੱਤਾ। ਰਣਨੀਤਕ ਤੌਰ 'ਤੇ ਚੀਨ ਕਈ ਦਹਾਕੇ ਪਹਿਲਾਂ ਹੀ ਇਹ ਮੰਨ ਚੁੱਕਾ ਸੀ ਕਿ ਏਸ਼ੀਆ ਵਿਚ ਉਸ ਦੇ ਦਬਦਬੇ ਨੂੰ ਕੇਵਲ ਭਾਰਤ ਅਤੇ ਦੱਖਣੀ ਕੋਰੀਆ-ਜਾਪਾਨ ਵੱਲੋਂ ਚੁਣੌਤੀ ਮਿਲ ਸਕਦੀ ਹੈ। ਅਜਿਹੀ ਚੁਣੌਤੀ ਨਾਲ ਸਿੱਝਣ ਲਈ ਇੱਕ ਪਾਸੇ ਪਾਕਿਸਤਾਨ ਨੂੰ ਭਾਰਤ ਖ਼ਿਲਾਫ਼ ਹੁਸ਼ਿਆਰ ਕੀਤਾ ਗਿਆ ਅਤੇ ਦੂਜੇ ਪਾਸੇ ਦੱਖਣੀ ਕੋਰੀਆ ਤੇ ਜਪਾਨ ਖ਼ਿਲਾਫ਼ ਉੱਤਰੀ ਕੋਰੀਆ ਵਾਲਾ ਹਊਆ ਖੜ੍ਹਾ ਕੀਤਾ ਗਿਆ।

ਇਰਾਨ ਵੱਲੋਂ ਸਿੰਗਾਪੁਰ ਦੀਆਂ ਗਤੀਵਿਧੀਆਂ ਉਪਰ ਧਿਆਨਪੂਰਬਕ ਨਜ਼ਰ ਰੱਖੀ ਜਾ ਰਹੀ ਸੀ ਅਤੇ ਉਸ ਨੇ ਟਰੰਪ-ਕਿਮ ਸਿਖ਼ਰ ਵਾਰਤਾ ਸ਼ੁਰੂ ਹੋਣ ਤੋਂ ਪਹਿਲਾਂ ਸਵੇਰ ਸਮੇਂ ਹੀ ਚਿਤਾਵਨੀ ਜਾਰੀ ਕਰ ਦਿੱਤੀ ਸੀ ਕਿ ਉੱਤਰੀ ਕੋਰੀਆ ਨੂੰ ਇਰਾਨ ਨਾਲ ਹੋਈ ਪਰਮਾਣੂ ਸੰਧੀ ਤੋਂ ਟਰੰਪ ਦੇ ਭਗੌੜੇ ਹੋਣ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਅਮਰੀਕਾ ਤੇ ਉੱਤਰੀ ਕੋਰੀਆ ਦੀਆਂ ਆਪਸੀ ਸਹਿਮਤੀਆਂ, ਅਮਰੀਕਾ ਦੇ ਇਰਾਨ ਨਾਲ ਪਰਮਾਣੂ ਸਮਝੌਤੇ ਉੱਪਰ ਆਈ ਖੜੋਤ ਤੋੜਨ ਵਿਚ ਕੁਦਰਤੀ ਤੌਰ 'ਤੇ ਅਸਰਦਾਰ ਸਾਬਤ ਹੋਣਗੀਆਂ। ਪਿਛਲੇ ਇਕ ਦਹਾਕੇ ਤੋਂ ਇਰਾਨ ਦੇ ਪਰਮਾਣੂ ਸੋਧ ਪ੍ਰੋਗਰਾਮ ਨੂੰ ਰੋਕ ਕੇ ਰੱਖਿਆ ਗਿਆ ਅਤੇ ਫਿਰ ਸਮਝੌਤਾ ਤੋੜ ਦਿੱਤਾ ਗਿਆ। ਅਸਲ ਵਿੱਚ ਮੁਕੰਮਲ ਪਰਮਾਣੂ-ਮੁਕਤੀ ਕਦੇ ਅੰਤਿਮ ਟੀਚਾ ਹੈ ਹੀ ਨਹੀਂ ਸੀ ਪਰ ਉੱਤਰੀ ਕੋਰੀਆ ਨਾਲ ਅਮਰੀਕਾ ਪਰਮਾਣੂ ਹਥਿਆਰਾਂ ਬਾਰੇ ਪ੍ਰੋਗਰਾਮ ਦਾ ਮੁਕੰਮਲ, ਤਸਦੀਕਸ਼ੁਦਾ ਅਤੇ ਅਬਦਲ ਖ਼ਾਤਮਾ ਚਾਹੁੰਦਾ ਹੈ। ਸਾਂਝੇ ਐਲਾਨਨਾਮੇ ਵਿਚ ਜਿੱਥੇ ਅਮਰੀਕਾ ਨੇ "ਉੱਤਰੀ ਕੋਰੀਆ ਨੂੰ ਸੁਰੱਖਿਆ ਦੀ ਗਰੰਟੀ ਦੇਣ" ਦਾ ਵਾਅਦਾ ਕੀਤਾ ਹੈ, ਉਥੇ ਬਦਲੇ ਵਿਚ ਇਸ ਨੇ ਉੱਤਰੀ ਕੋਰੀਆ ਤੋਂ "ਕੋਰੀਅਨ ਪ੍ਰਾਇਦੀਪ ਦੀ ਮੁਕੰਮਲ ਪਰਮਾਣੂ-ਮੁਕਤੀ ਦੀ ਪੱਕੀ ਤੇ ਅਡੋਲ ਵੱਚਨਬੱਧਤਾ" ਹਾਸਲ ਕੀਤੀ ਹੈ। ਦੁਪਹਿਰ ਦੇ ਭੋਜ ਸਮੇਂ ਦੀ ਮੀਟਿੰਗ ਬਾਅਦ ਟਰੰਪ ਤੇ ਕਿਮ ਦੀ ਮੀਡੀਆ ਸਾਹਮਣੇ ਚਹਿਲਕਦਮੀ ਉਨ੍ਹਾਂ ਦੇ ਆਪਸ ਵਿਚ ਘੁਲਮਿਲ ਜਾਣ ਦਾ ਪ੍ਰਭਾਵ ਪਾਉਂਦੀ ਸੀ ਜਿਸ ਦਾ ਟਰੰਪ ਮੀਡੀਆ ਸਾਹਮਣੇ ਕਈ ਵਾਰ ਜ਼ਿਕਰ ਕਰ ਚੁੱਕੇ ਸਨ। ਮੁਕੰਮਲ ਪਰਮਾਣੂ-ਮੁਕਤੀ ਬਾਰੇ ਪੁੱਛਣ 'ਤੇ ਟਰੰਪ ਨੇ ਤੁਰੰਤ ਕਿਹਾ ਕਿ ਉਹ "ਇਹ ਅਮਲ ਬਹੁਤ ਛੇਤੀ ਆਰੰਭ ਕਰ ਰਹੇ ਹਨ"। ਟਰੰਪ ਨੇ ਮੀਡੀਆ ਨਾਲ ਦੋ ਹੋਰ ਨੁਕਤੇ ਵੀ ਸਾਂਝੇ ਕੀਤੇ ਜਿਨ੍ਹਾਂ ਉੱਪਰ ਦੋਵਾਂ ਵਿਚਕਾਰ ਸਹਿਮਤੀ ਬਣੀ। ਪਹਿਲਾ, ਅਮਰੀਕਾ ਦੱਖਣੀ ਕੋਰੀਆ ਨਾਲ ਸਾਂਝੀਆਂ ਜੰਗੀ ਮਸ਼ਕਾਂ ਬੰਦ ਕਰ ਦੇਵੇਗਾ ਜੋ ਮਹਿੰਗੀਆਂ, ਬੇਲੋੜੀਆਂ ਤੇ ਭੜਕਾਹਟ ਪੈਦਾ ਕਰਨ ਵਾਲੀਆਂ ਹਨ। ਦੂਜਾ, ਉੱਤਰੀ ਕੋਰੀਆ ਛੇ ਹਜ਼ਾਰ ਅਮਰੀਕੀ ਫ਼ੌਜੀਆਂ ਦੀਆਂ ਅਸਥੀਆਂ ਵਾਪਸ ਕਰੇਗਾ। ਇਹ ਨੁਕਤਾ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਵਿਚ ਟਰੰਪ ਦੀ ਝੰਡੀ ਗੱਡ ਸਕਦਾ ਹੈ।

ਉੱਤਰੀ ਕੋਰੀਆ ਨੂੰ ਸੁਰੱਖਿਆ ਗਰੰਟੀ ਨਾਲ ਅਮਰੀਕਾ ਦੇ ਭਾਈਵਾਲਾਂ ਦੱਖਣੀ ਕੋਰੀਆ ਤੇ ਜਾਪਾਨ ਦੀਆਂ ਪੇਚੀਦਗੀਆਂ ਵਧਣਗੀਆਂ। ਜਦੋਂ ਇਹ ਪੁੱਛਿਆ ਗਿਆ ਕਿ ਇਸ ਦਾ ਭਾਵ ਇਹ ਹੈ ਕਿ ਅਮਰੀਕਾ ਦੱਖਣੀ ਕੋਰੀਆ ਵਿਚ ਤਾਇਨਾਤ ਆਪਣੇ 32000 ਸੈਨਿਕ ਵਾਪਸ ਬੁਲਾ ਲਵੇਗਾ, ਟਰੰਪ ਨੇ ਕਿਹਾ ਕਿ ਅਜਿਹਾ "ਹੁਣੇ ਹੀ" ਨਹੀਂ ਹੋਵੇਗਾ। ਪਹਿਲਾਂ ਉੱਤਰੀ ਕੋਰੀਆ ਨੂੰ ਪਰਮਾਣੂ-ਮੁਕਤੀ ਵਾਲਾ ਪ੍ਰੋਗਰਾਮ ਪਾਰਦਰਸ਼ੀ ਕਰਨਾ ਪਵੇਗਾ। ਅਜਿਹੀਆਂ ਹੀ ਵਚਨਬੱਧਤਾਵਾਂ ਕਲਿੰਟਨ ਪ੍ਰਸ਼ਾਸਨ ਵੇਲੇ 1994 ਵਿਚ ਉਲੀਕੀ ਰੂਪਰੇਖਾ ਵਿਚ ਵੀ ਸਨ ਜਿਸ ਤਹਿਤ ਉੱਤਰੀ ਕੋਰੀਆ ਨੇ ਆਪਣੇ ਯੌਂਗਬਿਔਨ ਵਿਚਲੇ ਪਰਮਾਣੂ ਰਿਐਕਟਰ ਬੰਦ ਕਰਨੇ ਸਨ ਅਤੇ ਇਸ ਦੇ ਬਦਲੇ ਇਸ ਨੂੰ ਦੋ ਸਾਧਾਰਨ ਰਿਐਕਟਰ ਤੇ ਬਾਲਣ ਮਿਲਣੇ ਸਨ।

2000 ਵਿਚ ਉੱਤਰੀ ਕੋਰੀਆ ਦਾ ਵਾਈਸ ਮਾਰਸ਼ਲ, ਕਿਮ ਦੇ ਪਿਤਾ ਵੱਲੋਂ ਲਿਖਿਆ ਨਿੱਜੀ ਪੱਤਰ ਲੈ ਕੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਕੋਲ ਗਿਆ ਸੀ। ਕਿਮ ਦੇ ਪਿਤਾ ਦੀ 2011 ਵਿਚ ਮੌਤ ਹੋ ਗਈ ਸੀ। ਮਗਰੋਂ ਜਾਰਜ ਡਬਲਿਊ ਬੁਸ਼ ਨੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ ਅਤੇ 9K11 ਵਾਲਾ ਭਾਣਾ ਵਾਪਰ ਗਿਆ। ਇਸ ਤੋਂ ਬਾਅਦ ਅਮਰੀਕਾ ਨੇ ਅਫ਼ਗਾਨਿਸਤਾਨ ਤੇ ਇਰਾਕ ਵਿਚ ਕ੍ਰਮਵਾਰ 2001 ਅਤੇ 2003 ਵਿਚ ਤਖ਼ਤੇ ਪਲਟਣ ਲਈ ਦਖ਼ਲ ਦਿੱਤਾ। ਬੁਸ਼ ਨੇ ਆਪਣੇ 2002 ਦੇ ਭਾਸ਼ਣ ਵਿਚ ਜਿਨ੍ਹਾਂ ਮੁਲਕਾਂ ਨੂੰ 'ਬੁਰਾਈਆਂ ਦੇ ਧੁਰੇ' ਕਰਾਰ ਦਿੱਤਾ, ਉਨ੍ਹਾਂ ਵਿਚ ਉੱਤਰੀ ਕੋਰੀਆ ਨੂੰ ਵੀ ਸ਼ਾਮਲ ਕਰ ਦਿੱਤਾ। ਇਸ ਨੇ ਉੱਤਰੀ ਕੋਰੀਆ ਦਾ ਮਾਹੌਲ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਅਤੇ ਉਹ 2003 ਵਿਚ ਪਰਮਾਣੂ ਅਪ੍ਰਸਾਰ ਸੰਧੀ ਵਿੱਚੋਂ ਬਾਹਰ ਹੋ ਗਿਆ। 2003-07 ਵਿਚਕਾਰ ਛੇ-ਮੁਲਕੀ ਗੱਲਬਾਤ ਚੱਲਦੀ-ਟੁੱਟਦੀ ਰਹੀ। ਉੱਤਰੀ ਕੋਰੀਆ ਵੱਲੋਂ 9 ਅਕਤੂਬਰ 2006 ਨੂੰ ਇੱਕ ਪਰਮਾਣੂ ਯੰਤਰ ਦੀ ਅਜ਼ਮਾਇਸ਼ ਦੇ ਬਾਵਜੂਦ 13 ਫਰਵਰੀ 2007 ਨੂੰ ਇਕ ਹੋਰ ਸਮਝੌਤਾ ਕੀਤਾ ਗਿਆ। ਉੱਤਰੀ ਕੋਰੀਆ ਇਰਾਨੀਆਂ ਵੱਲੋਂ ਘੜੇ ਮੁਹਾਵਰੇ ਵਾਂਗ 'ਨਹਿਲੇ 'ਤੇ ਦਹਿਲਾ' ਵਾਲੀ ਨੀਤੀ 'ਤੇ ਚੱਲਦਾ ਰਿਹਾ ਪਰ ਹਕੀਕਤ ਵਿੱਚ ਉਨ੍ਹਾਂ ਆਰਥਿਕ ਲਾਭ ਲੈਣ ਲਈ ਗੱਲਬਾਤ ਵੀ ਜਾਰੀ ਰੱਖੀ ਅਤੇ ਪਰਮਾਣੂ ਹਥਿਆਰ ਤੇ ਮਿਜ਼ਾਈਲ ਤਕਨਾਲੋਜੀ ਵੀ ਵਿਕਸਿਤ ਕਰਦੇ ਰਹੇ। ਹੁਣ ਉਸ ਸਮੇਂ ਤੋਂ ਵੱਖਰਾ ਕੀ ਹੈ? ਸ਼ਾਇਦ ਦੋ ਮੁੱਖ

**(ਬਾਕੀ ਸਫਾ 21 'ਤੇ)**


## ਪਰਦੇਸ ਟਾਇਮਜ਼ ਹੁਣ ਸਿਆਟਲ ਦੇ ਇਲਾਕੇ 'ਚ ਵੀ

ਪਰਦੇਸ ਟਾਇਮਜ਼ ਹੁਣ ਤੁਹਾਡੀ ਵਾਸ਼ਿੰਗਟਨ ਸਟੇਟ ਦੇ ਸਿਆਟਲ ਸ਼ਹਿਰ ਇਲਾਕੇ ਦੇ ਆਲੇ-ਦੁਆਲੇ ਦੇ ਸ਼ਹਿਰਾਂ ਵਿਚ ਵੀ ਮਿਲਿਆ ਕਰੇਗੀ। ਕੋਈ ਵੀ ਗੱਲਬਾਤ ਜਾਂ ਇਸ਼ਤਿਹਾਰ ਦੇਣ ਲਈ ਜਾਂ ਕਿਸੇ ਕਿਸਮ ਦੀ ਖਬਰ ਦੇਣ ਲਈ ਸ. ਇੰਦਰਜੀਤ ਸਿੰਘ ਬੁਲੋਵਾਲ ਹੁਰਾਂ ਨੂੰ ਫੋਨ ਕਰੋ: **425-420-4055**






# ਭਾਈ ਬੁਢੇ ਬਰਨਨ ਕੀਆ, ਸਤਗੁਰ ਸਰੋਤਾ ਆਪ



ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443

ਇਕ ਵਾਰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਾਬਾ ਬੁਢਾ ਜੀ ਨੂੰ ਕਿਹਾ ਕਿ ਤੁਸੀਂ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਬਾਰੇ ਥੋੜਾ ਜਿਹਾ ਅਨੁਭਵ ਦਿਓ । ਬਾਬਾ ਜੀ ਨੇ ਕਿਹਾ : ਕਿਸੇ ਵਿਚ ਕੀ ਸ਼ਕਤੀ ਹੈ ਜੋ ਗੁਰੂ ਸਾਹਿਬਾਨ ਬਾਰੇ ਦਸ ਸਕੇ । ਗੁਰੂ ਨਾਨਕ ਜੀ ਨਿਰਾ ਨੂਰ ਸਨ, ਗੁਰੂ ਅੰਗਦ ਜੀ ਨਿਰੇ ਸਾਧੂ, ਸ਼ਾਂਤੀ ਪਿਆਰ ਅਤੇ ਦਯਾ ਦੀ ਮੂਰਤ। ਸਾਰੀ ਉਮਰ ਮਾਇਆ ਨੂੰ ਹਥ ਨਾ ਲਾਇਆ। ਗੁਰੂ ਅਮਰਦਾਸ ਜੀ ਦਾ ਇਕ ਹਥ ਸਦਾ ਅਸੀਸ ਲਈ ਉਠਿਆ ਰਹਿੰਦਾ ਸੀ ਅਤੇ ਦੂਜਾ ਸੇਵਾ ਵਿਚ ਲੱਗਾ ਰਹਿੰਦਾ । ਗੁਰੂ ਰਾਮਦਾਸ ਜੀ ਬਿਰਹੁ ਦੀ ਮੂਰਤ ਸਨ । ਨੈਨ ਹਰ ਵੇਲੇ ਨੀਰ ਨਾਲ ਭਰੇ ਹੀ ਦਿਸਦੇ। ਕਿਹੋ ਜਿਹਾ ਨਜ਼ਾਰਾ ਬਣਿਆ ਹੋਇਆ ਸੀ ਕਿ ਗੁਰੂ ਜੀ ਸਰੋਤਾ ਸਨ ਅਤੇ ਬਾਬਾ ਜੀ ਸੁਨਾ ਰਹੇ ਸਨ।

ਭਾਈ ਬੁਢੇ ਬਰਨਨ ਕੀਆ, ਸਤਗੁਰ ਸਰੋਤਾ ਆਪ

ਗੁਰੂ ਜੀ ਨੇ ਪਰਸ਼ਾਦਾ ਵੀ ਉਥੇ ਹੀ ਛਕਿਆ। ਬਾਬਾ ਬੁਢਾ ਜੀ ਇਤਨੇ ਵਜੂਦ ਵਿਚ ਆਏ ਅਤੇ ਕਿਹਾ ਗੁਰੂ ਦੋਖੀਆਂ ਨੂੰ ਤੁਸੀਂ ਵਿਆਕੁਲ ਕਰ ਦੇਵੋਗੇ ਅਤੇ ਆਪ ਜੀ ਦਾ ਪੋਤਰਾ ਤਾਂ ਜ਼ੁਲਮ ਦੀ ਜੜ ਹੀ ਉਖਾੜ ਦੇਵੇਗਾ। ਗੁਰੂ ਸਾਹਿਬਾਨ ਦੇ ਇਸ ਅਨਿਨ ਸੇਵਕ ਜਿਨ੍ਹਾਂ ਨੇ ਛੇ ਪਾਤਸ਼ਾਹੀਆਂ ਦੇ ਪ੍ਰਤਖ ਦਰਸ਼ਨ ਕੀਤੇ ਸਨ ਅਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਗੁਰਿਆਈ ਪ੍ਰਾਪਤ ਕਰਨ ਤੋਂ ਮਿਲੇ ਸਨ, ਦਾ ਜਨਮ ਪਿੰਡ ਕਥੂਨੰਗਲ ਜ਼ਿਲਾ ਅੰਮ੍ਰਿਤਸਰ ਵਿਚ ਸੰਮਤ 1565 ਅਰਥਾਤ ਅਕਤੂਬਰ 22, 1506 ਈਸਵੀ ਵਿਚ ਹੋਇਆ । ਆਪ ਜੀ ਦੀ ਮਾਤਾ ਦਾ ਨਾਮ ਮਾਤਾ ਮੋਰਾਂ ਅਤੇ ਪਿਤਾ ਜੀ ਦਾ ਨਾਮ ਭਾਈ ਸੁਘਾ ਜੀ ਸੀ । ਮਾਪਿਆ ਵਲੋਂ ਨਾਮ ਬੂੜਾ ਰਖਿਆ। ਮਗਰੋਂ ਮਾਪੇ ਰਮਦਾਸ ਰਹਿਣ ਲੱਗ ਪਏ । ਜਦ ਬਾਬਾ ਬੁਢਾ ਜੀ ਦੀ ਉਮਰ ਬਾਰਾਂ ਸਾਲਾਂ ਦੀ ਹੋਈ ਤਾਂ ਗੁਰੂ ਨਾਨਕ ਦੇਵ ਜੀ ਫਿਰਦੇ ਹੋਏ ਰਮਦਾਸ ਦੇ ਕੋਲ ਆ ਰੁਕੇ । ਇਨ੍ਹਾਂ ਨੇ ਬਾਬਾ ਨਾਨਕ ਜੀ ਦੇ ਦਰਸ਼ਨ ਕੀਤੇ ਅਤੇ ਇਨ੍ਹਾਂ ਨੂੰ ਗੁਰੂ ਜੀ ਬੜੇ ਪਿਆਰੇ ਲਗੇ ਅਤੇ ਮਨ ਵਿਚ ਗੁਰੂ ਜੀ ਦੀ ਸੇਵਾ ਕਰਨ ਦਾ ਚਾਅ ਪੈਦਾ ਹੋਇਆ । ਉਹ ਉਨ੍ਹਾਂ ਲਈ ਦੁਧ ਅਤੇ ਮਖਣ ਦੇ ਪੈੜੇ ਲੈ ਕੇ ਹਾਜਰ ਹੋਇਆ।

ਗੁਰੂ ਜੀ ਨੇ ਪੁਛਿਆ "ਕਾਕਾ ਤੇਰਾ ਨਾਮ ਕੀ ਹੈ। ਅਤੇ ਕੀ ਕੰਮ ਕਰਦਾ ਹੈਂ।

ਬੂੜਾ "ਸਚੇ ਪਾਤਸ਼ਾਹ! ਮਾਪਿਆ ਨੇ ਮੇਰਾ ਨਾਮ ਬੂੜਾ ਰਖਿਆ ਹੈ। ਅਤੇ ਮੈਂ ਮਝੀਆਂ ਦਾ ਵਾਗੀ ਹਾਂ।

ਗੁਰੂ ਜੀ "ਤੂੰ ਸਾਡੇ ਪਾਸ ਕੀ ਇਛਾ ਧਾਰ ਕੇ ਆਇਆ ਹੈਂ ਅਤੇ ਤੂੰ ਕੀ ਚਾਹੁੰਦਾ ਹੈਂ ।

ਬੂੜਾ "ਜੀ ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੋਂ ਬਚਾਓ। ਇਸ ਚੁਰਾਸੀ ਦੇ ਗੇੜ ਵਿਚ ਕੱਢ ਕੇ ਮੁਕਤੀ ਪ੍ਰਦਾਨ ਕਰੋ। ਗੁਰੂ ਜੀ ਨੇ ਕਿਹਾ ਕੇ ਤੇਰੀ ਖੇਡਣ ਦੀ ਉਮਰ ਹੈ ਤੈਨੂੰ ਮੌਤ ਦੇ ਖਿਆਲਾਂ ਅਤੇ ਮੁਕਤੀ ਦੇ ਖਿਆਲਾਂ ਦਾ ਧਿਆਨ ਵਡੇ ਹੋ ਕੇ ਕਰਨ ਦੀ ਲੋੜ ਹੈ। ਤਾਂ ਬੂੜੇ ਨੇ ਆਖਿਆ ਕੇ ਹੋ ਸਕਦਾ ਹੈ ਮੈਂ ਵੱਡਾ ਨਾ ਹੋਵਾਂ ਅਤੇ ਮੌਤ ਪਹਿਲਾਂ ਹੀ ਘੇਰ ਲਵੇ। ਗੁਰੂ ਜੀ ਦੇ ਪੁਛਣ ਤੇ ਕਿ ਇਹ ਵਿਚਾਰ ਤੇਰੇ ਮਨ ਵਿਚ ਕਿਵੇਂ ਆਇਆ। ਤਾਂ ਬੂੜੇ ਨੇ ਦਸਿਆ ਕਿ ਕੁਝ ਸਮਾਂ ਹੋਇਆ ਕੁਝ ਪਠਾਨ ਸਾਡੇ ਪਿੰਡ ਵਿਚੋਂ ਲੰਘੇ ਸਨ ਓਹ ਬਦੋ ਬਦੀ ਸਦੀਆਂ ਫਸਲਾਂ ਵਧ ਕੇ ਲੈ ਗਏ ਸਨ ਜਿਸ ਵਿਚ ਕਚੀਆਂ ਅਤੇ ਪਕੀਆਂ ਅਤੇ ਅੱਧ ਪਕੀਆਂ ਫਸਲਾਂ ਸ਼ਾਮਲ ਸਨ । ਇਸੇ ਤਰਾਂ ਮੌਤ ਵੀ ਜਦੋਂ ਮਰਜੀ ਆ ਕੇ ਬਚੇ ਗਭਰੂ ਅਤੇ ਬੁਢੇ ਨੂੰ ਆ ਕੇ ਨਪ ਲਵੇਗੀ। ਇਸ ਲਈ ਮੈਨੂੰ ਮੌਤ ਤੋਂ ਡਰ ਲਗਦਾ ਹੈ ਅਤੇ ਮੇਰਾ ਇਹ ਡਰ ਦੂਰ ਕਰ ਦਿਓ ਸਚੇ ਪਾਤਸ਼ਾਹ ਜੀ।

ਗੁਰੂ ਜੀ ਨੇ ਹੱਸ ਕੇ ਉਤਰ ਦਿਤਾ ਤੂੰ ਬਚਾ ਨਹੀਂ ਬੁਢਾ ਹੈਂ ਅਤੇ ਗਲਾਂ ਬੁਢਿਆਂ ਵਾਲੀਆਂ ਕਰ ਰਿਹਾ ਹੈਂ। ਹੋਸਲਾਂ ਰਖ ਰੱਬ ਮੌਤ ਨਾਲੋਂ ਕੀਤੇ ਵਡਾ ਹੈ ਅਤੇ ਬਲਵਾਨ ਹੈ ਜੇਕਰ ਤੂੰ ਰੱਬ ਦਾ ਹੋ ਜਾਵੇਂ ਤਾਂ ਮੌਤ ਤੈਨੂੰ ਡਰਾ ਨਹੀਂ ਸਕੇਗੀ ਅਤੇ ਓਹ ਤੇਰੇ ਤੋਂ ਡਰਨ ਲੱਗ ਜਾਵੇਗੀ ਤੂੰ ਜਨਮ ਮਾਰਨ ਦੇ ਗੇੜ ਤੋਂ ਮੁਕਤ ਹੋ ਜਾਵੇਂਗਾ। ਰੱਬ ਨੂੰ ਹਮੇਸ਼ਾ ਯਾਦ ਰੱਖਿਆ ਕਰ ਉਸ ਦਾ ਨਾਮ ਜਪਿਆ ਕਰ ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਪੂਰੇ ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕਰਿਆ ਕਰ ਤੇਰੇ ਸਭ ਦੁਖ ਦੂਰ ਹੋ ਜਾਣਗੇ। ਉਸ ਦਿਨ ਤੋਂ ਬਾਦ ਉਸ ਦਾ ਨਾਮ ਬਾਬਾ ਬੁਢਾ ਜੀ ਪੈ ਗਿਆ ਬਾਬਾ ਬੁਢਾ ਜੀ ਨੇ ਸਿਖੀ ਧਾਰਨ ਕਰ ਲਈ। ਵੀਹ ਸਾਲ ਦੇ ਹੋ ਜਾਣ ਤੇ ਆਪ ਜੀ ਦੀ ਸ਼ਾਦੀ ਬੀਬੀ ਮਰੋਯਾਂ ਦੇ ਨਾਲ ਬਟਾਲਾ ਦੇ ਨੇੜੇ ਅਚਲ ਵਿਖੇ ਹੋਈ ਸੀ। ਆਪ ਪਰਿਵਾਰ ਸਮੇਤ ਕਰਤਾਰਪੁਰ ਆ ਗਏ ਸਨ ਅਤੇ ਗੁਰੂ ਦੇ ਦਰਬਾਰ ਵਿਚ ਰਹਨ ਲਗ ਪਏ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ ਰਹਿੰਦੇ ਅਤੇ ਨਾਮ ਜਪਣ ਵਿਚ ਹੀ ਮਗਨ ਰਹਿੰਦੇ ਸਨ। ਇਨ੍ਹਾਂ ਦਾ ਜੀਵਨ ਸਿਖੀ ਲਈ ਰੋਲ ਮਾਡਲ ਬਣਿਆ । ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸੇਵਾ ਵਿਚ ਜੁਟੇ ਹੋਏ ਦੇਖ ਕੇ ਵਰ ਵੀ ਦਿਤਾ ਸੀ ਕਿ : ਤੇਰੇ ਤੋਂ ਕਦੇ ਓਹਲੇ ਨਾ ਹੋਸਾਂ। ਬਾਬਾ ਬੁਢਾ ਜੀ ਨੇ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਦੇਸ਼ ਮੰਗਿਆ ਤਾਂ ਗੁਰੂ ਜੀ ਨੇ ਆਖਿਆ: ਨਾਮ ਇਕਾਗਰ ਮਨ ਜਪਿਆਂ ਕਲਯਾਨ ਹੁੰਦਾ ਹੈ । ਸੇਵਾ ਕਰਦਿਆਂ ਅਹੰਕਾਰ ਨਹੀਂ ਆਂਦਾ ਅਤੇ ਆਰਜਾ ਵਿਚ ਵਾਧਾ ਹੁੰਦਾ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪੀ ਤਾਂ ਗੁਰਿਆਈ ਦਾ ਤਿਲਕ ਬਾਬਾ ਬੁਢਾ ਜੀ ਨੇ ਲਗਾਇਆ ਸੀ।

**ਉਸ ਦਿਨ ਤੋਂ ਬਾਦ ਉਸ ਦਾ ਨਾਮ ਬਾਬਾ ਬੁੱਢਾ ਜੀ ਪੈ ਗਿਆ ਬਾਬਾ ਬੁਢਾ ਜੀ ਨੇ ਸਿਖੀ ਧਾਰਨ ਕਰ ਲਈ । ਵੀਹ ਸਾਲ ਦੇ ਹੋ ਜਾਣ ਤੇ ਆਪ ਜੀ ਦੀ ਸ਼ਾਦੀ ਬੀਬੀ ਮਰੋਯਾਂ ਦੇ ਨਾਲ ਬਟਾਲਾ ਦੇ ਨੇੜੇ ਅਚਲ ਵਿਖੇ ਹੋਈ ਸੀ । ਆਪ ਪਰਿਵਾਰ ਸਮੇਤ ਕਰਤਾਰਪੁਰ ਆ ਗਏ ਸਨ ਅਤੇ ਗੁਰੂ ਦੇ ਦਰਬਾਰ ਵਿਚ ਰਹਨ ਲਗ ਪਏ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ ਰਹਿੰਦੇ ਅਤੇ ਨਾਮ ਜਪਣ ਵਿਚ ਹੀ ਮਗਨ ਰਹਿੰਦੇ ਸਨ । ਇਨ੍ਹਾਂ ਦਾ ਜੀਵਨ ਸਿਖੀ ਲਈ ਰੋਲ ਮਾਡਲ ਬਣਿਆ । ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸੇਵਾ ਵਿਚ ਜੁਟੇ ਹੋਏ ਦੇਖ ਕੇ ਵਰ ਵੀ ਦਿਤਾ ਸੀ ਕਿ : ਤੇਰੇ ਤੋਂ ਕਦੇ ਓਹਲੇ ਨਾ ਹੋਸਾਂ।**

ਇਕ ਵਾਰ ਬਾਬਾ ਬੁਢਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਪੁਛਿਆ ਕਿ ਪਾਤਸ਼ਾਹ ਜੀ ਦੱਸੋ ਜੇ ਕਰ ਕੋਈ ਬੁਰਾਈ ਕਰੇ ਤਾਂ ਉਸ ਨਾਲ ਕੀ ਕੀਤਾ ਜਾਵੇ। ਤਾਂ ਮਹਾਰਾਜ ਨੇ ਕਿਹਾ ਕਿ ਭਲਾਈ । ਜੇਕਰ ਉਹ ਫਿਰ ਵਰਰ ਬੁਰਾਈ ਕਰੇ ਤਾਂ ਫਿਰ ਕੀ ਕਰੀਏ। ਉਤਰ ਮਿਲਿਆ ਕਿ ਫਿਰ ਵੀ ਭਲਾਈ । ਜੇ ਕਰ ਓਹ ਬਾਰ ਬਾਰ ਬੁਰਾਈ ਕਰੇ ਤਾਂ ਫਿਰ ਉਸ ਨਾਲ ਭਲਾਈ ਕਿਓਂ ਕੀਤੀ ਜਾਵੇ, ਬਾਬਾ ਜੀ ਨੇ ਆਖਿਆ । ਜੇਕਰ ਉਹ ਬੁਰਾਈ ਕਰਨ ਲਈ ਦ੍ਰਿੜ ਹੈ ਤਾਂ ਅਸੀਂ ਕਿਓਂ ਭਲਾਈ ਛਡ ਦੇਵੀਏ । ਇਕ ਮਨੁਖ ਕਰੇ ਜਿਆਦਿਤੀ ਅਤੇ ਦੂਜਾ ਸਹ ਲਵੇ ਤਾਂ ਸਹਾਰਨ ਵਾਲੈਂ ਦੇ ਸਦਕੇ ਜਾਈਏ, ਗੁਰੂ ਪਿਤਾ ਨੇ ਆਖਿਆ। ਜਬਰ ਕਰਨ ਵਾਲੇ ਨੂੰ ਗੁਰੂ ਆਪ ਸੰਭਾਲਦਾ ਹੈ।

ਵਾਹਿਗੁਰੂ ਦਾ ਸੁਭਾਵ ਹੈ "ਨਾ ਫੜੋ, ਨਾ ਫੜੋ, ਫੜੇ ਤਾਂ ਛਾਡੋ ਹੀ ਨਾ। ਚੋਟ ਉਪਰ ਚੋਟ ਲਗਾਵੇ। ਗੁਰੂ ਰਾਮਦਾਸ ਜੀ ਨੇ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਦੇਣ ਤੋਂ ਪਹਿਲਾਂ ਬਾਬਾ ਬੁਢਾ ਜੀ ਨੂੰ ਆਖਿਆ ਕਿ ਗੁਰੂ ਨਾਨਕ ਦੇ ਤੁਸੀਂ ਪਿਆਰੇ ਹੋ । ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਦੇ ਦਰਸ਼ਨਾ ਨਾਲ ਤ੍ਰਿਪਤ ਹੋ? ਇਹ ਦਸੋ ਕਿ ਬੇਟਾ ਅਰਜਨ ਅਜਰ ਜਰਨ ਜੋਗਾ ਹੈ ਜਾਂ ਨਹੀਂ ਜੋ ਠੀਕ ਲਗਦਾ ਹੈ ਦਸੋ । ਬਾਬਾ ਜੀ ਨੇ ਕਿਹਾ ਕਿ ਤੁਸੀਂ ਜਾਣੀ ਜਾਣ ਹੋ ਅਤੇ ਦੇਖ ਚੁਕੇ ਹੋ ਕਿ ਪਿਰਥੀ ਚੰਦ ਵਲ ਛਲ ਕਰਕੇ ਗੱਦੀ ਲਈ ਯਤਨ ਕਰਦਾ ਹੈ ਅਤੇ ਅਰਜਨ ਜੀ ਵਿਚ ਸੇਹਨ ਸ਼ੀਲਤਾ ਬਹੁਤ ਹੈ ਅਤੇ ਹੰਕਾਰ ਬਿਲਕੁਲ ਹੀ ਨਹੀਂ ਹੈ। ਉਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ। ਪਿਰਥੀ ਚੰਦ ਨੇ ਗੁਸਾ ਕਢਣਾ ਚਾਹਿਆ ਤਾਂ ਮਿਠੇ ਬਚਣਾ ਨਾਲ ਸਚਾਈ ਸਮਝਾਈ। ਫਿਰ ਵੀ ਬਹੁਤ ਮੁਸ਼ਕਿਲਾਂ ਖੜੀਆਂ ਕੀਤੀਆਂ ਪ੍ਰੰਤੂ ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਇਕ ਨਾ ਚਲਣ ਦਿੱਤੀ। ਇਨ੍ਹਾਂ ਦਾ ਗੁਰੂ ਘਰ ਵਿਚ ਵਿਸ਼ੇਸ਼ ਦਰਜਾ ਅਤੇ ਮਾਣ ਸੀ । ਇਸ ਤਰਾਂ ਤੀਸਰੀ, ਚੌਥੀ, ਪੰਜਵੀਂ ਅਤੇ ਛੇਵੀਂ ਪਾਤਸ਼ਾਹੀ ਨੂੰ ਵੀ ਗੁਰਿਆਈ ਦੇਣ ਸਮੇਂ ਤਿਲਕ ਬਾਬਾ ਬੁੱਢਾ ਜੀ ਪਾਸੋਂ ਹੀ ਲਗਵਾਇਆ ਗਿਆ ਸੀ। ਝਬਾਲ ਜ਼ਿਲਾ ਅੰਮ੍ਰਿਤਸਰ ਦੇ ਕੋਲ ਕਾਫੀ ਸਾਰੀ ਭੂਮੀ ਗੁਰੂ ਜੀ ਨੂੰ ਭੇਟਾ ਵਿਚ ਮਿਲੀ ਹੋਈ ਸੀ ਇਥੇ ਬਾਬਾ ਜੀ ਗੁਰੂ ਸਾਹਿਬਾਨ ਦੇ ਪਸ਼ੂਆਂ ਦੀ ਦੇਖ ਭਲ ਕਰਦੇ ਸਨ ਜਦੋਂ ਉਹ ਇਸ ਬੀੜ ਵਿਚ ਚਰਦੇ ਸਨ। ਘਾਹ ਖੋਤ ਕੇ ਪਸ਼ੂਆਂ ਨੂੰ ਪਾਇਆ ਕਰਦੇ ਸਨ ਅਤੇ ਆਪਣੇ ਆਪ ਨੂੰ ਗੁਰੂ ਜੀ ਦਾ ਘਾਹੀ ਆਖਿਆ ਕਰਦੇ ਸਨ ਇਸ ਬੀੜ ਦਾ ਨਾਮ ਬਾਬੇ ਦੀ ਬੀੜ ਪੈ ਗਿਆ ਸੀ ਅੱਜ ਕਲ ਇਥੇ ਗੁਰਦਵਾਰਾ ਹੈ ਜਿਥੇ ਸੰਗਤਾਂ ਭਾਰੀ ਗਿਣਤੀ ਵਿਚ ਹਾਜਰੀ ਭਰਦੀਆਂ ਹਨ। ਸ੍ਰੀ ਅੰਮ੍ਰਿਤਸਰ ਦੇ ਸਰੋਵਰ ਅਤੇ ਸ਼੍ਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਦੇ ਆਪ ਮੁਖ ਪ੍ਰਬੰਧਕ ਬਣੇ ਸਨ ਸ਼੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਬਾਬਾ ਬੁਢਾ ਜੀ ਦੀ ਬੇਰੀ ਹੁਣ ਤਕ ਮੌਜੂਦ ਹੈ ਜਿਸ ਦੇ ਹੇਠਾਂ ਬੈਠ ਕੇ ਬਾਬਾ ਜੀ ਸੇਵਾ ਕਰਵਾਂਦੇ ਸਨ ਅਤੇ ਮਜਦੂਰਾਂ ਤੇ ਰਾਜ ਮਿਸਤਰੀਆਂ ਨੂੰ ਤਨਖਾਹ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਦੇ ਸਨ । ਜਦੋਂ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਕੇ ਉਸ ਦਾ ਪ੍ਰਕਾਸ਼ ਕੀਤਾ ਗਿਆ ਤਾਂ ਬਾਬਾ ਬੁਢਾ ਜੀ ਨੂੰ ਪਹਲਾ ਗ੍ਰੰਥੀ ਬਣਾਇਆ ਗਿਆ ਸੀ। ਬਾਬਾ ਬੁਢਾ ਜੀ 125 ਸਾਲ ਦੀ ਉਮਰ ਭੋਗ ਕੇ ਸੰਮਤ 1688 ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਪਿੰਡ ਰਮਦਾਸ ਵਿਚ ਸਵਰਗਵਾਸ ਹੋਏ। ਗੁਰੂ ਜੀ ਨੇ ਬਾਬਾ ਜੀ ਦਾ ਸਸਕਾਰ ਆਪਣੇ ਹਥੀਂ ਕੀਤਾ। ਅਰਥੀ ਨੂੰ ਇਕ ਪਾਸੇ ਤੋਂ ਗੁਰੂ ਹਰਗੋਬਿੰਦ ਜੀ ਨੇ ਮੋਢਾ ਦਿਤਾ ਦੂਜੇ ਪਾਸੇ ਭਾਈ ਭਾਨਾ ਜੀ ਸਨ । ਭਾਈ ਗੁਰਦਾਸ ਜੀ ਅਤੇ ਭਾਈ ਅਜਿਤਾ ਜੀ ਨੇ ਦੂਜੇ ਪਾਸੇ ਤੋਂ ਮੋਢਾ ਦਿਤਾ ਹੋਇਆ ਸੀ । ਰਾਹ ਵਿਚ ਨਿਰੋਲ ਸ਼ਬਦ ਗਏ ਜਾ ਰਹੇ ਸਨ। ਚੰਦਨ ਦੀ ਚਿਖਾ ਸਵਾਰੀ ਗਈ । ਵਾਤਾਵਰਨ ਕਰੁਨਾਮਈ ਹੋ ਚੁਕਾ ਸੀ।

ਚਿਖਾ ਉਪਰ ਜਬ ਹੀ ਧਰੀ ਸਾਹਿਬ ਬੂਢੇ ਦੇਹ।
(ਗੁਰੂ) ਹਰਗੋਬਿੰਦ ਕੇ ਨੇਣ ਤੇ ਚਲਿਆ ਨੀਰ ਸਨੇਹ।

ਭਾਨਾ ਜੀ ਨੇ ਉਚੇਚਾ ਸਭ ਸੰਗਤਾਂ ਨੂੰ ਆਖਿਆ ਕਿ ਚਿੰਤਾ ਕਿਸੇ ਗਲ ਦੀ ਨਹੀਂ ਕਰਨੀ ਹੈ । ਇਹ ਜਗਤ ਦੀ ਰੀਤ ਹੈ ਸਭ ਨੇ ਆਪਣਾ ਆਪਣਾ ਕਰਤਵ ਨਿਭਾ ਕੇ ਚਲੇ ਜਾਣਾ ਹੈ। ਭਾਈ ਗੁਰਦਾਸ ਜੀ ਨੂੰ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨ ਨੂੰ ਆਖਿਆ ਗਿਆ।

ਸ਼੍ਰੀ ਗੁਰੂ ਗਰੰਥ ਦਾ ਪਾਠ ਕਰਾਯੋ।
ਭਾਈ ਗੁਰਦਾਸ ਕਰਤ ਸੁਖ ਪਾਯੋ।

ਭੋਗ ਸਮੇਂ ਗੁਰੂ ਹਰਗੋਬਿੰਦ ਜੀ ਨੇ ਕਿਹਾ: ਬਾਬਾ ਬੁਢਾ ਜੀ ਜਿਹੀ ਜੀਵਨ ਕਾਰ ਕਿਸੇ ਨਹੀਂ ਨਿਭਾਈ। ਜੋ ਓਹ ਸਦਾ ਕਹਿੰਦੇ ਸਨ ਓਹ ਹੀ ਯਾਦ ਰੱਖਣਾ। ਬਾਬਾ ਜੀ ਕਿਹਾ ਕਰਦੇ ਸਨ- ਕਰੋ ਕਾਰ, ਸਭ ਕਰੋ ਹੀਲਾ, ਭਜਨ ਪਾਠ, ਅਰਦਾਸ ਬੰਦਗੀ, ਪਰ
ਨਾਲ ਟੇਕ ਰਖੋ ਮੇਹਰਾਂ ਤੇ ।
ਸਦਾ ਕਿਰਪਾ ਦੀ ਘਾਲ ਘਾਲੋ ।

ਜਿਥੇ ਬਾਬਾ ਜੀ ਦਾ ਸਸਕਾਰ ਕੀਤਾ ਗਿਆ ਉਸ ਸਥਾਨ ਉਪਰ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਸੰਗਤ ਹੁਮ ਹੁਮਾ ਕੇ ਪੁੱਜਦੀ ਹੈ ਗੁਰੂ ਕਾ ਲੰਗਰ ਅਟੁਟ ਵਰਤਦਾ ਹੈ।

# ਗੈਰ-ਸਿੱਖਾਂ ਦੀ ਜ਼ੁਬਾਨੀ: ਸਿੱਖ ਧਰਮ ਬਹੁਤ ਹੀ ਨਿਵੇਕਲਾ ਤੇ ਨਵੀਨ





ਮਨਜੀਤ ਸਿੰਘ ਔਜਲਾ
ਐਮ.ਏ.ਬੀ.ਟੀ.

ਸਿੱਖ ਧਰਮ ਦੁਨੀਆਂ ਦੇ ਸਾਰੇ ਧਰਮਾ ਤੋਂ ਨਿਵੇਕਲਾ ਧਰਮ ਹੈ। ਇਹ ਹੀ ਕਾਰਨ ਹੈ ਕਿ ਸਿੱਖ ਧਰਮਿਕ ਗ੍ਰੰਥ ਵਿੱਚ ਭਾਰਤ ਵਿੱਚ ਵਸਦੀਆਂ ਸਾਰੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਹੈ। ਸ਼ਾਇਦ ਇਸ ਕਰਕੇ ਹੀ ਇਕ ਗੁਰੂ ਦੇ ਥਾਂ ਸਿੱਖ ਧਰਮ ਵਿੱਚ ਦਸ ਗੁਰੂ ਹੋਏ। ਏਥੇ ਹੀ ਬਸ ਨਹੀਂ ਸਿੱਖ ਧਰਮ ਦੇ ਛੇਵੇਂ ਗੁਰੂ ਅਤੇ ਦਸਵੇਂਗੁਰੂ ਨੇ ਤਾਂ ਆਪਣੇ ਸਿੱਖਾਂ ਨੂੰ ਜੁਲਮ ਦੇ ਵਿੱਰੁਧ ਲੜਨਾ ਸਿੱਖਾਇਆ ਹੀ ਨਹੀਂ ਸਗੋਂ ਲੜਾਈ ਦੇ ਮੈਦਾਨ ਵਿੱਚ ਆਪ ਮੋਹਰੇ ਹੋ ਕੇ ਉਨ੍ਹਾਂ ਦੀ ਅਗਵਾਈ ਵੀ ਕੀਤੀ। ਸਿੱਖ ਧਰਮ ਵਿੱਚ ਜਾਤ-ਪਾਤ ਤਾਂ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਹੀ ਦੂਰ ਕਰ ਦਿਤੀ ਸੀ ਪ੍ਰੰਤੂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਪੰਜ ਪਿਆਰੇ ਵੀ ਪੰਜ ਭਿੰਨ ਭਿੰਨ ਜਾਤੀਆਂ ਵਿੱਚੋਂ ਚੁਣੇ ਸਨ। ਦਇਆ ਰਾਮ ਤੋਂ ਭਾਈ ਦਇਆ ਸਿੰਘ ਬਣਨ ਵਾਲੇ ਲਹੌਰ ਦੇ ਖੱਤਰੀ ਘਰਾਣੇ ਵਿੱਚੋਂ ਸਨ, ਧਰਮ ਦਾਸ ਤੋਂ ਭਾਈ ਧਰਮ ਸਿੰਘ ਬਣਨ ਵਾਲੇ ਮੇਰਠ ਦੇ ਜਾਟ ਘਰਾਣੇ ਵਿੱਚੋਂ ਸਨ, ਹਿੰਮਤ ਰਾਏ ਤੋਂ ਭਾਈ ਹਿੰਮਤ ਸਿੰਘ ਬਣਨ ਵਾਲੇ ਜਗਨ ਨਾਥ ਪੁਰੀ ਦੇ ਘੁਮਾਰ ਘਰਾਣੇ ਵਿੱਚੋਂ ਸਨ, ਮੋਹਕਮ ਚੰਦ ਤੋਂ ਭਾਈ ਮੋਹਕਮ ਸਿੰਘ ਬਣਨ ਵਾਲੇ ਗੁਜਰਾਤ ਦੇ ਛੀਂਬਾ ਘਰਾਣੇ ਵਿੱਚੋਂ ਸਨ ਅਤੇ ਸਾਹਿਬ ਚੰਦ ਤੋਂ ਭਾਈ ਸਾਹਿਬ ਸਿੰਘ ਬਣਨ ਵਾਲੇ ਬਿਦਰ, ਕਰਨਾਟਕਾ ਦੇ ਨਾਈ ਘਰਾਣੇ ਵਿੱਚੋਂ ਸਨ। ਦੇਖਿਆ ਜਾਵੇ ਤਾਂ ਅੱਜ ਦੇ ਪੰਜਾਬ ਵਿੱਚੋਂ ਤਾਂ ਇਕ ਵੀ ਸਿੱਖ ਅਗੇ ਨਹੀਂ ਸੀ ਆਇਆ ਜਦੋਂ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦੁਰ ਜੀ ਤੋਂ ਇਲਾਵਾ ਸਾਰੇ ਗੁਰੂ ਸਹਿਬਾਨ ਪੰਜਾਬ ਵਿੱਚ ਹੀ ਆਪਣੇ ਸਿੱਖਾਂ ਨੂੰ "ਧਰਮ ਅਤੇ ਕਰਮ" ਦੀ ਸਿੱਖਿਆ ਦਿੰਦੇ ਰਹੇ।

ਅੱਜ ਵੀ ਦੇਖਿਆ ਜਾਵੇ ਤਾਂ ਸਿੱਖੀ ਨੂੰ ਢਾਹ ਇੱਕਲੇ ਪੰਜਾਬ ਵਿੱਚ ਹੀ ਨਹੀਂ ਲੱਗ ਰਹੀ ਹੈ ਸਗੋਂ ਇੰਗਲੈਂਡ, ਆਸਟ੍ਰੇਲੀਆ, ਅਮਰੀਕਾ ਅਤੇ ਕੈਨੇਡਾ ਵਿੱਚ ਗੁਰਦੁਆਰਿਆਂ ਦੀ ਭਰਮਾਰ ਅਤੇ ਕਮੇਟੀਆਂ ਵਿੱਚ ਆਉਣ ਦੀ ਲਾਲਸਾ ਕਾਰਨ, ਸਿੱਖ ਆਪਣੀਆਂ ਚੌਧਰਾਂ ਖਾਤਰ ਸਿੱਖੀ ਦਾ ਘਾਣ ਕਰੀ ਜਾ ਰਹੇ ਹਨ ਜਦੋਂ ਕਿ ਅੰਗਰੇਜੀ ਦੇਸ਼ਾਂ ਦੇ ਯੂਨੀਵਰਸਿਟੀ ਦੇ ਪ੍ਰੋਫੈਸਰ, ਨੋਬਲ ਪੁਰਸਕਾਰ ਜੇਤੂ, ਇਤਿਹਾਸਕਾਰ, ਵਿਸ਼ਵ ਪ੍ਰਸਿੱਧ ਆਜਾਦ ਚਿੰਤਕ ਅਤੇ ਹੋਰ ਸਿਆਣੇ ਲੋਕ ਜਿਨ੍ਹਾਂ ਦੀ ਪੜਚੋਲ ਅਤੇ ਤਰਕ ਪੜ੍ਹ ਕੇ ਆਪਣੇ ਆਪ ਨੂੰ ਮਨ ਹੀ ਮਨ ਲਾਹਨਤ ਪੈ ਜਾਂਦੀ ਹੈ।

**ਪ੍ਰੋਫੈਸਰ ਰਿਵ ਐਚ. ਐਲ. ਬ੍ਰੈਡਸ਼ਾਅ:**
**ਯੂਨੀਵਰਸਿਟੀ ਪ੍ਰੋਫੈਸਰ**

ਸਿੱਖ ਧਰਮ ਦੇ ਫ਼ਲਸਫ਼ੇ ਦੀ ਚੰਗੀ ਤਰ੍ਹਾਂ ਪੜਚੋਲ ਕਰਨ ਤੋਂ ਬਾਅਦ, ਇਕ ਚੰਗੀ ਤਰ੍ਹਾਂ ਜਾਣੇ ਜਾਂਦੇ ਪ੍ਰੋਫੈਸਰ ਰਿਵ ਐਚ. ਐਲ. ਬ੍ਰੈਡਸ਼ਾਅ ਨੇ ਕਿਹਾ ਹੈ ਕਿ ਸਿੱਖ ਧਰਮ ਇਕ ਵਿਸ਼ਵ-ਵਿਆਪੀ, ਸਾਰੀ ਇਨਸਾਨੀਅਤ ਲਈ ਵਿਸ਼ਵਾਸ ਦਾ ਸੰਦੇਸ਼ ਹੈ। ਉਨ੍ਹਾਂ ਕਹਿਣਾ ਹੈ ਕਿ ਗੁਰੂ ਸਾਹਿਬਾਨ ਦੀਆਂ ਲਿਖਤਾਂ ਵਿੱਚ ਦਰਸਾਇਆ ਗਿਆ ਹੈ ਕਿ ਸਿੱਖਾਂ ਨੂੰ ਆਪਣੀ ਨਿਹਚਾ ਕਿਸੇ ਹੋਰ ਚੰਗੇ ਧਰਮ ਵਿੱਚ ਲਾਉਣ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਇਸ ਨਵੇਂ ਯੁੱਗ ਲਈ ਸਿੱਖ ਹੋਣ ਦੇ ਨਾਤੇ ਸਿੱਖ ਧਰਮ ਦੇ ਸਬੰਧ ਵਿੱਚ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਾਰਿਆ ਗਿਆ ਧਰਮ ਨਵੀਂ ਏਜ ਦੀ ਨਿਹਚਾ ਦਾ ਧਰਮ ਹੈ। ਇਹ ਪੂਰੀ ਤਰ੍ਹਾਂ ਪੂਰਕ ਹੈ ਅਤੇ ਪੁਰਾਣੇ ਧਰਮਾਂ ਦੀਆਂ ਸਾਰੀਆਂ ਛੋਟਾਂ ਨੂੰ ਵੀ ਦੂਰ ਕਰਦਾ ਹੈ। ਲੋੜ ਹੈ ਪੁਸਤਕਾਂ ਰਾਹੀਂ ਇਸ ਨੂੰ ਸਾਬਤ ਕੀਤੇ ਜਾਣ ਦੀ। ਦੂਸਰੇ ਧਰਮਾਂ ਵਿੱਚ ਵੀ ਸੱਚ ਹੁੰਦਾ ਹੈ, ਪਰ ਸਿੱਖ ਧਰਮ ਵਿੱਚ ਸੱਚ ਦੀ ਪੂਰਨਤਾ ਸ਼ਾਮਲ ਹੈ। ਬ੍ਰੈਡਸ਼ਾਅ ਨੇ ਇਹ ਵੀ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਸਾਰੇ ਸੰਸਾਰ ਦੇ ਧਰਮਾਂ ਅਤੇ ਸੰਸਾਰ ਦੇ ਅਣਗਿਣਤ ਬ੍ਰਹਿਮੰਡਾਂ ਬਾਰੇ ਵੀ ਦਸਦਾ ਹੈ ਜਿਹੜੇ ਅੱਜ ਤੱਕ ਲੱਭੇ ਜਾ ਚੁਕੇ ਹਨ ਅਤੇ ਜਿਹਨਾਂ ਬਾਰੇ ਖੋਜ ਚੱਲ ਰਹੀ ਹੈ। ਪਹਿਲੀਆਂ ਆਇਤਾਂ (ਲਿੱਖਤਾਂ) ਕੇਵਲ ਇਸ ਦੁਨੀਆਂ ਅਤੇ ਇਸਦੀਆਂ ਰੂਹਾਨੀ ਹਮ-ਰੁਤਬਾ ਗਲਾਂ ਨਾਲ ਹੀ ਸੰਬੰਧ ਰੱਖਦੀਆਂ ਸਨ। ਇਹ ਸੰਕੇਤ ਲਾਗੂ ਕਰਨ ਲਈ ਕਿ ਉਹਨਾਂ ਨੇ ਹੋਰ ਦੁਨਿਆਵੀ ਲੋਕਾਂ ਬਾਰੇ ਗੱਲ ਕੀਤੀ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿੱਚ, ਇਹ ਵੀ ਕਿਹਾ ਗਿਆ ਹੈ ਕਿ ਪ੍ਰਸੰਗ ਤੋਂ ਬਾਹਰ ਵੀ ਆਪਣਾ ਸਪੱਸ਼ਟ ਮਤਲਬ ਫੈਲਾਉਣਾ ਹੈ। ਸਿੱਖ ਧਰਮ ਅਸਲ ਵਿੱਚ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਦਾ ਜੁਆਬ ਹੈ। ਆਰਚਰ ਨੇ ਵੀ ਬਿਲਕੁਲ ਸਹੀ ਟਿੱਪਣੀ ਕੀਤੀ ਹੈ, "ਆਦਿ ਗਰੰਥ ਦਾ ਧਰਮ ਇਕ ਵਿਆਪਕ ਅਤੇ ਅਮਲੀ ਧਰਮ ਹੈ.... ਸਿੱਖਾਂ ਦੇ ਪ੍ਰਾਚੀਨ ਪੱਖਪਾਤ ਦੇ ਕਾਰਨ ਇਹ ਸੰਸਾਰ ਵਿੱਚ ਫੈਲ ਨਹੀਂ ਸਕਿਆ। ਅੱਜ ਦੇ ਸੰਸਾਰ ਨੂੰ ਸ਼ਾਂਤੀ ਅਤੇ ਪਿਆਰ ਦੇ ਸੰਦੇਸ਼ ਦੀ ਜ਼ਰੂਰਤ ਹੈ।"

**(ਬਾਕੀ ਸਫਾ 21 'ਤੇ)**

# ਬਾਬੇ ਡੈਮ-ਫੂਲ ਦੀ ਕੋਠੀ- ਹਾਸ ਵਿਅੰਗ



ਜਗਤਾਰ ਸਿੰਘ ਗਿੱਲ, ਫਰੀਮਾਂਟ
(ਪਿੰਡ ਪੁਰਾਣੇ ਵਾਲਾ, ਮੋਗਾ)
408-857-4455

'ਅੱਲ' ਸ਼ਬਦ ਦੀ ਵਿਆਖਿਆ ਕਰਨੀ ਤਾਂ ਔਖੀ ਜਿਹੀ ਗੱਲ ਲੱਗਦੀ ਹੈ ਪਰ ਇਹ ਆਦਮੀ ਜਾਂ ਪਰਿਵਾਰ ਦੇ ਨਾਲ ਇਕ ਵਿਸ਼ੇਸ਼ਣ ਵਾਂਗ ਜੁੜ ਜਾਂਦੀ ਹੈ। ਇਸਦਾ ਆਦਮੀ ਦੇ ਮੌਤ ਜਾਂ ਨਾਮ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਇਹ ਆਦਮੀ ਨਾਲ ਜੁੜੀ ਕਿਸੇ ਘਟਨਾ, ਉਸਦੀ ਕੀਤੀ ਗਲਤੀ, ਕਿਸੇ ਬਹਾਦਰੀ ਜਾਂ ਮਾੜੇ ਕੰਮ ਦਾ ਨਤੀਜਾ ਵੀ ਹੋ ਸਕਦੀ ਹੈ। ਕਈ ਤਾਂ ਇਸ ਅੱਲ ਤੋਂ ਖੁਸ਼ ਬਹੁਤ ਹੁੰਦੇ ਹਨ ਤੇ ਕਈ ਸਾਰੀ ਉਮਰ ਝੂਰਦੇ ਰਹਿੰਦੇ ਹਨ। ਸਾਡੇ ਨਾਲ ਦੇ ਪਿੰਡ ਕਿਸੇ ਪਰਿਵਾਰ ਦੇਗੰਨੇ ਪੀੜਨ ਵਾਲੀ ਘੁਲਾੜੀ ਹੁੰਦੀ ਸੀ, ਉਹ ਅੱਜ ਤੱਕ 'ਘੁਲਾੜੀ ਵਾਲੇ' ਵੱਜਦੇ ਹਨ।ਇਕ ਪਰਿਵਾਰ ਨੇ ਗਧੀ ਪੱਠੇ ਲਿਆਉਣ ਲਈ ਰੱਖੀ ਹੋਈ ਸੀ, ਉਹ ਅੱਜ ਵੀ 'ਗਧੀ ਵਾਲੇ' ਵੱਜਦੇ ਹਨ। ਹੁਣ ਉਹਨਾਂ ਦਾ ਪਰਿਵਾਰ ਬਾਹਰ ਆ ਗਿਆ ਹੈ, ਘਰੇ ਵੰਨ-ਸਵੰਨੀ ਦੀਆਂ ਬਾਹਰਲੀਆਂ ਗੱਡੀਆਂ, ਮੋਟਰ ਸਾਈਕਲ ਆ ਗਏ ਪਰ ਵੱਜਦੇ 'ਗਧੀ ਵਾਲੇ' ਹਨ। ਉਹਨਾਂ ਨੇ ਫੈਸਲਾ ਕੀਤਾ ਕਿ ਨੇੜੇ-ਤੇੜੇ ਪੰਜ-ਸੱਤ ਪਿੰਡਾਂ ਨੂੰ ਅਖੰਡ ਪਾਠ 'ਤੇ ਬੁਲਾਇਆ ਜਾਵੇ ਤੇ ਸੇਵਾ ਕੀਤੀ ਜਾਵੇ। ਨਾਲ ਹੀ ਬੇਨਤੀ ਕੀਤੀ ਜਾਵੇ, ਭਾਈ ਸਾਨੂੰ ਹੁਣ ਗਧੀ ਵਾਲੇ ਨਾ ਕਿਹਾ ਜਾਵੇ। ਬਹੁਤ ਕੱਠ ਹੋਇਆ। ਭਾਈ ਨੇ ਸਪੀਕਰ ਵਿਚ ਬੇਨਤੀ ਵੀ ਕੀਤੀ। ਛੱਤੀ ਪਦਾਰਥ ਲੋਕਾਂ ਨੂੰ ਖਵਾਏ। ਮੁੜਦੇ ਹੋਏ ਲੋਕੀ ਗੱਲਾਂ ਕਰਦੇ ਆ ਰਹੇ ਸਨ- ਭਾਈ ਨੀਅਤ ਹੋਵੇ ਤਾਂ ਗਧੀਵਾਲਿਆਂ ਵਰਗੀ ਹੋਵੇ, ਸੰਗਤ ਦੀ ਕਿੰਨੀ ਸੇਵਾ ਕੀਤੀ। ਟਰਾਲੀ ਪਿੰਡ ਦੀ ਸੱਥ ਰੁਕੀ। ਲੋਕੀ ਉਤਰ ਰਹੇ ਸਨ। ਸੱਥ ਵਿਚ ਬੈਠੇ ਬਾਬੇ ਉਤਰਨ ਵਾਲਿਆਂ ਨੂੰ ਪੁੱਛ ਰਹੇ ਸਨ, ਬਈ ਕਿਧਰੋਂ ਆਈਆਂ ਸੰਗਤਾਂ- ਇਕ ਬਾਬਾ ਕਹਿਣ ਲੱਗਾ ਭਾਈ 'ਗਧੀ ਵਾਲਿਆਂ' ਨੇ ਪਾਠ ਕਰਾਇਆ ਸੀ, ਬਹੁਤ ਸੇਵਾ ਕੀਤੀ ਤੇ ਨਾਲੇ ਕਹਿੰਦੇ ਸਾਨੂੰ ਹੁਣ ਗਧੀ ਵਾਲੇ ਨਾ ਕਿਹਾ ਕਰੋ। ਭਾਈ ਨਹੀਂ ਕਹਿੰਦੇ ਗਧੀ ਵਾਲੇ। ਹੁਣ ਘੋੜੀ ਬਣਗੀ ਤੁਹਾਡੀ ਗਧੀ?

ਇਕ ਬੰਦੇ ਦੀ ਅੱਲ 'ਪੇਟੀ ਬੰਦ' ਸੀ। ਸੁਣਨ ਵਾਲੇ ਸੋਚੇਗਾ, ਕਿਸੇ ਪੇਟੀ ਬੰਦ ਇੰਜਣ ਦੀ ਗੱਲ ਹੋਵੇਗੀ। ਅੱਗੇ ਕਿਰਲੋਸਕਰ ਇੰਜਣ ਲੱਕੜ ਦੀ ਪੇਟੀ ਵਿਚ ਬੰਦ ਆਉਂਦੇ ਸਨ ਤੇ ਉਹਨਾਂ ਇੰਜਣਾਂ ਨੂੰ 'ਪੇਟੀ ਬੰਦ' ਕਿਹਾ ਜਾਂਦਾ ਸੀ। ਇੱਥੇ ਗੱਲ ਕੁਝ ਵੱਖਰੀ ਹੈ। ਇਕ ਦਿਓਰ ਆਪਣੀ ਭਰਜਾਈ ਨੂੰ ਗੱਲੀਂ ਬਾਤੀ ਮਖੌਲ ਕਰਦਾ-ਕਰਦਾ ਜ਼ਿਆਦਾ ਹੀ ਅੱਗੇ ਲੰਘ ਚੱਲਿਆ ਸੀ। ਭਰਜਾਈ ਬਹੁਤ ਚੁਸਤ ਸੀ ਤੇ ਮਖੌਲਣ ਵੀ। ਉਸਨੇ ਘਰ ਵਾਲੇ ਨੂੰ ਸਾਰੀ ਗੱਲ ਦੱਸ ਦਿੱਤੀ ਤੇ ਦਿਓਰ ਦਾ ਮੁਰਗਾ ਬਣਾਉਣ ਵਾਲੀ ਵਿਧੀ ਵੀ ਦੱਸ ਦਿੱਤੀ। ਪਤੀ-ਪਤਨੀ ਨੇ ਸਕੀਮ ਘੜ ਲਈ। ਇਕ ਦਿਨ ਉਸਨੇ ਆਪਣੇ ਦਿਓਰ ਨੂੰ ਕਿਹਾ 'ਕੱਲ੍ਹ ਨੂੰ ਤੇਰੇ ਬਾਈ ਨੇ ਸ਼ਹਿਰ ਨੂੰ ਸਮਾਨ ਲੈਣ ਜਾਣਾ ਐ, ਜਦ ਉਹ ਚਲਾ ਗਿਆ ਤੂੰ ਆ ਜਾਵੀਂ ਆਪਾਂ ਕੱਠੇ ਚਾਹ-ਪਾਣੀ ਪੀਵਾਂਗੇ।' ਖੁਸ਼ੀ ਵਿਚ ਚਾਮ੍ਹਲੇ ਦਿਓਰ ਨੂੰ ਤਾਂ ਰਾਹਤ ਨੂੰ ਨੀਂਦ ਨਾ ਆਵੇ। ਸਕੀਮ ਮੁਤਾਬਕ ਘਰ ਵਾਲਾ ਉਚੀ ਸਾਰੀ ਬੋਲਿਆ- 'ਮੈਂ ਸ਼ਹਿਰ ਨੂੰ ਚੱਲਿਐਂ , ਘਰ ਦਾ ਖਿਆਲ ਰੱਖੀ ਭਾਗਵਾਨੇ''। ਅੱਧੇ ਕੁ ਘੰਟੇ ਬਾਅਦ ਕੋਠੇ ਤੇ ਚੜ੍ਹ ਕੇ ਦਿਓਰ ਨੂੰ ਇਸ਼ਾਰਾ ਕਰ ਦਿੱਤਾ ਉਹ ਤਾਂ ਪਹਿਲਾਂ ਹੀ ਮੁੱਠੀਆਂ 'ਚ ਥੁੱਕੀ ਫਿਰਦਾ ਸੀ। ਚਾਹ ਬਣਾ ਕੇ ਦੋਵੇਂ ਪਿਛਲੇ ਅੰਦਰ ਹਨੇਰੇ ਜਿਹੇ ਬੈਠ ਕੇ ਪੀਣ ਹੀ ਲੱਗੇ ਸਨ ਕਿ ਘਰ ਵਾਲੇ ਨੇ ਆ ਕੇ ਬਾਹਰ ਬਾਰ ਖੜਕਾ ਦਿੱਤਾ ਤੇ ਵਾਜ ਮਾਰੀ 'ਬਾਰ ਖੋਲ੍ਹੋ ਮੇਰਾ ਸਾਈਕਲ ਪੈਂਚਰ ਹੋ ਗਿਆ।ਹੁਣ ਕੱਲ੍ਹ ਨੂੰ ਜਾਉਂਗਾ।' ਦਿਓਰ-ਭਰਜਾਈ ਦੇ ਭਾਅ ਦੀ ਬਣ ਗਈ। ਭਰਜਾਈ ਨੇ ਹਰਫਲੇ ਹੋਏ ਦਿਓਰ ਨੂੰ ਪੇਟੀ ਵਿਚ ਵੜਨ ਦੀ ਸਕੀਮ ਦਿੱਤੀ। ਉਥੇ ਉਸਦੇ ਬੈਠਣ



ਜੋਗੀ ਜਗ੍ਹਾ ਬਣਾਈ ਹੋਈ ਸੀ। ਉਹ ਛਾਲ ਮਾਰ ਕੇ ਪੇਟੀ 'ਚ ਵੜ ਗਿਆ। ਹੁਣ ਭਰਜਾਈ ਨੇ ਘਰ ਵਾਲੇ ਨੂੰ ਸਾਰਾ ਕੁਝ ਸਮਝਾ ਦਿੱਤਾ। ਭਰਜਾਈ ਥੋੜ੍ਹੀ ਦੇਰ ਬਾਅਦ ਦਿਓਰ ਦੀ ਸੁੱਖ-ਬਾਂਦ ਪੁੱਛ ਜਾਵੇ, ਨਾਲੇ ਪਾਣੀ ਦਾ ਗਿਆਸ ਪਿਆ ਜਾਵੇ। ਦਿਓਰ ਨੂੰ ਕੋਢੇ ਹੋਏ ਨੂੰ ਦੋ ਘੰਟੇ ਲੰਘ ਗਏ। ਗਰਮੀ ਜੋਰਾਂ 'ਤੇ ਮੁੜਕੋ-ਮੁੜਕੀ। ਪਾਣੀ ਪੀ-ਪੀ ਪਿਸ਼ਾਬ ਜ਼ੋਰਾਂ 'ਤੇ ਆਉਣ ਲੱਗ ਪਿਆ। ਹੁਣ ਭਰਜਾਈ ਨੇ ਮਿੱਟੀ ਦੇ ਤੇਲ ਵਾਲੀ ਖਾਲੀ ਬੋਤਲ ਪੇਟੀ ਵਿਚ ਹੀ ਫੜਾ ਦਿੱਤੀ।ਬੋਤਲ ਪੂਰੀ ਭਰਗੀ। ਦਿਓਰ ਮਿੰਨਤਾਂ ਕਰੇ ਭਾਬੀ ਕੱਢ ਛੇਤੀ ਬਾਹਰ।ਅੱਗੇ ਉਹ ਕਹਿ ਦੇਵੇ, ਤੇਰਾ ਭਰਾ ਦੋਹਾਂ ਦੇ ਟੁਕੜੇ ਕਰ ਦਿਊ। ਸਕੀਮ ਮੁਤਾਬਕ ਅਖੀਰ ਘਰ ਵਾਲਾ ਕਹਿੰਦਾ- ''ਚੰਗੇ ਮੈਂ ਚਲਦੈਂ ਖੇਤ ਨੂੰ ਮੋਟਰ ਤੇ ਗੇੜਾ ਮਾਰ ਆਵਾਂ''। ਜਦ ਉਹ ਗਿਆ ਤਾਂ ਭਰਜਾਈ ਨੇ ਦਿਓਰ ਨੂੰ ਬਾਹਰ ਕੱਢਿਆ। ਕਹਿੰਦੀ ਬੈਠ ਹੁਣ ਮੈਂ ਭਾਜੀ ਚਾਹ ਬਣਾਉਨੀ ਆਂ। ਨਾ ਭਾਬੀ ਨਾ, ਤੇਰੇ ਮੂਹਰੇ ਹੱਥ ਬੰਨ੍ਹੇ, ਕਿਸੇ ਕੋਲੇ ਗੱਲ ਨਾ ਕਰੀ- ਅੱਜ ਛੱਡਦੇ ਭਾਬੀਏ ਮੈਨੂੰ, ਮੈਂ ਫਿਰ ਨੀ ਮਖੌਲ ਕਰਦਾ ਤੇ ਭਾਬੀ ਕਹਿੰਦੀ- ਆ ਜਾ ਦਿਓਰਾ ਝੂਟ ਲੈ ਪੀਂਘ ਹੁਲਾਰੇ ਲੈਂਦੀ। ਬਾਅਦ ਵਿਚ ਭਾਬੀ ਨੇ ਉਸੇ ਦਿਓਰ ਨੂੰ ਪੇਕਿਆਂ ਤੋਂ ਰਿਸ਼ਤਾ ਵੀ ਕਰਵਾ ਦਿੱਤਾ। ਵਿਆਹ ਮੌਕੇ ਕੁੜੀਆਂ ਨੂੰ ਸਾਰੀ ਗੱਲ ਵੀ ਦੱਸ ਦਿੱਤੀ। ਕੁੜੀਆਂ ਨੇ ਜੀਜੇ ਦਾ ਨਾਂ 'ਪੇਟੀ ਬੰਦ' ਪਾ ਦਿੱਤਾ ਜੋ ਉਹਨਾਂ ਦੀ ਤੀਜੀ ਪੀਹੜੀ ਤੱਕ ਅੱਜ ਵੀ ਚੱਲੀ ਜਾਂਦਾ ਹੈ।

ਮੇਰੇ ਨਾਨਕੇ ਪਿੰਡ ਇਕ ਪਰਿਵਾਰ ਦਾ ਨਾ ਡੈਮ ਫੂਲ ਅਜੇ ਵੀ ਚੱਲੀ ਜਾ ਰਿਹਾ ਹੈ। ਜਿਸ ਬੰਦੇ ਦਾ ਨਾਂ 'ਡੈਮ ਫੂਲ' ਰੱਖਿਆ ਗਿਆ ਸੀ, ਉਸਨੂੰ ਮੈਂ ਨਿੱਕੇ ਹੁੰਦੇ ਨੇ ਵੇਖਿਆ ਹੋਇਆ ਹੈ। ਉਹ ਆਪਣੇ ਸਮੇਂ ਦਾ ਨੌਜਵਾਨ ਅਮਰੀਕਾ ਤੋਂ ਵਾਪਸ ਚਲਾ ਗਿਆ ਸੀ। ਪਹਿਲੀਆਂ ਵਿਚ ਉਹ ਅਮਰੀਕਾ ਆ ਗਿਆ। ਆ ਕੇ ਇਕ ਮੈਕਸੀਕਨ ਮੂਲ ਦੀ ਕੁੜੀ ਨਾਲ ਵਿਆਹ ਕਰਵਾ ਲਿਆ। ਕੁਦਰਤਨ ਕੋਈ ਬਾਲ ਬੱਚਾ ਨਾ ਹੋਇਆ। ਮੈਕਸੀਕਨ ਕੁੜੀ ਕਿਸੇ ਲੰਮੀ ਬਿਮਾਰੀ ਤੋਂ ਬਾਅਦ ਉਸਨੂੰ ਸਦਾ-ਸਦਾ ਲਈ ਇਸ ਦੁਨੀਆ ਤੋਂ ਚਲੀ ਗਈ। ਉਹ ਪੱਕਾ ਨਹੀਂ ਸੀ ਹੋਇਆ ਤੇ ਵਾਪਸ ਚਲਾ ਗਿਆ। ਉਮਰ ਸਿਆਣੀ ਹੋ ਗਈ ਸੀ ਤੇ ਵਾਪਸ ਗਏ ਨੂੰ ਕੋਈ ਰਿਸ਼ਤਾ ਨਾ ਮਿਲਿਆ। ਭਰਾ ਚੰਗੇ ਸਨ, ਬਣਦੀ ਜ਼ਮੀਨ ਨਹਿਰ ਦੇ ਕਿਨਾਰੇ ਦੇ ਦਿੱਤੀ। ਉਥੇ ਉਸਨੇ ਕੋਠੀ ਪਾ ਲਈ ਜੋ ਪਿੰਡੋਂ ਕਾਫੀ ਦੂਰ ਮੇਨ ਸੜਕ ਦੇ ਉਪਰ ਸੀ। ਨਹਿਰ ਦਾ ਕਿਨਾਰਾ ਹੋਣ ਕਰਕੇ ਦਿਲਕਸ਼ ਨਜ਼ਾਰਾ ਸੀ। ਦੂਜਾ ਉਸਨੇ ਬਾਗ-ਬਗੀਚਾ ਬਹੁਤ ਸੋਹਣਾ ਲਾਇਆ ਹੋਇਆ ਸੀ। ਉਸਨੂੰ ਸਿਰ 'ਤੇ ਹੈਟ ਪਾ ਕੇ ਕਸੀਏ ਨਾਲ ਗੋਡੀ ਕਰਦੇ ਨੂੰ ਅੱਖੀਂ ਦੇਖਿਆ ਹੋਇਆ ਹੈ। ਕੰਮਕਾਰ ਤੋਂ ਵਿਹਲਾ ਹੋ ਕੇ ਉਹ ਅਖਬਾਰਾਂ ਲੈ ਕੇ ਪਿੰਡ ਦੀ ਸੱਥ ਵਿਚ ਹਾਣੀਆਂ ਨੂੰ ਖਬਰਾਂ ਸੁਣਾਉਂਦਾ। ਅਮਰੀਕਾ ਦੀ ਖੇਤੀ ਤੇ ਮਸ਼ੀਨਰੀ ਬਾਰੇ ਦੱਸਦਾ, ਜਿਸਦਾ ਪੇਂਡੂ ਬਜ਼ੁਰਗਾਂ ਨੂੰ ਯਕੀਨ ਨਾ ਆਉਂਦਾ। ਉਹ ਆਪਸ ਵਿਚ ਘੁਸਰ-ਮੁਸਰ ਕਰਦੇ, ਬਈ ਇਹ ਝੂਠ ਬੋਲ ਰਿਹਾ ਹੈ। ਉਸਨੇ ਕਹਿਣਾ ਕੁੜੀਆਂ ਸਾਈਕਲਾਂ ਤੇ ਸਕੂਲ ਨੂੰ ਜਾਇਆ ਕਰਨਗੀਆਂ। ਮਸ਼ੀਨਾਂ ਕਪਾਹਾਂ ਚੁਗਿਆ ਕਰਨ-ਗੀਆਂ। ਮਸ਼ੀਨਾਂ ਕਣਕਾਂ ਵੱਢਣਗੀਆਂ। ਕਿਸੇ ਬੁੜੇ ਨੇ ਜਵਾਬ ਦੇਣਾ- ਗੱਪ ਘੱਟ ਮਾਰਿਆ ਕਰ। ਅੱਗੋਂ ਉਸਨੇ ਕਹਿ ਦੇਣਾ ਬਕਵਾਸ ਬੰਦ ਕਰ 'ਡੈਮ ਫੂਲ' ਕਿਸੇ ਥਾਂ ਦਾ। ਫਿਰ ਕਿਸੇ ਨੇ ਟੋਕਣਾ ਤਾਂ ਉਸਨੇ ਕਹਿ ਦੇਣਾ ਚੁੱਪ 'ਡੈਮ ਫੂਲ' ਨਾ ਹੋਵੇ। ਹੌਲੀ-ਹੌਲੀ ਬੁੜੇ ਕਹਿਣ ਲੱਗ ਪਏ ਬਈ ਅੱਜ 'ਡੈਮ ਫੂਲ' ਨੀ ਆਇਆ। ਦੂਜੇ ਨੇ ਕਹਿਣਾ ਆਜੂਗਾ ਆ ਕੇ ਗਪੌੜ ਹੀ ਛੱਡਣੇ ਐ।

ਹੌਲੀ-ਹੌਲੀ ਪਿੰਡ ਦੇ ਅਨਪੜ੍ਹ ਬੰਦਿਆਂ ਨੇ ਪੜ੍ਹੇ-ਲਿਖੇ ਤੇ ਸੱਤ ਸਮੁੰਦਰ ਘੁੰਮੇ ਹੋਏ ਬੰਦੇ ਦੇ ਨਾਂ ਨਾਲ 'ਡੈਮ ਫੂਲ' ਜੋੜ ਦਿੱਤਾ। ਕੋਠੀ ਦੇ ਪਾਸ ਦੀ ਲੰਘਦੇ ਹੋਏ ਹੋਕਰੇ ਮਾਰਨੇ ਉਏ ਡੈਮ ਫੂਲਾ ਘਰੇ ਈ ਐ। ਉਮਰ ਨਾਲ ਉਹ ਗੁੱਸਾ ਕਰਨੋਂ ਹਟ ਗਿਆ। ਸਾਰੇ ਪਿੰਡ ਲਈ ਉਸਦੀ ਕੋਠੀ ਇਕ ਕੇਂਦਰ ਬਿੰਦੂ ਬਣੀ ਹੋਈ ਸੀ। ਕਈ ਵਾਰ ਪਿੰਡ ਦੇ ਭਾਈ ਨੂੰ ਅਸੀਂ ਹੋਕਾ ਦਿੰਦੇ ਸੁਣਿਆ ਸੀ- ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ। ਸਾਰੇ ਮਾਈਆਂ-ਭਾਈਆਂ ਨੂੰ ਸੂਚਿਤ ਕੀਤਾ ਜਾਂਦਾਹੈ ਕਿ ਬਾਬੇ ਬੂੜ ਸਿਉਂ ਕਿਆਂ ਨੇ ਨਵਾਂ ਟਰੈਕਟਰ-ਟਰਾਲੀ ਲਿਆਂਦੇ ਹਨ। ਉਹਨਾਂ ਨੇ ਸੰਗਤਾਂ ਨੂੰ ਨਵਾਉਣ ਲਈ ਲੈ ਕੇ ਜਾਣੈ। ਜਿਸ ਮਾਈ-ਭਾਈ ਨੇ ਜਾਣੈ ਉਹ ਸਵੇਰੇ ਚਾਰ ਵਜੇ ''ਬਾਬੇ ਡੈਮ ਫੂਲ'' ਕੋਠੀ ਕੋਲ ਪਹੁੰਚ ਜਾਇਓ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।

ਅੱਜ ਬਾਬਾ ਡੈਮ ਫੂਲ ਜ਼ਿਸਦਾ ਅਸਲੀ ਨਾਂ ਕਿਸੇ ਨੂੰ ਵੀ ਪਤਾ ਨਹੀਂ, ਇਸ ਦੁਨੀਆਂ ਵਿਚ ਨਹੀਂ ਰਿਹਾ। ਪਰ ਉਸਦੀ ਅੱਲ ਅੱਜ ਵੀ ਚਲੀ ਜਾ ਰਹੀ ਹੈ-
ਵੇ ਡੈਮ ਫੂਲ ਸਿਆਂ
ਮੈਨੂੰ ਨਹਿਰ ਦੇ ਕਿਨਾਰੇ ਕੋਠੀ ਪਾਦੇ।

# ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ

ਬਰੈਂਪਟਨ- ਪੰਜਾਬ ਦੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇੱਥੇ ਪਰਵਾਸੀ ਪੰਜਾਬੀਆਂ ਨਾਲ ਮੀਟਿੰਗ ਵਿੱਚ ਪੰਜਾਬੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਆਪਣੀ ਮਾਤ ਭੂਮੀ ਵਿੱਚ ਵੱਧ ਤੋਂ ਵੱਧ ਪੂੰਜੀ ਨਿਵੇਸ਼ ਕਰਨ। ਉਨ੍ਹਾਂ ਵਿਸ਼ਵਾਸ ਦਿਵਾਇਆ ਪੰਜਾਬ ਦੀ ਕਾਂਗਰਸ ਸਰਕਾਰ ਵਿੱਚ ਐਨਆਰਆਈਜ਼ ਦੇ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਹਨ। ਉਨ੍ਹਾਂ ਦੱਸਿਆ ਕਿ ਉਹ ਵੈਨਕੂਵਰ ਸਮੇਤ ਪੰਜਾਬੀਆਂ ਦੀ ਵਸੋਂ ਵਾਲੇ ਕਈ ਸ਼ਹਿਰਾਂ ਦਾ ਦੌਰਾ ਕਰਨ ਮਗਰੋਂ ਇੱਥੇ ਆਏ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਰਵਾਸੀਆਂ ਨੂੰ ਨਾਲ ਲੈ ਕੇ ਪੰਜਾਬ ਦੀ ਆਰਥਿਕਤਾ ਮਜ਼ਬੂਤ ਕਰਨ ਲਈ ਯਤਨਸ਼ੀਲ ਹਨ ਤੇ ਛੇਤੀ ਹੀ ਪਰਵਾਸੀਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ।

ਸ੍ਰੀ ਚੰਨੀ ਨੇ ਕਿਹਾ ਕਿ ਕੈਨੇਡਾ ਦੌਰੇ ਦੌਰਾਨ ਉਨ੍ਹਾਂ ਨੇ ਕੈਨੇਡਾ ਵਿੱਚ ਤਕਨੀਕੀ ਸਿੱਖਿਆ ਦੇ ਮਿਆਰ ਬਾਰੇ ਇੱਥੋਂ ਦੀਆਂ ਸੰਸਥਾਵਾਂ ਨਾਲ ਮੀਟਿੰਗਾਂ ਕੀਤੀਆਂ ਹਨ। ਇਸ ਮੌਕੇ ਕਾਂਗਰਸੀ ਆਗੂ ਸਤਿੰਦਰਪਾਲ ਸਿੱਧਵਾਂ ਨੇ ਸ੍ਰੀ ਚੰਨੀ ਦੇ ਧਿਆਨ ਵਿੱਚ ਲਿਆਂਦਾ ਕਿ ਪਰਵਾਸੀਆਂ ਦੀਆਂ ਜਾਇਦਾਦਾਂ 'ਤੇ ਲੋਕ ਉਥੇ ਨਾਜਾਇਜ਼ ਕਬਜ਼ੇ ਕਰ ਲੈਂਦੇ ਹਨ ਤਾਂ ਸ੍ਰੀ ਚੰਨੀ ਨੇ ਕਿਹਾ ਕਿ ਹੁਣ ਉਥੇ ਅਕਾਲੀ ਸਰਕਾਰ ਨਹੀਂ ਹੈ।

ਭੁਪਿੰਦਰ ਸਿੱਧੂ ਨੇ ਕਿਹਾ ਕਿ ਕੈਪਟਨ ਸਮੇਤ ਕਾਂਗਰਸ ਦੇ ਆਗੂਆਂ ਨੂੰ ਕੈਨੇਡਾ ਆ ਕੇ ਲੋਕਾਂ ਨਾਲ ਤਾਲਮੇਲ ਵਧਾਉਣਾ ਚਾਹੀਦਾ ਹੈ। ਕਰਮਜੀਤ ਮਾਨ ਨੇ ਕਿਹਾ ਕਿ ਕਾਂਗਰਸ ਸਰਕਾਰ ਐਨਆਰਆਈਜ਼ ਨੂੰ ਭਰੋਸੇ ਵਿੱਚ ਲਵੇ। ਇਸ ਮੌਕੇ ਗੁਰਪ੍ਰੀਤ ਸਿੰਘ ਖੰਗੂੜਾ ਨੇ ਮੰਤਰੀ ਚੰਨੀ ਲਈ ਸਵਾਗਤੀ ਸ਼ਬਦ ਕਹੇ ਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੀਨੀਅਰ ਆਗੂ ਜਗਮੋਹਣ ਸਹੋਤਾ ਤੇ ਮਿਸਟਰ ਚਾਹਲ ਵੀ ਹਾਜ਼ਰ ਸਨ।

# ਕੈਪਟਨ ਨੇ ਅਨਾਜ ਖਾਤੇ ਦੇ ਨਿਬੇੜੇ ਲਈ ਮੋਦੀ ਤੋਂ ਦਖ਼ਲ ਮੰਗਿਆ

ਨਵੀਂ ਦਿੱਲੀ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਝੋਨੇ ਅਤੇ ਕਣਕ ਦੀ ਖਰੀਦ ਲਈ 31000 ਕਰੋੜ ਰੁਪਏ ਦੇ ਅਨਾਜ ਖਾਤੇ ਦੇ ਨਿਪਟਾਰੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਖ਼ਲ ਦੀ ਮੰਗ ਕੀਤੀ ਹੈ, ਜੋ ਪਿਛਲੀ ਸੂਬਾ ਸਰਕਾਰ ਨੇ ਗਲਤ ਤਰੀਕੇ ਨਾਲ ਆਪਣੇ ਸਿਰ ਲੈ ਲਿਆ ਸੀ। ਮੁੱਖ ਮੰਤਰੀ ਨੇ ਇਹ ਮੁੱਦਾ ਅੱਜ ਪ੍ਰਧਾਨ ਮੰਤਰੀ ਨਾਲ ਹੋਈ ਇਕ ਮੀਟਿੰਗ ਦੌਰਾਨ ਉਠਾਇਆ।

31000 ਕਰੋੜ ਰੁਪਏ ਦੀ ਰਾਸ਼ੀ 'ਚ 12 ਹਜ਼ਾਰ ਕਰੋੜ ਰੁਪਏ ਮੂਲ ਰਕਮ ਅਤੇ 19000 ਕਰੋੜ ਰੁਪਏ ਵਿਆਜ ਹੋਣ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 2003-2004 ਤੋਂ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਲਈ ਸੂਬਾ ਏਜੰਸੀਆਂ ਵੱਲੋਂ ਕੀਤੀ ਗਈ ਖਰੀਦ ਨਾਲ ਇਹ ਰਾਸ਼ੀ ਸਬੰਧਤ ਹੈ ਜਿਸ ਦੇ ਖਾਤਿਆਂ ਨੂੰ ਨਿਪਟਾਇਆ ਨਹੀਂ ਗਿਆ। ਉਨ੍ਹਾਂ ਕਿਹਾ ਕਿ ਇਸ ਵੇਲੇ ਇਹ ਮੁੱਦਾ ਕੇਂਦਰੀ ਵਿੱਤ ਮੰਤਰਾਲੇ ਕੋਲ ਪੈਂਡਿੰਗ ਹੈ। ਸੂਬਾ ਪਹਿਲਾਂ ਹੀ 324 ਕਰੋੜ ਰੁਪਏ ਦੇ ਸਾਲਾਨਾ ਵਿਆਜ ਦੇ ਭੁਗਤਾਨ ਦੀ ਦੇਣਦਾਰੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੁੱਲ ਭੁਗਤਾਨ 65000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।

ਉਨ੍ਹਾਂ ਪੰਜਾਬ ਦੇ ਸਰਹੱਦੀ ਇਲਾਕੇ ਦੇ ਵਿਕਾਸ ਲਈ ਵਿਸ਼ੇਸ਼ ਪੈਕੇਜ ਦੀ ਮੰਗ ਦੁਹਰਾਈ। ਉਨ੍ਹਾਂ ਸਰਹੱਦੀ ਇਲਾਕਾ ਵਿਕਾਸ ਫੰਡ ਦੀ ਵੰਡ ਬਾਰੇ ਮਾਪਦੰਡ ਪੰਜਾਬ ਦੇ ਹੱਕ ਵਿਚ ਨਾ ਹੋਣ ਦੀ ਗੱਲ ਆਖੀ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਬੰਧੀ ਕੇਂਦਰੀ ਵਿੱਤੀ ਸਹਾਇਤਾ ਲਈ ਵੀ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ। ਉਨ੍ਹਾਂ ਦੱਸਿਆ ਕਿ 2145 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਯਾਦ ਪੱਤਰ ਪਹਿਲਾਂ ਹੀ ਸੂਬਾ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਨੂੰ ਭੇਜਿਆ ਜਾ ਚੁੱਕਾ ਹੈ । ਉਨ੍ਹਾਂ ਅਪੀਲ ਕੀਤੀ ਕਿ ਇਸ ਯਾਦਗਾਰੀ ਸਮਾਗਮ ਲਈ ਕੌਮੀ ਪੱਧਰ 'ਤੇ ਪ੍ਰਬੰਧਕੀ ਕਮੇਟੀ ਦਾ ਗਠਨ ਕੀਤਾ ਜਾਵੇ। ਉਨ੍ਹਾਂ ਜਲ੍ਹਿਆਂਵਾਲਾ ਬਾਗ਼ ਸਾਕੇ ਦੀ ਸ਼ਤਾਬਦੀ ਮਨਾਉਣ ਅਤੇ ਇਸ ਯਾਦਗਾਰ ਦੇ ਆਲੇ -ਦੁਆਲੇ ਦੀਆਂ ਥਾਵਾਂ ਅਤੇ ਅੰਮ੍ਰਿਤਸਰ ਵਿੱਚ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਲਈ 100 ਕਰੋੜ ਰੁਪਏ ਦੀ ਗ੍ਰਾਂਟ ਦੇਣ ਦੀ ਅਪੀਲ ਕੀਤੀ।

ਕਿਸਾਨਾਂ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਲਈ ਸਾਰਾ ਫੰਡ ਕੇਂਦਰ ਵੱਲੋਂ ਮੁਹੱਈਆ ਕਰਵਾਏ ਜਾਣ ਦੇ ਨਾਲ ਨਾਲ ਕੌਮੀ ਕਰਜ਼ਾ ਮੁਆਫ਼ੀ ਸਕੀਮ ਦੀ ਅਪੀਲ ਦੁਹਰਾਈ।

# ਪੰਜਾਬੀ ਸਮੇਤ 20 ਭਾਸ਼ਾਵਾਂ 'ਚ ਹੋਵੇਗੀ ਸੀ.ਟੀ.ਈ.ਟੀ. ਪ੍ਰੀਖਿਆ-ਜਾਵੜੇਕਰ

ਨਵੀਂ ਦਿੱਲੀ- ਕੇਂਦਰੀ ਮਨੁੱਖੀ ਸਰੋਤ ਤੇ ਵਿਕਾਸ ਮੰਤਰਾਲੇ ਦੇ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਸੀ. ਬੀ. ਐੱਸ. ਈ. ਨੂੰ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ (ਸੀ. ਟੀ. ਈ. ਟੀ.) ਪਹਿਲਾਂ ਦੀ ਤਰ੍ਹਾਂ 20 ਭਾਸ਼ਾਵਾਂ 'ਚ ਲੈਣ ਦੇ ਨਿਰਦੇਸ਼ ਦਿੱਤੇ ਹਨ। ਇਹ ਬਿਆਨ ਉਨ੍ਹਾਂ ਨੇ ਇਕ ਟਵੀਟ ਰਾਹੀਂ ਦਿੱਤਾ ਹੈ। ਸੀ. ਬੀ. ਐੱਸ. ਈ. ਵਲੋਂ ਸੀ. ਟੀ. ਈ. ਟੀ. ਪ੍ਰੀਖਿਆ ਲਈ ਤਾਮਿਲ, ਮਲਿਆਲਮ, ਤੇਲਗੂ, ਕੰਨੜ, ਗੁਜਰਾਤੀ ਤੇ ਬੰਗਾਲੀ ਸਮੇਤ 17 ਭਾਸ਼ਾਵਾਂ ਹਟਾਉਣ ਕਰਕੇ ਹੋਈ ਆਲੋਚਨਾ ਦੇ ਚਲਦਿਆਂ ਜਾਵੇੜਕਰ ਦਾ ਇਹ ਬਿਆਨ ਆਇਆ ਹੈ। ਡੀ. ਐੱਮ. ਕੇ. ਨੇਤਾ ਕਨੀਮੋਝੀ ਨੇ ਵੀ ਅੱਜ ਟਵਿੱਟਰ 'ਤੇ ਆਪਣਾ ਗੁੱਸਾ ਜ਼ਾਹਰ ਕਰਦਿਆਂ ਸੀ. ਬੀ. ਐੱਸ. ਈ. ਵਲੋਂ ਪ੍ਰੀਖਿਆ 'ਚੋਂ ਖ਼ੇਤਰੀ ਭਾਸ਼ਾਵਾਂ ਨੂੰ ਬਾਹਰ ਕੱਢਣ ਦੇ ਫ਼ੈਸਲੇ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਦੀ ਥਾਂ ਧੱਕੇ ਨਾਲ ਹਿੰਦੀ ਤੇ ਸੰਸਕ੍ਰਿਤ ਪੜ੍ਹਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਨਾਲ ਦੇਸ਼ 'ਚ ਇਕ ਨਵਾਂ ਸੰਘਰਸ਼ ਪੈਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਭਾਜਪਾ ਦੀ 'ਹਿੰਦੀ, ਹਿੰਦੂ, ਹਿੰਦੁਸਤਾਨ' ਦੀ ਯੋਜਨਾ ਦੀ ਕੋਸ਼ਿਸ਼ ਹੈ। ਜਾਵੜੇਕਰ ਨੇ ਟਵੀਟ ਕਰਦਿਆਂ ਕਿਹਾ ਕਿ ਪਹਿਲਾਂ ਵਾਂਗ ਸੀ. ਟੀ. ਈ. ਟੀ. ਦੀ ਪ੍ਰੀਖਿਆ ਪੰਜਾਬੀ ਸਮੇਤ 20 ਭਾਸ਼ਾਵਾਂ 'ਚ ਲਈ ਜਾਵੇਗੀ।

# ਸ੍ਰੀ ਅਨੰਦਪੁਰ ਸਾਹਿਬ ਦੇ 353ਵੇਂ ਸਥਾਪਨਾ ਦਿਵਸ ਸਬੰਧੀ ਸਮਾਗਮ

ਸ੍ਰੀ ਆਨੰਦਪੁਰ ਸਾਹਿਬ- ਇਤਿਹਾਸਕ ਨਗਰੀ ਚੱਕ ਮਾਤਾ ਨਾਨਕੀ-ਸ੍ਰੀ ਆਨੰਦਪੁਰ ਸਾਹਿਬ ਜੀ ਦੇ 353ਵੇਂ ਸਥਾਪਨਾ ਦਿਵਸ ਦੇ ਸਬੰਧ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ-ਛਾਇਆ ਅਤੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਕੇ ਮਹਿਲ (ਭੋਰਾ ਸਾਹਿਬ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਇਸ ਮੌਕੇ ਅਰਦਾਸ ਗਿਆਨੀ ਫੂਲਾ ਸਿੰਘ, ਹੈੱਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਕੀਤੀ ਗਈ ਅਤੇ ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਕਿਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਇਸ ਨਗਰ ਦੀ ਉਸਾਰੀ ਵਾਸਤੇ ਬਿਲਾਸਪੁਰ ਰਿਆਸਤ ਦੀ ਰਾਣੀ ਚੰਪਾ ਪਾਸੋਂ ਇਹ ਜਗ੍ਹਾ ਮੁੱਲ ਖਰੀਦ ਕੇ ਬਾਬਾ ਬੁੱਢਾ ਜੀ ਦੇ ਵੰਸ਼ਜ ਭਾਈ ਗੁਰਦਿੱਤਾ ਪਾਸੋਂ ਮੋੜ੍ਹੀ ਗਡਵਾਈ ਅਤੇ ਇਸ ਪਵਿੱਤਰ ਕਾਰਜ ਨੂੰ ਸੰਪੂਰਨ ਕੀਤਾ। ਸਿੱਖ ਵਿਦਵਾਨ ਪ੍ਰਿੰ. ਸੁਰਿੰਦਰ ਸਿੰਘ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੇ ਵਾਸੀਆਂ ਦੇ ਉੱਤਮ ਭਾਗ ਹਨ ਜਿਨ੍ਹਾਂ ਨੂੰ ਉਸ ਨਗਰੀ ਵਿੱਚ ਰਹਿਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ, ਜਿੱਥੇ ਗੁਰੂ ਤੇਗ ਬਹਾਦਰ ਜੀ ਦਾ ਪਰਿਵਾਰ ਨਿਵਾਸ ਕਰਦਾ ਰਿਹਾ ਹੈ। ਇਸ ਮੌਕੇ ਮੀਤ ਮੈਨੇਜਰ ਲਖਵਿੰਦਰ ਸਿੰਘ, ਕੁਲਵੰਤ ਸਿੰਘ ਬਾਠ ਮੈਂਬਰ ਦਿੱਲੀ ਕਮੇਟੀ, ਬਾਬਾ ਜਗਜੀਤ ਸਿੰਘ, ਐਡਵੋਕੇਟ ਹਰਦੇਵ ਸਿੰਘ ਸੂਚਨਾ ਅਫ਼ਸਰ, ਸੁਰਜੀਤ ਸਿੰਘ ਫੌਜੀ, ਮਾ. ਹਰਜੀਤ ਸਿੰਘ ਅਚਿੰਤ ਤੇ ਅਮਰੀਕ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਪੰਚਮ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ



ਭਾਈ ਗੋਬਿੰਦ ਸਿੰਘ ਲੌਂਗੋਵਾਲ

ਸਿੱਖ ਧਰਮ ਅੰਦਰ 'ਸ਼ਹਾਦਤ' ਸ਼ਬਦ ਬਹੁਤ ਹੀ ਸਤਿਕਾਰ ਭਰੇ ਸ਼ਬਦਾਂ ਵਿੱਚ ਰੂਪਮਾਨ ਹੈ। ਸਿੱਖੀ ਅੰਦਰ ਇਸ ਸ਼ਬਦ ਦੀ ਵਰਤੋਂ ਸੱਚ ਦੀ ਆਵਾਜ਼ ਬੁਲੰਦ ਰੱਖਣ ਲਈ ਦਿੱਤੀ ਗਈ ਕੁਰਬਾਨੀ ਦੀ ਗਵਾਹੀ ਵਜੋਂ ਹੈ ਅਤੇ ਇਹ ਗਵਾਹੀ ਕੋਈ ਆਮ ਨਹੀਂ ਸਗੋਂ ਸਮਾਜਿਕ ਸਰੋਕਾਰਾਂ ਦੇ ਨਾਲ ਨਾਲ ਰੂਹਾਨੀਅਤ ਨਾਲ ਵੀ ਲਬਰੇਜ਼ ਹੈ। ਹੱਕ, ਸੱਚ, ਧਰਮ ਅਤੇ ਮਨੁੱਖੀ ਆਜ਼ਾਦੀ ਦੀ ਰੱਖਿਆ ਦੇ ਉੱਚੇ ਆਦਰਸ਼ ਲਈ ਆਪਣੇ ਜੀਵਨ ਦੀ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਗੁਰੂ ਹਨ। ਉਨ੍ਹਾਂ ਵੱਲੋਂ ਦਿੱਤੀ ਗਈ ਸ਼ਹਾਦਤ ਸਿੱਖ ਕੌਮ ਲਈ ਉਹ ਸ਼ਕਤੀ ਬਣ ਕੇ ਉੱਭਰੀ ਜਿਸ ਤੋਂ ਅਗਵਾਈ ਲੈ ਕੇ ਸਿੱਖ ਪੰਥ ਨੇ ਸ਼ਹਾਦਤਾਂ ਦੀ ਇੱਕ ਅਜਿਹੀ ਲੜੀ ਸਿਰਜੀ, ਜਿਸ ਦਾ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਹੋਰ ਕੋਈ ਮੁਕਾਬਲਾ ਨਹੀਂ ਕਰ ਸਕਿਆ। ਅਸਲ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲਿਆ ਆ ਰਿਹਾ ਹਕੂਮਤ ਦਾ ਵਿਰੋਧ ਗੁਰੂ ਅਰਜਨ ਦੇਵ ਜੀ ਦੇ ਸਮੇਂ ਆਪਣੇ ਸਿਖਰ 'ਤੇ ਪੁੱਜ ਗਿਆ। ਗੁਰੂ ਜੀ ਨੂੰ ਪ੍ਰਿਥੀ ਚੰਦ, ਸੁਲਹੀ ਖਾਨ ਅਤੇ ਚੰਦੂ ਆਦਿ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਗੁਰੂ ਸਾਹਿਬ ਨੇ ਜਦੋਂ ਸਿੱਖ ਕੌਮ ਨੂੰ ਜਥੇਬੰਦ ਕਰਨ ਦੀਆਂ ਤਿਆਰੀਆਂ ਆਰੰਭੀਆਂ ਤਾਂ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਸਿਖ਼ਰ 'ਤੇ ਪੁੱਜ ਗਈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦਾ ਪੂਰਾ ਜੀਵਨ ਸੰਘਰਸ਼ਮਈ ਰਿਹਾ, ਪਰ ਸ਼ਾਂਤੀ ਦੇ ਸਾਗਰ, ਨਿਮਰਤਾ ਦੇ ਪੁੰਜ, ਪਰਉਪਕਾਰੀ ਸਤਿਗੁਰਾਂ ਨੇ ਅਜਿਹੇ ਕਠਿਨਾਈਆਂ ਭਰੇ ਸਮੇਂ ਵਿੱਚ ਵੀ ਸਿੱਖ ਧਰਮ ਦੇ ਵਿਕਾਸ ਲਈ ਆਪਣਾ ਪੂਰਾ ਜੀਵਨ ਸਮਰਪਣ ਕਰ ਦਿੱਤਾ।

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਜਿੱਥੇ ਉੱਚ ਆਤਮਿਕ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ, ਉੱਥੇ ਹੀ ਸਿੱਖੀ ਦੇ ਵਿਕਾਸ ਲਈ ਕਈ ਮਹੱਤਵਪੂਰਨ ਕਾਰਜ ਕੀਤੇ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਵੱਲੋਂ ਵਸਾਏ ਨਗਰ 'ਗੁਰੂ ਕਾ ਚੱਕ' ਨੂੰ 'ਚੱਕ ਰਾਮਦਾਸKਰਾਮਦਾਸਪੁਰ' ਦਾ ਨਾਂ ਦੇ ਕੇ ਇਸ ਦਾ ਵਿਕਾਸ ਕਰਨਾ ਪੰਜਵੇਂ ਪਾਤਸ਼ਾਹ ਦੀ ਹੀ ਦੇਣ ਹੈ, ਜੋ ਬਾਅਦ ਵਿੱਚ ਸ੍ਰੀ ਅੰਮ੍ਰਿਤਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਦੇ ਨਾਲ ਹੀ ਪੰਜਵੇਂ ਪਾਤਸ਼ਾਹ ਨੇ ਗੁਰੂ ਰਾਮਦਾਸ ਜੀ ਵੱਲੋਂ ਤਿਆਰ ਕਰਵਾਏ ਜਾ ਰਹੇ ਅੰਮ੍ਰਿਤ ਸਰੋਵਰ ਦੀ ਸੰਪੂਰਨਤਾ ਕਰਵਾ ਕੇ ਇਸਦੇ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਉਨ੍ਹਾਂ ਵੱਲੋਂ ਕੀਤੇ ਗਏ ਅਹਿਮ ਕਾਰਜਾਂ ਵਿੱਚੋਂ ਇੱਕ ਮਹਾਨ ਕੰਮ (ਆਦਿ) ਗੁਰੂ ਗ੍ਰੰਥ



ਸਾਹਿਬ ਦੀ ਸੰਪਾਦਨਾ ਦਾ ਵੀ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਵੱਖ ਵੱਖ ਸ਼ਹਿਰਾਂ ਦੀ ਸਥਾਪਨਾ ਕੀਤੀ, ਸਰੋਵਰ ਬਣਵਾਏ ਅਤੇ ਸਿੱਖਾਂ ਨੂੰ ਵਪਾਰ ਲਈ ਪ੍ਰੇਰਿਆ। ਉਨ੍ਹਾਂ ਵੱਲੋਂ ਤੀਹ ਰਾਗਾਂ ਵਿੱਚ ਰਚੀ ਗਈ ਬਾਣੀ, ਗੁਰੂ ਗ੍ਰੰਥ ਸਾਹਿਬ ਅੰਦਰ ਸੁਸ਼ੋਭਿਤ ਹੈ। ਇਨ੍ਹਾਂ ਸਭ ਕਾਰਜਾਂ ਸਮੇਤ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਲਈ ਪੰਜਵੀਂ ਪਾਤਸ਼ਾਹੀ ਨੇ ਅਨੇਕਾਂ ਹੋਰ ਕਾਰਜ ਵੀ ਕੀਤੇ।

ਗੁਰੂ ਅਰਜਨ ਦੇਵ ਜੀ ਦੀ ਵਡਿਆਈ ਵਿਰੋਧੀਆਂ ਤੋਂ ਸਹਾਰੀ ਨਾ ਗਈ, ਜਿਸਦਾ ਨਤੀਜਾ ਇਹ ਨਿਕਲਿਆ ਕਿ ਇਸ ਆਦਰਸ਼ ਸ਼ਖ਼ਸੀਅਤ ਨੂੰ ਅਨੇਕਾਂ ਸਰੀਰਿਕ ਤਸੀਹੇ ਦਿੱਤੇ ਗਏ। ਜ਼ਾਲਿਮਾਂ ਵੱਲੋਂ ਸਖ਼ਤ ਗਰਮੀ ਦੇ ਮੌਸਮ ਵਿੱਚ ਆਪ ਨੂੰ ਉਬਲਦੀ ਦੇਗ਼ ਵਿੱਚ ਬਿਠਾਇਆ ਗਿਆ, ਤੱਤੀ ਤਵੀ 'ਤੇ ਚੌਂਕੜਾ ਲਵਾਇਆ ਗਿਆ ਅਤੇ ਪਾਵਨ ਸੀਸ 'ਤੇ ਸੜਦੀ-ਬਲ਼ਦੀ ਰੇਤ ਪਾਈ ਗਈ। ਸਭ ਸਰੀਰਿਕ ਕਸ਼ਟਾਂ ਨੂੰ ਬੜੇ ਸਹਿਜ ਵਿੱਚ ਸਹਾਰਦਿਆਂ ਇਸ ਨੂੰ ਕਰਤਾਰ ਦਾ ਭਾਣਾ ਸਮਝ ਕੇ ਗੁਰੂ ਸਾਹਿਬ ਅਡੋਲ ਰਹੇ। ਇਸ ਤਰ੍ਹਾਂ 30 ਮਈ 1606 ਨੂੰ ਸ਼ਹੀਦ ਕਰ ਦਿੱਤਾ ਗਿਆ।

ਉਂਜ ਤਾਂ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਅਨੇਕਾਂ ਕਾਰਨ ਮੰਨੇ ਜਾਂਦੇ ਹਨ, ਪਰ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਸੀ। ਬਾਕੀ ਸਾਰੇ ਕਾਰਨ ਸਹਾਇਕ ਸਿੱਧ ਹੋਏ। ਦਰਅਸਲ, ਜਹਾਂਗੀਰ ਮੌਕੇ ਦੀ ਭਾਲ ਵਿੱਚ ਸੀ ਕਿ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖ਼ਤਮ ਕਰ ਦੇਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ 'ਤੁਜ਼ਕੇ ਜਹਾਂਗੀਰੀ' ਵਿੱਚ ਵੀ ਕਰਦਾ ਹੈ। ਬਹਾਨਾ ਉਸ ਨੂੰ ਆਪਣੇ ਪੁੱਤਰ ਖੁਸਰੋ ਦੀ ਬਗ਼ਾਵਤ ਵਿੱਚੋਂ ਮਿਲਿਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ ਜਿਸ ਤੋਂ ਭਾਵ ਹੈ ਕਿ ਤਸੀਹੇ ਦੇ ਕੇ ਮਾਰਨਾ।

ਦੂਜੇ ਪਾਸੇ ਗੁਰੂ ਸਾਹਿਬ ਦੀ ਸ਼ਹੀਦੀ ਨੇ ਸਿੱਖ ਲਹਿਰ ਨੂੰ ਨਵੀਂ ਸੇਧ ਦਿੱਤੀ ਅਤੇ ਪੰਜਾਬ ਦੇ ਇਤਿਹਾਸ ਉੱਤੇ ਇਸ ਦਾ ਦੂਰਗਾਮੀ ਅਸਰ ਹੋਇਆ। ਇਸ ਨਾਲ ਸਿੱਖਾਂ ਦੇ ਮਨਾਂ ਵਿੱਚ ਇਹ ਗੱਲ ਘਰ ਕਰ ਗਈ ਕਿ ਧਰਮ ਦੀ ਰੱਖਿਆ ਲਈ ਜ਼ੁਲਮ ਅੱਗੇ ਗੋਡੇ ਟੇਕਣ ਦੀ ਬਜਾਏ ਹਥਿਆਰਬੰਦ ਹੋਣਾ ਤੇ ਵੈਰੀ ਨਾਲ ਦੋ ਹੱਥ ਕਰਨਾ ਲਾਜ਼ਮੀ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਅਕਾਲ ਪੁਰਖ ਦਾ ਤਖ਼ਤ ਸਦਾ ਰਹਿਣ ਵਾਲੇ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਥਾਪਨਾ ਕੀਤੀ। ਇਤਿਹਾਸਕਾਰਾਂ ਦੀ ਨਜ਼ਰ ਵਿੱਚ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਧਰਮ ਦੇ ਇਤਿਹਾਸ ਵਿੱਚ ਇੱਕ ਮਹਾਨ ਤੇ ਯੁਗ ਪਲਟਾਊ ਘਟਨਾ ਅਤੇ ਇਨਕਲਾਬੀ ਮੋੜ ਦੀ ਸੂਚਕ ਹੈ। ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾਲ ਟੱਕਰ ਲੈਣ, ਅਕਾਲ ਪੁਰਖ ਦਾ ਭਾਣਾ ਮੰਨਣ ਤੇ ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰੱਖਿਆ ਕਰਨ ਦਾ ਚੱਜ ਸਿਖਾ ਕੇ ਸਿੱਖੀ ਦੇ ਮਹੱਲ ਦੀਆਂ ਨੀਹਾਂ ਨੂੰ ਐਸਾ ਪੱਕਾ ਤੇ ਮਜ਼ਬੂਤ ਕਰ ਦਿੱਤਾ ਕਿ ਆਉਣ ਵਾਲੇ ਸਮੇਂ ਦੇ ਜੁਲਮ ਤੇ ਝੱਖੜ ਇਸਦਾ ਕੁਝ ਨਾ ਵਿਗਾੜ ਸਕੇ।

# ਭਾਰਤ 'ਚ ਸ਼ਰਾਬ 'ਤੇ ਪਾਬੰਦੀ ਹੋਵੇ ਤੇ ਹਰ ਨਾਗਰਿਕ ਨੂੰ ਪੀਣ ਲਈ ਸਾਫ਼ ਪਾਣੀ ਮਿਲੇ



ਲਕਸ਼ਮੀ ਕਾਂਤਾਂ ਚਾਵਲਾ
ਸਾਬਕਾ ਮੰਤਰੀ ਪੰਜਾਬ

ਭਾਰਤ ਸਰਕਾਰ ਮਹਾਤਮਾ ਗਾਂਧੀ ਦੇ ਜਨਮ ਦੇ 150 ਵਰ੍ਹੇ ਪੂਰੇ ਹੋਣ 'ਤੇ ਵੱਡੇ ਪੱਧਰ ਉੱਤੇ ਸਮਾਗਮ ਕਰ ਰਹੀ ਹੈ ਅਤੇ ਇੰਜ ਜਾਪਦਾ ਹੈ ਕਿ ਪੂਰੇ ਮੁਲਕ ਨੂੰ ਹੀ ਗਾਂਧੀ ਦਾ ਸੁਨੇਹਾ ਦੇਣ ਦਾ ਟੀਚਾ ਹੈ। ਪ੍ਰੋਗਰਾਮ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਸਬੰਧੀ ਬਣਾਈ ਗਈ ਸਮਿਤੀ ਤੋਂ ਹੀ ਲਾਇਆ ਜਾ ਸਕਦਾ ਹੈ। ਭਾਰਤ ਦੇ ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਇਸ ਦੇ ਮੈਂਬਰ ਹਨ। ਰਾਸ਼ਟਰਪਤੀ ਦੀ ਪ੍ਰਧਾਨਗੀ ਵਿੱਚ ਸਮਿਤੀ ਦੀ ਪਹਿਲੀ ਮੀਟਿੰਗ ਹੋ ਚੁੱਕੀ ਹੈ। ਜਿਹੜਾ ਕੰਮ ਰਾਸ਼ਟਰਪਤੀ ਤੋਂ ਸ਼ੁਰੂ ਹੋ ਰਿਹਾ ਹੈ ਉਹ ਨਿਸ਼ਚਿਤ ਤੌਰ 'ਤੇ ਪੂਰੇ ਮੁਲਕ ਵਿੱਚ ਪੁੱਜੇਗਾ, ਹਰ ਘਰ ਦੀ ਡਿਓਢੀ ਅਤੇ ਦਰਵਾਜ਼ਾ ਖੜਕਾਏਗਾ। ਹਕੀਕਤ ਇਹ ਹੈ ਕਿ ਅੱਜ ਦੇਸ਼ ਮਹਾਤਮਾ ਗਾਂਧੀ ਨੂੰ ਨਹੀਂ ਜਾਣਦਾ। ਜਿਹੜੇ ਨਾਂ ਜਾਣਦੇ ਹਨ, ਉਹ ਉਨ੍ਹਾਂ ਦੇ ਵਿਚਾਰਾਂ ਅਤੇ ਕੰਮਾਂ ਤੋਂ ਅਣਜਾਣ ਹਨ। ਇਹ ਚੰਗਾ ਹੈ ਕਿ ਮਹਾਤਮਾ ਗਾਂਧੀ ਹਰ ਵਿਅਕਤੀ ਦੀ ਜੇਬ੍ਹ ਵਿੱਚ ਹਨ। ਉਨ੍ਹਾਂ ਨੂੰ ਸਨਮਾਨ ਦੇਣ ਲਈ ਭਾਰਤੀ ਮੁਦਰਾ ਗਾਂਧੀ ਦੇ ਨਾਂ 'ਤੇ ਹੀ ਚੱਲਦੀ ਹੈ। ਹਰ ਨੋਟ 'ਤੇ ਉਨ੍ਹਾਂ ਦੀ ਤਸਵੀਰ ਹੈ। ਬੱਚੇ ਜਾਣਦੇ ਹਨ ਕਿ ਮਹਾਤਮਾ ਗਾਂਧੀ ਨੂੰ ਰਾਸ਼ਟਰ ਪਿਤਾ ਆਖਿਆ ਜਾਂਦਾ ਹੈ, ਪਰ ਇਹ ਨਹੀਂ ਜਾਣਦੇ ਕਿ ਅਜਿਹਾ ਕਿਉਂ ਕਿਹਾ ਜਾਂਦਾ ਹੈ। ਇਹ ਵੀ ਸੱਚ ਹੈ ਕਿ ਆਜ਼ਾਦ ਭਾਰਤ ਵਿੱਚ ਵੋਟ ਹਾਸਲ ਕਰ ਕੇ ਸੱਤਾ 'ਤੇ ਕਾਬਜ਼ ਹੋਣ ਲਈ ਮਹਾਤਮਾ ਗਾਂਧੀ ਦੇ ਨਾਂ ਦੀ ਰੱਜ ਕੇ ਵਰਤੋਂ ਕੀਤੀ ਗਈ। ਆਜ਼ਾਦੀ ਦੇ ਕੁਝ ਵਰ੍ਹਿਆਂ ਬਾਅਦ ਤਾਂ ਗਾਂਧੀ ਟੋਪੀ ਚੱਲਦੀ ਰਹੀ। ਇਹ ਕਹਿ ਸਕਦੇ ਹਾਂ ਕਿ ਕਾਂਗਰਸੀਆਂ ਦੀ ਪਛਾਣ ਹੀ ਇਹ ਟੋਪੀ ਸੀ। ਪਰ ਸਾਰੇ ਇਹ ਭੁੱਲ ਗਏ ਕਿ ਮਹਾਤਮਾ ਗਾਂਧੀ ਕੀ ਚਾਹੁੰਦੇ ਸਨ? ਇਸ ਬਾਰੇ ਕਿਸੇ ਨੇ ਵੀ ਨਹੀਂ ਸੋਚਿਆ ਕਿ ਕਿਹੋ ਜਿਹਾ ਭਾਰਤ ਗਾਂਧੀ ਦੀ ਪਛਾਣ ਹੋਵੇਗਾ ਕਿਉਂਕਿ ਗਾਂਧੀ ਹੋਰਾਂ ਦੇ ਨਾਂ 'ਤੇ ਵੋਟਾਂ ਮਿਲਦੀਆਂ ਸਨ। ਉਂਜ ਭਾਵੇਂ ਵੋਟਾਂ ਲੈਣ ਲਈ ਮੂੰਹ ਵਿੱਚ ਸ਼ਰਾਬ ਅਤੇ ਜੇਬ੍ਹ ਵਿੱਚ ਮਹਾਤਮਾ ਗਾਂਧੀ ਦੀ ਫੋਟੋ ਵਾਲੇ ਨੋਟ ਪਾਉਣ ਲਈ ਉਨ੍ਹਾਂ ਦੇ ਵਿਚਾਰਾਂ ਦਾ ਸ਼ਰ੍ਹੇਆਮ ਕਤਲ ਕੀਤਾ ਗਿਆ। ਇਹ ਕੰਮ ਦੇਸ਼ ਦੇ ਸਭਨਾਂ ਰਾਜਨੀਤਕ ਦਲਾਂ ਦੇ ਨੇਤਾ ਕਰਦੇ ਰਹੇ। ਉਨ੍ਹਾਂ ਦਾ ਨਾਮ ਜਪਦਿਆਂ ਕਈ ਲੋਕ ਸੱਤਾ 'ਤੇ ਕਾਬਜ਼ ਹੋਏ ਅਤੇ ਕਿੰਨਿਆਂ ਦੀ ਸੱਤਾ ਖੁੱਸ ਗਈ, ਪਰ ਮਹਾਤਮਾ ਗਾਂਧੀ ਦੀ ਬੇਹੁਰਮਤੀ ਰੱਜ ਕੇ ਕੀਤੀ ਗਈ। ਇਹ ਸਭ ਉਨ੍ਹਾਂ ਨੂੰ ਜਾਣਨ ਵਾਲਿਆਂ ਲਈ ਵੱਡੇ ਦੁੱਖ ਦੀ ਗੱਲ ਹੈ।



ਕਾਲਜ ਦੇ ਦਿਨਾਂ ਵਿੱਚ ਇਹ ਸਾਡੇ ਲਈ ਮਾਣ ਦੀ ਗੱਲ ਹੁੰਦੀ ਸੀ ਅਤੇ ਅਸੀਂ ਗਾਂਧੀ ਅਤੇ ਨਹਿਰੂ ਨੂੰ ਪੜ੍ਹਿਆ। ਸਵਾਮੀ ਵਿਵੇਕਾਨੰਦ ਅਤੇ ਦਇਆਨੰਦ ਬਾਰੇ ਵੀ ਪੜ੍ਹਿਆ। ਸਰਦਾਰ ਪਟੇਲ ਅਤੇ ਪੰਡਿਤ ਨਹਿਰੂ ਵਿਚਾਲੇ ਹੋਏ ਪੱਤਰ ਵਿਹਾਰ ਨੂੰ ਸਮਝਿਆ, ਪਰ ਹੁਣ ਦੇਸ਼ ਦੀ ਨਵੀਂ ਪੀੜ੍ਹੀ ਸਿਰਫ਼ ਇੰਟਰਨੈੱਟ ਦੁਆਰਾ ਦਿੱਤੀ ਗਈ ਜਾਣਕਾਰੀ 'ਤੇ ਹੀ ਨਿਰਭਰ ਹੋ ਗਈ ਹੈ। ਪੜ੍ਹਨ ਦਾ ਰਿਵਾਜ ਖ਼ਾਸਕਰ ਪਾਠ ਪੁਸਤਕਾਂ ਤੋਂ ਇਲਾਵਾ ਹੋਰਨਾਂ ਕਿਤਾਬਾਂ ਪੜ੍ਹਨ ਦਾ ਦੌਰ ਸਮਾਪਤ ਹੋ ਗਿਆ ਹੈ। ਅਸੀਂ ਭਾਗਸ਼ਾਲੀ ਰਹੇ ਕਿ ਕਾਲਜ ਜੀਵਨ ਵਿੱਚ ਹੀ ਇਨ੍ਹਾਂ ਮਹਾਪੁਰਸ਼ਾਂ ਨੂੰ ਪੜ੍ਹਿਆ। ਕੁਝ ਸਮਝਿਆ। ਇਸ ਲਈ ਅੱਜ ਸੱਤਾਧਾਰੀ ਸਰਕਾਰ ਨੂੰ ਬੇਨਤੀ ਹੈ ਕਿ ਜੇ ਮਹਾਤਮਾ ਗਾਂਧੀ ਨੂੰ ਘਰ ਘਰ ਵਿੱਚ ਪ੍ਰਚਾਰਨਾ ਚਾਹੁੰਦੇ ਹੋ ਤਾਂ ਦੋ ਕੰਮ ਕੀਤੇ ਜਾਣ। ਪਹਿਲਾ, ਗਾਂਧੀ ਦੇ ਮੁਲਕ ਵਿੱਚ ਸ਼ਰਾਬ ਉੱਤੇ ਪੂਰਨ ਤੌਰ 'ਤੇ ਪਾਬੰਦੀ ਲਾਈ ਜਾਵੇ ਅਤੇ ਦੂਜਾ, ਦੇਸ਼ ਦੇ ਹਰ ਨਾਗਰਿਕ ਨੂੰ ਪੀਣ ਲਈ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾਵੇ। ਕੀ ਕਾਰਨ ਹੈ ਕਿ ਜਿਸ ਗੰਭੀਰਤਾ ਨਾਲ ਗੁਜਰਾਤ ਵਿੱਚ ਸ਼ਰਾਬਬੰਦੀ ਲਾਗੂ ਹੈ ਉਹ ਪੂਰੇ ਮੁਲਕ ਵਿੱਚ ਕਿਉਂ ਨਹੀਂ। ਕੀ ਸਿਰਫ਼ ਗੁਜਰਾਤ ਹੀ ਮਹਾਤਮਾ ਗਾਂਧੀ ਦਾ ਹੈ ਕਿਉਂਕਿ ਉਨ੍ਹਾਂ ਦਾ ਜਨਮ ਉੱਥੇ ਹੋਇਆ ਸੀ। ਦਰਅਸਲ, ਉਨ੍ਹਾਂ ਨੇ ਕਿਹਾ ਸੀ ਕਿ ਜਿਹੜਾ ਮੁਲਕ ਸ਼ਰਾਬ ਦਾ ਸ਼ਿਕਾਰ ਹੈ ਉਸ ਦਾ ਵਿਨਾਸ਼ ਨਿਸ਼ਚਿਤ ਹੈ। ਇਤਿਹਾਸ ਵਿੱਚ ਸ਼ਰਾਬ ਨਾਲ ਵਿਨਾਸ਼ ਹੋਣ ਦੀਆਂ ਅਨੇਕਾਂ ਮਿਸਾਲਾਂ ਮੌਜੂਦ ਹਨ। ਮਹਾਤਮਾ ਗਾਂਧੀ ਅਨੁਸਾਰ ਜਿਸ ਭਾਈਚਾਰੇ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ, ਉਹ ਨਸ਼ੇ ਕਾਰਨ ਖ਼ਤਮ ਹੋ ਗਿਆ। ਦੁਨੀਆਂ ਦੇ 21 ਵਿੱਚੋਂ 16 ਮਨੁੱਖੀ ਸੱਭਿਆਚਾਰਾਂ ਦੀ ਬਰਬਾਦੀ ਦਾ ਕਾਰਨ ਸ਼ਰਾਬ ਨੂੰ ਮੰਨਿਆ ਜਾਂਦਾ ਹੈ। ਗਾਂਧੀ ਨੇ ਕਿਹਾ ਸੀ ਕਿ ਜੇ ਮੁਲਕ ਵਿੱਚ ਸ਼ਰਾਬਬੰਦੀ ਲਾਗੂ ਨਹੀਂ ਹੋਵੇਗੀ ਤਾਂ ਆਜ਼ਾਦੀ ਗੁਲਾਮੀ ਬਣ ਕੇ ਰਹਿ ਜਾਏਗੀ ਕਿਉਂਕਿ ਸ਼ਰਾਬ ਦੇ ਠੇਕੇ ਲੋਕਤੰਤਰ ਦਾ ਕਲੰਕ ਜਾਂ ਅਲਾਮਤ ਹਨ।

ਬੀਤੇ ਦੋ ਵਰ੍ਹਿਆਂ ਵਿੱਚ ਗਾਂਧੀ ਦੇ ਇਸ ਸੁਨੇਹੇ ਨੂੰ ਬਿਹਾਰ ਨੇ ਅਪਣਾ ਲਿਆ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਸੀ ਕਿ ਰਾਜ ਜਦੋਂ ਚੰਪਾਰਨ ਸਤਿਆਗ੍ਰਹਿ ਦੀ ਸ਼ਤਾਬਦੀ ਵਰ੍ਹਾ ਮਨਾ ਰਿਹਾ ਹੈ ਤਾਂ ਸੂਬੇ ਵਿਚਲੀ ਸ਼ਰਾਬਬੰਦੀ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸਮਰਪਿਤ ਹੈ। ਸ਼ਰਾਬ 'ਤੇ ਪਾਬੰਦੀ ਦਾ ਫ਼ੈਸਲਾ ਕਿਸੇ ਵੀ ਕੀਮਤ 'ਤੇ ਵਾਪਸ ਨਹੀਂ ਲਿਆ ਜਾ ਸਕਦਾ। ਸ਼ਰਾਬਬੰਦੀ ਦਾ ਵਿਰੋਧ ਕਰਨ ਵਾਲਿਆਂ ਨੂੰ ਉਨ੍ਹਾਂ ਕਿਹਾ ਸੀ ਕਿ ਕੁਝ ਕਥਿਤ ਪ੍ਰਗਤੀਵਾਦੀ ਅੰਗਰੇਜ਼ੀ ਬੋਲਣ ਵਾਲੇ ਲੋਕ ਖਾਣ ਪੀਣ ਨੂੰ ਕਿਸੇ ਵੀ ਨਾਗਰਿਕ ਦਾ ਮੌਲਿਕ ਅਧਿਕਾਰ ਦੱਸ ਕੇ ਉਸ ਦੀ ਆਲੋਚਨਾ ਕਰ ਰਹੇ ਹਨ, ਅਜਿਹੇ ਲੋਕਾਂ ਨੂੰ ਸਾਨੂੰ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਸ਼ਰਾਬ ਮੌਲਿਕ ਅਧਿਕਾਰ ਦਾ ਹਿੱਸਾ ਨਹੀਂ ਹੈ। ਹੁਣ ਜਿਹੜੀ ਪਹਿਲ ਬਿਹਾਰ ਨੇ ਕੀਤੀ ਹੈ, ਦੇਸ਼ ਦੇ ਹੋਰ ਰਾਜ ਵੀ ਅਜਿਹਾ ਕਰਨ ਦਾ ਤਹੱਈਆ ਕਰਨ। ਜਿਹੜੇ ਸੂਬੇ ਖਾਲੀ ਸਰਕਾਰੀ ਖ਼ਜ਼ਾਨੇ ਨੂੰ ਸ਼ਰਾਬ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਨੂੰ ਅਹਿਮ ਮੰਨਦੇ ਹਨ ਉਨ੍ਹਾਂ ਨੂੰ ਗੁਜਰਾਤ, ਬਿਹਾਰ ਅਤੇ ਮਣੀਪੁਰ ਵਰਗੇ ਸੂਬਿਆਂ ਤੋਂ ਸਬਕ ਲੈਣਾ ਚਾਹੀਦਾ ਹੈ ਕਿਉਂਕਿ ਸ਼ਰਾਬ ਕਾਰਨ ਸੜਕ ਹਾਦਸੇ, ਕੈਂਸਰ ਅਤੇ ਟੀਬੀ ਵਰਗੀਆਂ ਬਿਮਾਰੀਆਂ, ਅਪਰਾਧ ਅਤੇ ਹੋਰ ਅਲਾਮਤਾਂ ਪੈਦਾ ਹੁੰਦੀਆਂ ਹਨ ਜੋ ਸਮਾਜ ਲਈ ਘਾਤਕ ਹਨ। ਸ਼ਰਾਬ ਮਾਨਵਤਾ ਨੂੰ ਭੁਲਾ ਦਿੰਦੀ ਹੈ। ਸਰਕਾਰੀ ਮਾਲੀਏ ਦੀ ਅੰਨ੍ਹੀ ਲਾਲਸਾ ਕਾਰਨ ਹਾਲਾਤ ਅਜਿਹੇ ਹੋ ਗਏ ਹਨ ਕਿ ਥਾਣਿਆਂ ਵਿੱਚ ਵੀ ਇਸੇ ਲਾਲ ਰੰਗੇ ਪਾਣੀ ਦਾ ਕਬਜ਼ਾ ਹੋ ਗਿਆ ਹੈ।

ਰਾਸ਼ਟਰਪਤੀ ਅਤੇ ਸੱਤਾ 'ਤੇ ਕਾਬਜ਼ ਹੋਰਨਾਂ ਨੇਤਾਵਾਂ ਨੂੰ ਬੇਨਤੀ ਹੈ ਕਿ ਉਹ ਮਹਾਤਮਾ ਗਾਂਧੀ ਦੇ 150ਵੇਂ ਜਨਮ ਦਿਨ 'ਤੇ ਭਾਰਤ ਨੂੰ ਸ਼ਰਾਬ ਮੁਕਤ ਕਰਨ ਦਾ ਸੰਕਲਪ ਲੈ ਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਦੇਣ। ਇਸ ਦੇ ਨਾਲ ਹੀ ਹਰ ਪਿੰਡ ਵਿੱਚ ਪੀਣ ਦਾ ਸਾਫ਼ ਪਾਣੀ ਉਪਲਬਧ ਕਰਵਾਇਆ ਜਾਵੇ।

# ਨਾਜਾਇਜ਼ ਕਲੋਨੀਆਂ: ਭਾਜਪਾ ਆਗੂਆਂ ਵੱਲੋਂ ਸਿੱਧੂ ਦੀ ਹਮਾਇਤ

ਜਲੰਧਰ- ਨਾਜਾਇਜ਼ ਇਮਾਰਤਾਂ ਤੇ ਕਲੋਨੀਆਂ ਵਿਰੁੱਧ ਕਾਰਵਾਈ ਕਰਨ ਦੇ ਦਿੱਤੇ ਹੁਕਮਾਂ ਨਾਲ ਪੰਜਾਬ ਵਿੱਚ ਸਿਆਸਤ ਭਖ ਗਈ ਹੈ। ਕਾਂਗਰਸ ਦੇ ਤਿੰਨ ਵਿਧਾਇਕਾਂ ਸੁਸ਼ੀਲ ਕੁਮਾਰ ਰਿੰਕੂ, ਰਜਿੰਦਰ ਬੇਰੀ, ਬਾਵਾ ਹੈਨਰੀ ਅਤੇ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਤੇ ਹੋਰ ਕਾਂਗਰਸੀ ਆਗੂਆਂ ਵੱਲੋਂ ਜਿਥੇ ਨਵਜੋਤ ਸਿੰਘ ਸਿੱਧੂ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ, ਉਥੇ ਭਾਜਪਾ ਆਗੂ ਖੁੱਲ੍ਹ ਕੇ ਸਿੱਧੂ ਦੇ ਹੱਕ ਵਿੱਚ ਆ ਗਏ ਹਨ। ਉਨ੍ਹਾਂ ਨੇ ਕਾਰਵਾਈ ਦਾ ਵਿਰੋਧ ਕਰਨ ਵਾਲੇ ਕਾਂਗਰਸੀ ਵਿਧਾਇਕਾਂ ਤੇ ਹੋਰਨਾਂ ਆਗੂਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਭਾਜਪਾ ਆਗੂਆਂ ਨੇ ਇਸ ਸਬੰਧੀ ਅੱਜ ਨਿਗਮ ਦੀ ਜੁਆਇੰਟ ਕਮਿਸ਼ਨਰ ਸ਼ਿਖਾ ਭਗਤ ਨੂੰ ਮੰਗ ਪੱਤਰ ਦਿੱਤਾ। ਭਾਜਪਾ ਆਗੂ ਸ਼ੀਤਲ ਅੰਗੁਰਾਲ, ਅਮਿਤ ਤਨੇਜਾ ਆਦਿ ਨੇ ਕਿਹਾ ਕਿ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਰਕਾਰੀ ਕੰਮ ਵਿਚ ਅੜਿੱਕਾ ਪਾਉਣ ਵਾਲੇ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ ਸਮੇਤ ਹੋਰਨਾਂ ਆਗੂਆਂ ਤੇ ਕਲੋਨਾਈਜ਼ਰਾਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਨਿਗਮ ਅਧਿਕਾਰੀ ਵਿਧਾਇਕ ਰਿੰਕੂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੇ ਤਾਂ ਉਹ ਹਾਈ ਕੋਰਟ ਦਾ ਬੂਹਾ ਖੜਕਾਉਣਗੇ। ਉਧਰ, ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਗੈਰ ਕਾਨੂੰਨੀ ਉਸਾਰੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਬਾਰੇ ਟਿੱਪਣੀ ਕਰਦਿਆਂ ਵਾਤਾਵਰਨ ਮੰਤਰੀ ਓ.ਪੀ. ਸੋਨੀ ਨੇ ਕਿਹਾ ਕਿ ਸਿੱਧੂ ਨੂੰ ਉਡੀਕ ਕਰ ਲੈਣੀ ਚਾਹੀਦੀ ਸੀ ਕਿਉਂਕਿ ਸਰਕਾਰ ਵੱਲੋਂ ਕਲੋਨੀਆਂ ਬਾਰੇ ਯਕਮੁਸ਼ਤ ਸਕੀਮ ਲਿਆਂਦੀ ਜਾ ਰਹੀ ਹੈ। ਜਦੋਂ ਵਾਤਾਵਰਨ ਮੰਤਰੀ ਨੂੰ ਸਵਾਲ ਕੀਤਾ ਗਿਆ ਕਿ ਕੈਪਟਨ ਸਰਕਾਰ ਵੱਲੋਂ ਕਲੋਨੀਆਂ ਨੂੰ ਰੈਗੂਲਰ ਕਰਨ ਦੀ ਮਿਥੀ ਮਿਆਦ ਤੋਂ ਬਾਅਦ ਵੀ ਕਲੋਨੀਆਂ ਬਣਾਈਆਂ ਜਾ ਰਹੀਆਂ ਹਨ ਤਾਂ ਉਨ੍ਹਾਂ ਨੇ ਪਾਸਾ ਪਲਟਦਿਆਂ ਕਿਹਾ ਕਿ ਨਾਜਾਇਜ਼ ਕਲੋਨੀਆਂ ਦੀ ਰਾਜਸੀ ਆਗੂਆਂ ਨੂੰ ਹਮਾਇਤ ਨਹੀਂ ਕਰਨੀ ਚਾਹੀਦੀ। ਉਹ ਇਥੇ ਸਰਕਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

# ਭਾਰਤ, ਮਿਆਂਮਾਰ ਅਤੇ ਹਥਿਆਰਬੰਦ ਬਾਗ਼ੀ



ਜੀ. ਪਾਰਥਾਸਾਰਥੀ

ਪਿਛਲੇ ਵਰ੍ਹੇ ਰੋਹਿੰਗਿਆ ਬਾਗ਼ੀਆਂ ਦੇ ਹਮਲਿਆਂ ਮਗਰੋਂ ਮਿਆਂਮਾਰ ਦੀ ਫ਼ੌਜ ਨੇ ਬੜੀ ਬੇਰਹਿਮੀ ਨਾਲ ਜਵਾਬੀ ਕਾਰਵਾਈ ਕੀਤੀ ਸੀ। ਨਤੀਜੇ ਵਜੋਂ ਮਿਆਂਮਾਰ ਦੇ ਰਖੀਨ ਸੂਬੇ ’ਚ ਰੋਹਿੰਗਿਆ ਭਾਈਚਾਰੇ ਦੇ 7 ਲੱਖ ਲੋਕ (ਜਿਨ੍ਹਾਂ ’ਚੋਂ ਜ਼ਿਆਦਾਤਰ ਮੁਸਲਮਾਨ ਸਨ) ਭੱਜ ਕੇ ਗੁਆਂਢੀ ਮੁਲਕਾਂ-ਬੰਗਲਾਦੇਸ਼ ਤੇ ਭਾਰਤ ਚਲੇ ਗਏ। ਅਜਿਹੀਆਂ ਕਾਰਵਾਈਆਂ ਕਾਰਨ ਮਿਆਂਮਾਰ ਨੂੰ ਸਮੁੱਚੇ ਸੰਸਾਰ ਦੀ ਨਿਖੇਧੀ ਦਾ ਸਾਹਮਣਾ ਕਰਨਾ ਪਿਆ, ਕੁਝ ਮੁਲਕਾਂ ਨੇ ਤਾਂ ਉਸ ’ਤੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਦੀ ਮੰਗ ਵੀ ਕੀਤੀ। ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਕਦੇ ਮਿਆਂਮਾਰ ਦੀ ਨਿਖੇਧੀ ਕਰੇਗੀ, ਅਜਿਹੀ ਕੋਈ ਸੰਭਾਵਨਾ ਕਦੇ ਨਹੀਂ ਹੋ ਸਕਦੀ ਕਿਉਂਕਿ ਚੀਨ ਆਪਣੀ ਵੀਟੋ ਤਾਕਤ ਨਾਲ ਅਜਿਹਾ ਹੋਣ ਨਹੀਂ ਦੇਵੇਗਾ। ਇਸ ਮੁੱਦੇ ’ਤੇ ਇਸ ਨੂੰ ਰੂਸ ਦੀ ਹਮਾਇਤ ਵੀ ਮਿਲ ਸਕਦੀ ਹੈ। ਭਾਰਤ ਵਿੱਚ ਵੀ ਤਕਰੀਬਨ 40 ਹਜ਼ਾਰ ਰੋਹਿੰਗਿਆ ਸ਼ਰਨਾਰਥੀਆਂ ਨੂੰ ਮੁਲਕ ਤੋਂ ਬਾਹਰ ਕੱਢਣ ਦੀ ਮੰਗ ਉੱਠਦੀ ਰਹੀ ਹੈ ਪਰ ਇਸ ਦੇ ਬਾਵਜੂਦ ਨਵੀਂ ਦਿੱਲੀ ਨੇ ਇਨ੍ਹਾਂ ਸ਼ਰਨਾਰਥੀਆਂ ਨੂੰ ਸੂਝ-ਸਿਆਣਪ ਨਾਲ ਆਪਸੀ ਗੱਲਬਾਤ ਰਾਹੀਂ ਭਾਰਤ ਤੇ ਬੰਗਲਾਦੇਸ਼ ਤੋਂ ਵਾਪਸ ਮਿਆਂਮਾਰ ਭੇਜਣ ਦਾ ਰਾਹ ਚੁਣਿਆ ਹੈ। ਭਾਰਤ ਨੇ ਮਿਆਂਮਾਰ ਨੂੰ ਸਪੱਸ਼ਟ ਆਖਿਆ ਹੈ ਕਿ ਉਹ ਬੰਗਲਾਦੇਸ਼ ਤੇ ਭਾਰਤ ਤੋਂ ਰੋਹਿੰਗਿਆ ਸ਼ਰਨਾਰਥੀਆਂ ਦੀ ’ਸੁਰੱਖਿਅਤ ਤੇ ਲਗਾਤਾਰ’ ਵਾਪਸੀ ਚਾਹੁੰਦਾ ਹੈ।

ਮਿਆਂਮਾਰ ਨਾਲ ਭਾਰਤ ਦੀ 1640 ਕਿਲੋਮੀਟਰ ਲੰਮੀ ਸਰਹੱਦ ਲੱਗਦੀ ਹੈ ਜੋ ਉੱਤਰ-ਪੂਰਬੀ ਸੂਬਿਆਂ ਮਿਜ਼ੋਰਮ, ਮਨੀਪੁਰ, ਨਾਗਾਲੈਂਡ ਤੋਂ ਲੈ ਕੇ ਅਰੁਨਾਚਲ ਪ੍ਰਦੇਸ਼ ਤੱਕ ਹੈ ਜਿੱਥੇ ਉਲਫ਼ਾ ਵਰਗੇ ਹਥਿਆਰਬੰਦ ਗਰੁੱਪ ਅਜੇ ਵੀ ਸਰਗਰਮ ਹਨ। ਮਿਆਂਮਾਰ ’ਚ ਜੋ ਕੁਝ ਵੀ ਵਾਪਰ ਰਿਹਾ ਹੈ, ਭਾਰਤ ਨੂੰ ਉਸ ਬਾਰੇ ਚੌਕਸੀ ਰੱਖਣੀ ਪਵੇਗੀ ਕਿਉਂਕਿ ਸਰਹੱਦੋਂ ਆਰ-ਪਾਰ ਦੇ ਵੱਖਵਾਦੀ ਗਰੁੱਪ ਆਪਸ ’ਚ ਕੋਈ ਸਾਂਝੀ ਰਣਨੀਤੀ ਵੀ ਉਲੀਕ ਸਕਦੇ ਹਨ। ਮਿਆਂਮਾਰ ਨੂੰ ਰੋਹਿੰਗਿਆ ਦੇ ਮੁੱਦੇ ਤੋਂ ਕਿਤੇ ਵੱਧ ਗੰਭੀਰ ਚੁਣੌਤੀਆਂ 26 ਹਥਿਆਰਬੰਦ ਬਾਗ਼ੀ ਗਰੁੱਪਾਂ ਤੋਂ ਹਨ। ਇਨ੍ਹਾਂ ਵਿੱਚੋਂ ਸਿਰਫ਼ 17 ਗਰੁੱਪ ਹੀ ਗੋਲ਼ੀਬੰਦੀ ਲਈ ਸਹਿਮਤ ਹੋਏ ਹਨ, ਬਾਕੀ ਗਰੁੱਪ ਅਜੇ ਵੀ ਹਿੰਸਕ ਕਾਰਵਾਈਆਂ ’ਤੇ ਉਤਾਰੂ ਹਨ ਅਤੇ ਸਰਕਾਰ ਲਈ ਚੁਣੌਤੀ ਬਣੇ ਹੋਏ ਹਨ। ਅਗਸਤ 2016 ਵਿੱਚ ਆਂਗ ਸਾਨ ਸੂ ਕੀ ਨੇ ਇਨ੍ਹਾਂ ਗਰੁੱਪਾਂ ਨਾਲ ਗੱਲਬਾਤ ਸ਼ੁਰੂ ਕੀਤੀ ਸੀ। ਉਨ੍ਹਾਂ ਨਾਲ ਭਾਵੇਂ ਦੋ ਗੇੜਾਂ ਦੀ ਗੱਲਬਾਤ ਹੋ ਚੁੱਕੀ ਹੈ ਪਰ ਅਜੇ ਤੱਕ ਇਸ ਦਿਸ਼ਾ ’ਚ ਕੋਈ ਪ੍ਰਗਤੀ ਨਹੀਂ ਹੋਈ। ਤੀਜਾ ਗੇੜ ਕਾਰਜ-ਵਿਧੀ ਨਾਲ ਜੁੜੇ ਕੁਝ ਮਾਮਲਿਆਂ ਕਾਰਨ ਅਧਵਾਟੇ ਲਟਕਿਆ ਹੋਇਆ ਹੈ। ਸ਼ਾਂਤੀ ਵਾਰਤਾ ਬਾਰੇ ਚੁਣੀ ਹੋਈ ਸਰਕਾਰ ਅਤੇ ਸ਼ਕਤੀਸ਼ਾਲੀ ਫ਼ੌਜ ਵਿਚਕਾਰ ਵੀ ਗੰਭੀਰ ਮੱਤਭੇਦ ਹਨ।

ਇਸ ਰੇੜਕੇ ਵਿੱਚ (ਖ਼ਾਸ ਕਰ ਕੇ ਭਾਰਤ ਨਾਲ ਲੱਗਦੇ ਸਰਹੱਦੀ ਇਲਾਕਿਆਂ ਵਿੱਚ) ਨਾਲ ਚੀਨ ਦੀ ਬਹੁਤ ਜ਼ਿਆਦਾ ਸਰਗਰਮ ਭੂਮਿਕਾ ਹੈ। ਮਿਆਂਮਾਰ ’ਚ ਕਾਚਿਨ ਲਿਬਰੇਸ਼ਨ ਆਰਮੀ, ਤਾਂਗ ਨੈਸ਼ਨਲ ਲਿਬਰੇਸ਼ਨ ਆਰਮੀ, ਕੋਕਾਂਗ ਅਲਾਇੰਸ ਆਰਮੀ ਅਤੇ ਤਾਕਤਵਰ ਯੂਨਾਇਟਡ ਵਾ ਸਟੇਟ ਆਰਮੀ ਜਿਹੇ ਹਥਿਆਰਬੰਦ ਗਰੁੱਪਾਂ ਨਾਲ ਸ਼ਾਂਤੀ ਵਾਰਤਾ ਵਿੱਚ ਮੁੱਖ ਵਿਚੋਲੇ ਦੀ ਭੂਮਿਕਾ ਏਸ਼ਿਆਈ ਮਾਮਲਿਆਂ ਬਾਰੇ ਚੀਨ ਦੇ ਵਿਸ਼ੇਸ਼ ਦੂਤ ਸੂਨ ਗੁਓਸਿਆਂਗ ਵੱਲੋਂ ਨਿਭਾਈ ਜਾ ਰਹੀ ਹੈ। ਇਨ੍ਹਾਂ ਗਰੁੱਪਾਂ ਦੇ ਚੀਨ ਦੇ ਯੁਨਆਨ ਸੂਬੇ ’ਚ ਗੁਪਤ ਤੇ ਸੁਰੱਖਿਅਤ ਟਿਕਾਣੇ ਹਨ। ਵਿਸ਼ੇਸ਼ ਦੂਤ ਸੂਨ, ਮਿਆਂਮਾਰ ਅਤੇ ਯੁਨਆਨ ਸੂਬੇ ਦੀ ਰਾਜਧਾਨੀ ਖੁਨਮਿੰਗ ਵਿਚਾਲੇ ਅਕਸਰ ਆਉਂਦੇ-ਜਾਂਦੇ ਰਹਿੰਦੇ ਹਨ ਅਤੇ ਉਹ ਇਨ੍ਹਾਂ ਹਥਿਆਰਬੰਦ ਗਰੁੱਪਾਂ ਨੂੰ ਮਿਲਦੇ ਹਨ। ਯੂਨਾਈਟਡ ਵਾ ਸਟੇਟ ਆਰਮੀ ਨੂੰ ਚੀਨ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਅਥਾਹ ਸ਼ਕਤੀਆਂ ਹਾਸਲ ਹੋਈਆਂ ਹਨ ਤੇ ਉਨ੍ਹਾਂ ਨੂੰ ਬਖ਼ਤਰਬੰਦ ਗੱਡੀਆਂ, ਏਕੇ-47 ਰਾਈਫ਼ਲਾਂ ਅਤੇ ਜ਼ਮੀਨ ਤੋਂ ਹਵਾ ਤੱਕ ਮਾਰ ਕਰਨ ਦੀ ਸਮਰੱਥਾ ਵਾਲੇ ਮਾਰੂ ਹਥਿਆਰ ਰੱਖਣ ਤੱਕ ਦੀ ਵੀ ਇਜਾਜ਼ਤ ਹੈ। ਇਹ ਗਰੁੱਪ ਮਿਆਂਮਾਰ ਵਿੱਚ ਨਸ਼ਿਆਂ ਦੀ ਸਮੱਗਲਿੰਗ ਅਤੇ ਗ਼ੈਰ-ਕਾਨੂੰਨੀ ਖਣਨ ਤੋਂ ਮੋਟੀ ਕਮਾਈ ਕਰਦੇ ਹਨ।



ਮਿਆਂਮਾਰ ਵਿੱਚ ਹਥਿਆਰਬੰਦ ਗਰੁੱਪਾਂ ਨਾਲ ਚੀਨੀ ਸ਼ਮੂਲੀਅਤ ਤਾਂ ਦਿਖਾਈ ਦਿੰਦੀ ਹੀ ਹੈ, ਇਨ੍ਹਾਂ ਗਰੁੱਪਾਂ ਦੇ ਉਲਫ਼ਾ ਜਿਹੇ ਭਾਰਤੀ ਵੱਖਵਾਦੀ ਗਰੁੱਪਾਂ ਨਾਲ ਵੀ ਨੇੜਲੇ ਸਬੰਧ ਹਨ। ਹੋਰ ਤਾਂ ਹੋਰ, ਮਿਆਂਮਾਰ ਦੇ ਬਾਗ਼ੀ ਗਰੁੱਪਾਂ ਨੇ ਭਾਰਤ ਦੇ ਉੱਤਰ-ਪੂਰਬੀ ਸੂਬਿਆਂ ਵਿੱਚ ਵੀ ’ਯੂਨਾਈਟਡ ਨੈਸ਼ਨਲ ਲਿਬਰੇਸ਼ਨ ਫ਼ਰੰਟ ਆਫ਼ ਵੈਸਟਰਨ ਸਾਊਥ-ਈਸਟ ਏਸ਼ੀਆ’ ਵਰਗੇ ਆਪਣੇ ਸਰਗਰਮ ਗੁੱਟ ਬਣਾ ਲਏ ਹਨ। ਇਸ ਫ਼ਰੰਟ ਦੇ ਮੈਂਬਰਾਂ ’ਚ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (ਖਪਲਾਂਗ), ਉਲਫ਼ਾ, ਕਾਮਤਾਪੁਰ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਅਤੇ ਨੈਸ਼ਨਲ ਡੈਮੋਕ੍ਰੈਟਿਕ ਫ਼ਰੰਟ ਆਫ਼ ਬੋਡੋਲੈਂਡ ਜਿਹੇ ਭਾਰਤੀ ਗਰੁੱਪ ਵੀ ਸ਼ਾਮਲ ਹਨ। ਇਨ੍ਹਾਂ ਹੀ ਗਰੁੱਪਾਂ ਨੇ ਮਨੀਪੁਰ ਵਿੱਚ ਘਾਤ ਲਾ ਕੇ ਕੀਤੇ ਹਮਲੇ ਵਿੱਚ 18 ਭਾਰਤੀ ਫ਼ੌਜੀ ਮਾਰ ਦਿੱਤੇ ਸਨ। ਇਨ੍ਹਾਂ ਗਰੁੱਪਾਂ ਦੇ ਕਾਚਿਨ ਲਿਬਰੇਸ਼ਨ ਆਰਮੀ ਜਿਹੇ ਚੀਨੀ ਹਮਾਇਤ ਪ੍ਰਾਪਤ ਗਰੁੱਪਾਂ ਨਾਲ ਸਬੰਧ ਹਨ ਅਤੇ ਉਹ ਮਿਆਂਮਾਰ-ਚੀਨ ਸਰਹੱਦ ’ਤੇ ਰੁਇਲੀ ਕਸਬੇ ਅਤੇ ਯੁਨੀਆਨ ਸੂਬੇ ਦੀ ਰਾਜਧਾਨੀ ਖੁਨਮਿੰਗ ਵਿੱਚ ਆਮ ਹੀ ਆਉਂਦੇ-ਜਾਂਦੇ ਰਹਿੰਦੇ ਹਨ। ਨਵੀਂ ਦਿੱਲੀ ਨੂੰ ਮਿਆਂਮਾਰ ਦੀ ਸਰਕਾਰ ਨੂੰ ਲਗਾਤਾਰ ਭਾਰਤ ਦੇ ਬਾਗ਼ੀ ਗਰੁੱਪਾਂ ਅਤੇ ਮਿਆਂਮਾਰ ਵਿੱਚ ਮੌਜੂਦ ਉਨ੍ਹਾਂ ਦੇ ਹਮਾਇਤੀਆਂ ਖ਼ਿਲਾਫ਼ ਕਾਰਵਾਈ ਲਈ ਕਹਿੰਦੇ ਰਹਿਣਾ ਚਾਹੀਦਾ ਹੈ। ਪਹਿਲਾਂ ਕਈ ਵਾਰ ਭਾਰਤ ਅਤੇ ਮਿਆਂਮਾਰ ਦੀਆਂ ਫ਼ੌਜਾਂ ਨੇ ਅਜਿਹੇ ਬਾਗ਼ੀ ਗਰੁੱਪਾਂ ਖ਼ਿਲਾਫ਼ ਸਾਂਝੀਆਂ ਕਾਰਵਾਈਆਂ ਕੀਤੀਆਂ ਹਨ। ਨਵੀਂ ਦਿੱਲੀ ਦੇ ਵਾਰਤਾਕਾਰ ਆਰਐੱਨ ਰਵੀ ਨੂੰ ਇਸ ਮਾਮਲੇ ’ਚ ਹੋਰ ਪ੍ਰਗਤੀ ਲਿਆਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (ਆਈਐੱਮ) ਨੂੰ ਕੌਮੀ ਮੁੱਖਧਾਰਾ ਵਿੱਚ ਲਿਆਉਣ ਦੀ ਗੱਲਬਾਤ ਨੂੰ ਕੋਈ ਅੰਤਿਮ ਰੂਪ ਦੇਣਾ ਚਾਹੀਦਾ ਹੈ। ਇੰਜ ਇਸ ਗੁੱਟ ਦੇ ਉੱਚ ਪੱਧਰੀ ਕਾਡਰਾਂ ਦੇ ਹੋਰ ਵੱਖਵਾਦੀ ਗਰੁੱਪਾਂ ਨਾਲ ਤਾਲਮੇਲ ਕਾਇਮ ਹੋਣ ਦੀ ਸੰਭਾਵਨਾ ਤੋਂ ਬਚਾਅ ਰਹੇਗਾ।

ਚੀਨ ਨੇ 6 ਅਰਬ ਡਾਲਰ ਦੇ 6000 ਮੈਗਾਵਾਟ ਸਮਰੱਥਾ ਵਾਲੇ ਮਾਇਟਸੋਨ ਬੰਨ੍ਹ ਵਰਗੇ ਪ੍ਰਾਜੈਕਟਾਂ, ਜੋ ਮਿਆਂਮਾਰ ਦੀ ਧਰਤੀ ’ਤੇ ਚੱਲ ਰਹੇ ਹਨ, ਨੂੰ ਲੈ ਕੇ ਮਿਆਂਮਾਰ ’ਤੇ ਲਗਾਤਾਰ ਦਬਾਅ ਬਣਾਇਆ ਹੈ ਅਤੇ ਇਸ ਕਾਰਨ ਮਿਆਂਮਾਰ ਦੀ ਜਨਤਾ ਇਸ ਦਾ ਜ਼ੋਰਦਾਰ ਵਿਰੋਧ ਵੀ ਕਰ ਰਹੀ ਹੈ। ਹੰਬਨਟੋਟਾ ਬੰਦਰਗਾਹ ਦੇ ਮਾਮਲੇ ਵਿੱਚ ਵੀ ਚੀਨ ਨੇ ਸ੍ਰੀ ਲੰਕਾ ’ਤੇ ਆਪਣਾ ਦਬਾਅ ਬਣਾਇਆ ਸੀ। ਚੀਨ ਇਸ ਵੇਲੇ ਮਿਆਂਮਾਰ ਦੇ ਯੁਨਆਨ ਸੂਬੇ ’ਚ ਵੱਡੇ ਊਰਜਾ, ਉਦਯੋਗ ਤੇ ਟਰਾਂਸਪੋਰਟ ਲਾਂਘੇ ਉਸਾਰਨ ’ਚ ਲੱਗਿਆ ਹੋਇਆ ਹੈ। ਇਹ ਬੰਗਾਲ ਦੀ ਖਾੜੀ ਵਿੱਚ ਕਿਆਊਕਪਿਊ ਵਿੱਚ 7.3 ਅਰਬ ਡਾਲਰ ਦੀ ਲਾਗਤ ਨਾਲ ਡੂੰਘੇ ਸਮੁੰਦਰ ’ਚ ਬੰਦਰਗਾਹ ਅਤੇ ਵਿਸ਼ੇਸ਼ ਆਰਥਿਕ ਜ਼ੋਨ ਵਿੱਚ 2.7 ਅਰਬ ਡਾਲਰ ਦੀ ਲਾਗਤ ਨਾਲ ਉਦਯੋਗਿਕ ਪਾਰਕ ਉਸਾਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਬੰਦਰਗਾਹ ਕਿਆਊਪਿਊ ਤੋਂ ਲੈ ਕੇ ਖੁਨਮਿੰਗ ਤੱਕ ਤੇਲ ਪਾਈਪਲਾਈਨ ਤੇ ਇੱਕ ਹੋਰ ਸਮਾਨਾਂਤਰ ਗੈਸ ਪਾਈਪਲਾਈਨ ਦਾ ਟਰਮੀਨਲ ਵੀ ਹੋਵੇਗੀ। ਇਨ੍ਹਾਂ ਪ੍ਰਾਜੈਕਟਾਂ ਰਾਹੀਂ ਮਲਾਕਾ ਜਲ-ਡਮਰੂ ਦੀ ਕੋਈ ਜ਼ਰੂਰਤ ਹੀ ਨਹੀਂ ਰਹਿ ਜਾਵੇਗੀ ਅਤੇ ਬਿਨਾਂ ਕਿਸੇ ਸਮੁੰਦਰੀ ਪਹੁੰਚ ਵਾਲੇ ਯੁਨਆਨ ਸੂਬੇ ਤੱਕ ਤੇਲ ਤੇ ਗੈਸ ਦੀ ਸਪਲਾਈ ਆਸਾਨੀ ਨਾਲ ਹੋ ਸਕੇਗੀ। ਇਸ ਤੋਂ ਇਲਾਵਾ ਕਿਆਊਕਪਿਊ ਦੇ ਉਦਯੋਗਿਕ ਪਾਰਕ ਵਿੱਚ ਤਿਆਰ ਹੋਣ ਵਾਲੇ ਚੀਨੀ ਉਤਪਾਦ ਭਾਰਤ ਨੂੰ ਬਰਾਮਦ ਕਰਨ ਦੇ ਜਤਨ ਵੀ ਕੀਤੇ ਜਾਣਗੇ ਅਤੇ ਇੰਜ ਉਸ ਨੂੰ ਭਾਰਤ ’ਚ ਆਪਣਾ ਮਾਲ ਪਹੁੰ-ਚਾਉਣ ਵਿੱਚ ਕੋਈ ਡਿਊਟੀ ਵੀ ਨਹੀਂ ਦੇਣੀ ਪਵੇਗੀ ਕਿਉਂਕਿ ਭਾਰਤ ਤੇ ਮਿਆਂਮਾਰ ਵਿਚਾਲੇ ਮੁਕਤ ਵਪਾਰ ਸਮਝੌਤਾ ਹੋ ਚੁੱਕਾ ਹੈ।

ਭਾਰਤ ਨੇ ਮਿਆਂਮਾਰ ’ਚ ਅਜੇ ਵੱਡੇ ਉਦਯੋਗਿਕ ਤੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਵਿੱਚ ਇੰਨਾ ਜ਼ਿਆਦਾ ਸਰਮਾਇਆ ਨਹੀਂ ਲਾਇਆ। ਕੁਦਰਤੀ ਗੈਸ ਦੀ ਖੋਜ ਲਈ ’ਤੇਲ ਤੇ ਕੁਦਰਤੀ ਗੈਸ ਕਮਿਸ਼ਨ’ ਨੇ ਜ਼ਰੂਰ ਕੁਝ ਸਫ਼ਲ ਯਤਨ ਕੀਤੇ ਹਨ। ਮਾਂਡਲੇ ਵਿੱਚ ਭਾਰਤ ਵੱਲੋਂ ਬਣਾਈ ਇੰਸਟੀਚਿਊਟ ਫ਼ਾਰ ਇਨਫ਼ਾਰਮੇਸ਼ਨ ਟੈਕਨਾਲੋਜੀ ਦੀ ਖ਼ੂਬ ਸ਼ਲਾਘਾ ਹੋਈ ਹੈ ਕਿਉਂਕਿ ਸਮੁੱਚੇ ਮਿਆਂਮਾਰ ਵਿੱਚ ਭਾਰਤ ਦੀ ਮਦਦ ਨਾਲ ’ਹੁਨਰ ਵਿਕਾਸ ਕੇਂਦਰ’ ਖੋਲ੍ਹੇ ਗਏ ਹਨ। ਭਾਰਤ ਦੀਆਂ ਵਿਕਾਸ ਸਹਿਯੋਗ ਸਰਗਰਮੀਆਂ ਵਿੱਚ ’ਐਡਵਾਂਸਡ ਸੈਂਟਰ ਫ਼ਾਰ ਐਗਰੀਕਲਚਰ ਰਿਸਰਚ ਐਂਡ ਐਜੂਕੇਸ਼ਨ’ ਅਤੇ ਉੱਤਰ-ਪੂਰਬ ਤੋਂ ਮਿਆਂਮਾਰ ਤੇ ਥਾਈਲੈਂਡ ਤੱਕ ਤਿਪੱਖੀ ਹਾਈਵੇਅ ਦੀ ਉਸਾਰੀ ਸ਼ਾਮਲ ਹਨ। ਇਸ ਤੋਂ ਇਲਾਵਾ ਭਾਰਤ ਆਪਣੇ ਉੱਤਰ-ਪੂਰਬੀ ਸੂਬਿਆਂ ਦੀ ਸਰਹੱਦ ਨਾਲ ਲੱਗਦੇ ਮਿਆਂਮਾਰ ਦੇ ਇਲਾਕੇ ਵਿਕਸਤ ਕਰਨ ਲਈ ਵੀ ਫ਼ੰਡ ਮੁਹੱਈਆ ਕਰਵਾ ਰਿਹਾ ਹੈ। ਭਾਰਤ ਨੇ ਉਦਯੋਗਿਕ ਸਿਖਲਾਈ, ਅੰਗਰੇਜ਼ੀ ਸਿੱਖਣ ਦੇ ਕੇਂਦਰਾਂ ਅਤੇ ਯੰਗੌਨ ਤੇ ਸਿਤਵੇ ਵਿੱਚ ਹਸਪਤਾਲਾਂ ਦੀ ਉਸਾਰੀ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ। ਇਹੀ ਨਹੀਂ, ਮਿਆਂਮਾਰ ਦੇ ਹਜ਼ਾਰਾਂ ਵਿਦਿਆਰਥੀ ਭਾਰਤ ਵਿੱਚ ’ਤਕਨੀਕੀ ਤੇ ਆਰਥਿਕ ਸਹਿਯੋਗ’ ਪ੍ਰੋਗਰਾਮਾਂ ਦੇ ਆਧਾਰ ’ਤੇ ਵਜ਼ੀਫ਼ੇ ਲੈ ਕੇ ਉੱਚ ਸਿੱਖਿਆ ਹਾਸਲ ਕਰ ਰਹੇ ਹਨ।

ਆਸ ਹੈ ਕਿ ਭਾਰਤ ਬੋਧੀ ਤੀਰਥ ਸਥਾਨਾਂ ’ਤੇ ਮਿਆਂਮਾਰ ਤੋਂ ਸ਼ਰਧਾਲੂਆਂ ਦੀ ਆਮਦ ਸੁਖਾਲੀ ਬਣਾਉਣ ਲਈ ਲੋੜੀਂਦੇ ਕਦਮ ਚੁੱਕੇਗਾ। ਫ਼ਿਲਹਾਲ ਮਾਨਤਾ ਇਹ ਹੈ ਕਿ ਚੀਨ ਬਹੁਤ ਤੇਜ਼ੀ ਨਾਲ ਅਤੇ ਭਾਰਤ ਧੀਮੀ ਚਾਲੇ ਆਪਣੇ ਪ੍ਰਾਜੈਕਟ ਲਾ ਰਿਹਾ ਹੈ। ਮਿਆਂਮਾਰ ਵਿੱਚ ਆਰਥਿਕ ਅਤੇ ਫ਼ੌਜੀ ਸਹਾਇਤਾ ਦੇਣ ਬਦਲੇ ਚੀਨ ਦੀ ਸ਼ਲਾਘਾ ਹੋ ਸਕਦੀ ਹੈ ਪਰ ਮਿਆਂਮਾਰ ਦੇ ਅੰਦਰੂਨੀ ਮਾਮਲਿਆਂ ’ਚ ਇਸ ਦੇ ਵਧੇਰੇ ਦਖ਼ਲ ਕਾਰਨ ਇਸ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਪਹਿਲਾਂ 1967 ਵਿੱਚ ਸਮੁੱਚੇ ਮਿਆਂਮਾਰ ਵਿੱਚ ਚੀਨੀਆਂ ਖ਼ਿਲਾਫ਼ ਵੱਡੇ ਪੱਧਰ ’ਤੇ ਰੋਹ, ਰੋਸ ਤੇ ਹਿੰਸਾ ਫੈਲ ਗਈ ਸੀ।

# ਖੇਤੀਬਾੜੀ ਨੀਤੀ: ਕਿਵੇਂ ਵਧੇ ਸੂਬਿਆਂ ਦੀ ਭੂਮਿਕਾ



ਡਾ. ਗਿਆਨ ਸਿੰਘ

ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਨੇ ਸੂਬੇ ਦੀ ਖੇਤੀਬਾੜੀ ਨੀਤੀ ਦਾ ਖਰੜਾ ਲੋਕਾਂ ਦੇ ਵਿਚਾਰ-ਵਟਾਂਦਰੇ ਲਈ ਪੇਸ਼ ਕੀਤਾ ਹੈ। ਪੰਜ ਸਾਲ ਪਹਿਲਾਂ ਵੀ ਅਜਿਹਾ ਖਰੜਾ ਬਣਿਆ ਸੀ ਪਰ ਉਸ ਨੂੰ ਮੰਤਰੀ ਮੰਡਲ ਵਿੱਚ ਵਿਚਾਰਿਆ ਵੀ ਨਹੀਂ ਗਿਆ ਸੀ। ਜੇ ਹੁਣ ਕਮਿਸ਼ਨ ਵਾਲੀਆਂ ਤਜਵੀਜ਼ਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਮੁਲਕ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੰਜਾਬ ਦੀ ਕੋਈ ਖੇਤੀਬਾੜੀ ਨੀਤੀ ਹੋਵੇਗੀ। ਖਰੜੇ ਦੀਆਂ ਮੁੱਖ ਤਜਵੀਜ਼ਾਂ ਅਨੁਸਾਰ, ਆਮਦਨ ਕਰ ਭਰਨ ਵਾਲੇ ਕਿਸਾਨਾਂ ਤੋਂ ਸਿੰਜਾਈ ਲਈ ਦਿੱਤੀ ਜਾਂਦੀ ਸਬਸਿਡੀ ਵਾਪਸ ਲੈ ਲਈ ਜਾਵੇਗੀ; 10 ਏਕੜ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਤੋਂ 100 ਰੁਪਏ ਫ਼ੀ ਹਾਰਸ ਪਾਵਰ ਫ਼ੀ ਮਹੀਨਾ ਦੇ ਹਿਸਾਬ ਨਾਲ ਬਿਲ ਵਸੂਲ ਕੇ ਇਸ ਦਾ ਲਾਭ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਦਿੱਤਾ ਜਾਵੇਗਾ। ਇਸ ਤਰ੍ਹਾਂ ਦੇ ਸੁਝਾਅ ਪਹਿਲਾਂ ਹੀ ਸਰਕਾਰੀ ਅਰਥ ਵਿਗਿਆਨੀਆਂ ਵੱਲੋਂ ਦਿੱਤੇ ਅਤੇ ਪ੍ਰਚਾਰੇ ਜਾ ਰਹੇ ਹਨ। ਇਸ ਦੇ ਨਾਲ ਨਾਲ ਦੋ ਮੁੱਖ ਜਿਣਸਾਂ- ਕਣਕ ਤੇ ਚੌਲਾਂ ਦੀ ਖ਼ਰੀਦ ਸਮੇਂ ਆੜ੍ਹਤੀਆਂ ਨੂੰ ਮਿਲਦੇ ਕਮਿਸ਼ਨ ਉੱਤੇ 20 ਫ਼ੀਸਦ ਸੈੱਸ ਲਗਾਉਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਦੁੱਧ ਅਤੇ ਘੱਟੋ-ਘੱਟ ਸਮਰਥਨ ਕੀਮਤਾਂ ਤੋਂ ਬਿਨਾਂ ਵਿਕ ਰਹੀਆਂ ਜਿਣਸਾਂ ਦੀ ਮੰਡੀ ਕੀਮਤ ਵਿੱਚੋਂ ਪੈਂਦੇ ਘਾਟੇ ਦੀ ਭਰਪਾਈ ਸੂਬਾ ਸਰਕਾਰ ਵੱਲੋਂ ਕਰਨ ਬਾਰੇ ਤਜਵੀਜ਼ ਹੈ। ਕਮਿਸ਼ਨ ਦੀਆਂ ਇਨ੍ਹਾਂ ਮੁੱਖ ਅਤੇ ਹੋਰ ਤਜਵੀਜ਼ਾਂ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਦਾ ਆਮਦਨ ਪੱਧਰ ਘੱਟੋ-ਘੱਟ ਇੰਨਾ ਵੀ ਵਧਾਉਣ ਬਾਰੇ ਕੁਝ ਨਹੀਂ ਕਿਹਾ ਗਿਆ ਹੈ ਜਿਸ ਨਾਲ ਉਹ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਤੇ ਸਮਾਜਿਕ ਸੁਰੱਖਿਆ ਸਬੰਧੀ ਬੇਫ਼ਿਕਰ ਹੋ ਸਕਣ।

ਮੁਲਕ ਦੇ ਕਿਸੇ ਵੀ ਸੂਬੇ ਜਾਂ ਖੇਤਰ ਦੀ ਖੇਤੀਬਾੜੀ ਨੀਤੀ ਵਿੱਚ ਖੇਤੀਬਾੜੀ ਜਿਣਸਾਂ ਦੀਆਂ ਲਾਹੇਵੰਦ ਕੀਮਤਾਂ ਤੇ ਖੇਤੀ ਉਤਪਾਦਨ ਲਈ ਵਰਤੀਆਂ ਜਾਣ ਵਾਲੀ ਮੁੱਖ ਵਸਤਾਂ ਦੀਆਂ ਵਾਜਬ ਕੀਮਤਾਂ ਤੈਅ ਕਰਨਾ ਅਤੇ ਇਨ੍ਹਾਂ ਕੀਮਤਾਂ ਉੱਪਰ ਖੇਤੀਬਾੜੀ ਜਿਣਸਾਂ ਦੀ ਖ਼ਰੀਦ ਯਕੀਨੀ ਬਣਾਉਣੀ, ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਵਾਲੇ ਵਰਗਾਂ ਲਈ ਵਿਆਜ ਦੀਆਂ ਸਹੀ ਦਰਾਂ ਉੱਪਰ ਉਧਾਰ (ਕਰੈਡਿਟ) ਦਾ ਇੰਤਜ਼ਾਮ ਕਰਨਾ, ਬਰਾਮਦ ਤੇ ਦਰਾਮਦ ਨੀਤੀ ਸੂਬੇ ਦੇ ਪੱਖ ਵਿੱਚ ਬਣਾਉਣਾ, ਖੇਤੀਬਾੜੀ ਖੇਤਰ ਦੇ ਸਰਵਪੱਖੀ ਵਿਕਾਸ ਲਈ ਵਿੱਤ ਦਾ ਪ੍ਰਬੰਧ ਕਰਨਾ, ਸੂਬੇ ਦੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣਾ, ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਲਗਾਤਾਰ ਥੱਲੇ ਜਾਣ ਤੋਂ ਰੋਕਣਾ ਅਤੇ ਜ਼ਮੀਨੀ ਸੁਧਾਰ ਮੁੱਖ ਮੰਨੇ ਜਾਂਦੇ ਹਨ। ਖੇਤੀਬਾੜੀ ਕਹਿਣ ਨੂੰ ਤਾਂ ਸੂਬਿਆਂ ਦਾ ਵਿਸ਼ਾ ਹੈ, ਪਰ ਹਕੀਕਤ ਵਿੱਚ ਮੁਲਕ ਦੇ ਸਾਰੇ ਖੇਤਰਾਂ ਲਈ ਖੇਤੀਬਾੜੀ ਨੀਤੀ ਕੇਂਦਰ ਸਰਕਾਰ ਦੇ ਅਧਿਕਾਰ ਵਿੱਚ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ ਤਕਰੀਬਨ ਦੋ ਦਹਾਕਿਆਂ ਤੱਕ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਮੰਡੀ ਦੁਆਰਾ ਤੈਅ ਕੀਤੀਆਂ ਜਾਂਦੀਆਂ ਰਹੀਆਂ। ਇਸ ਲਈ ਜਿਸ ਸਮੇਂ ਖੇਤੀਬਾੜੀ ਜਿਣਸਾਂ ਦਾ ਭਰਪੂਰ ਉਤਪਾਦਨ ਹੁੰਦਾ ਤਾਂ ਮੰਡੀ ਦੁਆਰਾ ਉਨ੍ਹਾਂ ਦੀਆਂ ਕੀਮਤਾਂ ਇੰਨੀਆਂ ਡੇਗ ਦਿੱਤੀਆਂ ਜਾਂਦੀਆਂ ਕਿ ਕਿਸਾਨ ਦੀ ਆਮਦਨ ਪਹਿਲਾਂ ਤੋਂ ਘਟਣ ਨਾਲ ਉਹ ਹੋਰ ਗ਼ਰੀਬ ਹੋ ਜਾਂਦਾ। ਫਿਰ 1965 ਵਿੱਚ ’ਖੇਤੀਬਾੜੀ ਕੀਮਤਾਂ ਕਮਿਸ਼ਨ’ ਬਣਾਇਆ ਗਿਆ। ਇਹ ਕਮਿਸ਼ਨ ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਖੇਤੀਬਾੜੀ ਖੇਤਰ ਦੀਆਂ ਕੁਝ ਮੁੱਖ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਹੈ ਅਤੇ ਕੇਂਦਰ ਸਰਕਾਰ ਆਮ ਤੌਰ ’ਤੇ ਇਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਕੀਮਤਾਂ ਤੈਅ ਕਰਦੀ ਆਈ ਹੈ। ਇਨ੍ਹਾਂ ਕੀਮਤਾਂ ਦੀਆਂ ਸਿਫ਼ਾਰਸ਼ਾਂ ਤੈਅ ਕਰਨ ਵਿੱਚ ਸੂਬਾ ਸਰਕਾਰਾਂ ਦੀ ਸਿਰਫ਼ ਰਾਇ ਹੀ ਮੰਗੀ ਜਾਂਦੀ ਹੈ। ਸ਼ੁਰੂ ਦੇ ਕੁਝ ਸਾਲਾਂ ਦੌਰਾਨ ਮੁਲਕ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਕਿਸਾਨਾਂ ਲਈ ਲਾਹੇਵੰਦ ਰੱਖਿਆ ਪਰ ਪਿਛਲੇ ਕਾਫ਼ੀ ਸਮੇਂ ਤੋਂ ਕਿਸਾਨਾਂ ਲਈ ਇਹ ਕੀਮਤਾਂ ਘਾਟੇ ਵਾਲੀਆਂ ਹਨ। ਉਂਜ, ਇਹ ਕੀਮਤਾਂ ਭਾਵੇਂ ਕਿਸਾਨ ਪੱਖੀ ਨਹੀਂ ਹਨ, ਫਿਰ ਵੀ ਕੀਮਤਾਂ ਤੈਅ ਕਰਨ ਦਾ ਅਮਲ, ਮੰਡੀ ਦੁਆਰਾ ਕਿਸਾਨਾਂ ਦੀ ਕੀਤੀ ਜਾਂਦੀ ਸ਼ਰੇਆਮ ਲੁੱਟ ਨੂੰ ਕੁਝ ਘੱਟ ਕਰਨ ਵਿੱਚ ਸਹਾਈ ਹੁੰਦਾ ਆਇਆ ਹੈ। ਇਸ ਸਿਲਸਿਲੇ ਵਿੱਚ ਧਿਆਨ ਮੰਗਦਾ ਮਹੱਤਵਪੂਰਨ ਪੱਖ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਕੀਮਤਾਂ ਉੱਪਰ ਵੀ ਗਿਣਤੀ ਦੇ ਕੁੱਝ ਸੂਬਿਆਂ ਵਿੱਚੋਂ ਕੁਝ ਜਿਣਸਾਂ ਆਮ ਕਰ ਕੇ, ਕਣਕ ਅਤੇ ਚੌਲ ਦੀ ਖ਼ਰੀਦ ਕੀਤੀ ਜਾਂਦੀ ਰਹੀ ਹੈ। ਕਿਸਾਨਾਂ ਦੀ ਆਮਦਨ, ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਉੱਪਰ ਖ਼ਰੀਦ ਅਤੇ ਖੇਤੀ ਉਤਪਾਦਨ ਲਈ ਵਰਤੀਆਂ ਜਾਣ ਵਾਲੀਆਂ ਮੁੱਖ ਵਸਤਾਂ ਜਿਵੇਂ ਰਸਾਇਣ ਖਾਦਾਂ, ਡੀਜ਼ਲ, ਬੀਜਾਂ ਆਦਿ ਦੀ ਕੀਮਤ ਦੇ ਤੈਅ ਕੀਤੇ ਜਾਣ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਦਾ ਕਿਸਾਨਾਂ ਉੱਤੇ ਮਾਰੂ ਅਸਰ ਪੈ ਰਿਹਾ ਹੈ। ਇਸ ਬਾਰੇ ਸੂਬਾ ਸਰਕਾਰਾਂ ਦੀ ਕੋਈ ਵੀ ਭੂਮਿਕਾ ਨਹੀਂ ਰੱਖੀ ਗਈ ਹੈ।



ਅਰਥਚਾਰੇ ਦੇ ਸਾਰੇ ਖੇਤਰਾਂ- ਖੇਤੀਬਾੜੀ, ਉਦਯੋਗਾਂ ਤੇ ਸੇਵਾਵਾਂ ਵਿੱਚ ਉਧਾਰ ਦੀ ਸਾਕਾਰਾਤਮਕ ਭੂਮਿਕਾ ਹੁੰਦੀ ਹੈ। ਖੇਤੀ ਖੇਤਰ ਵਿੱਚ ਉਧਾਰ ਦੀ ਭੂਮਿਕਾ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਆਮ ਤੌਰ ’ਤੇ ਕਿਸਾਨਾਂ ਕੋਲ ਬੱਚਤਾਂ ਨਾ ਹੋਣ ਕਾਰਨ ਉਨ੍ਹਾਂ ਨੂੰ ਇਸ ਦੀ ਲੋੜ ਜ਼ਿਆਦਾ ਹੁੰਦੀ ਹੈ। ਉਨ੍ਹਾਂ ਦਾ ਖਪਤ ਖ਼ਰਚ, ਆਮਦਨ ਤੋਂ ਜ਼ਿਆਦਾ ਹੋਣ ਕਾਰਨ ਉਨ੍ਹਾਂ ਨੂੰ ਉਧਾਰ ਲੈਣਾ ਹੀ ਪੈਂਦਾ ਹੈ। ਖੇਤੀਬਾੜੀ ਲਈ ਉਧਾਰ ਲੈਣ ਦੇ ਦੋ ਸਰੋਤ- ਸੰਸਥਾਈ ਅਤੇ ਗ਼ੈਰ-ਸੰਸਥਾਈ ਹਨ। 1969 ਦੌਰਾਨ ਭਾਵੇਂ ਮੁਲਕ ਦੀਆਂ 14 ਮੁੱਖ ਬੈਂਕਾਂ ਦੇ ਕੌਮੀਕਰਨ ਤੋਂ ਬਾਅਦ ਖੇਤੀਬਾੜੀ ਖੇਤਰ ਨੂੰ ਉਧਾਰ ਦੇਣ ਲਈ ਸੰਸਥਾਈ ਸਰੋਤਾਂ ਦੇ ਯੋਗਦਾਨ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ ਪਰ ਜਿਸ ਤਰ੍ਹਾਂ ਅਸੀਂ ਵੱਡੇ ਕਿਸਾਨਾਂ ਤੋਂ ਥੱਲੇ ਵੱਲ ਦੂਜੀਆਂ ਕਿਸਾਨ ਸ਼੍ਰੇਣੀਆਂ ਵੱਲ ਆਉਂਦੇ ਹਾਂ ਤਾਂ ਗ਼ੈਰ-ਸੰਸਥਾਈ ਸਰੋਤਾਂ, ਖ਼ਾਸ ਕਰ ਕੇ ਆੜ੍ਹਤੀਆਂ ਤੇ ਸ਼ਾਹੂਕਾਰਾਂ ਦੁਆਰਾ ਦਿੱਤੇ ਉਧਾਰ ਦਾ ਫ਼ੀਸਦ ਵਧਦਾ ਆਉਂਦਾ ਹੈ, ਤੇ ਇਹੀ ਉਨ੍ਹਾਂ ਲਈ ਕਰਜ਼ੇ ਦੇ ਮੱਕੜਜਾਲ ਦਾ ਕਾਰਨ ਬਣਦਾ ਹੈ। ਸੰਸਥਾਈ ਸਰੋਤਾਂ ਉੱਪਰ ਮੁੱਖ ਤੌਰ ’ਤੇ ਕੇਂਦਰ ਸਰਕਾਰ ਦਾ ਕੰਟਰੋਲ ਹੈ। ਕਹਿਣ ਨੂੰ ਤਾਂ ਸਹਿਕਾਰੀ ਅਦਾਰਿਆਂ ਉੱਪਰ ਸੂਬਾ ਸਰਕਾਰਾਂ ਦਾ ਕੰਟਰੋਲ ਹੈ, ਪਰ ਉਹ ਵੀ ਉਧਾਰ ਲੈਣ ਲਈ ਕੇਂਦਰ ਸਰਕਾਰ ਦੇ ਅਦਾਰੇ ਨਾਬਾਰਡ ਅਤੇ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਉੱਪਰ ਨਿਰਭਰ ਕਰਦੀਆਂ ਹਨ।

ਕਿਸੇ ਵੀ ਸੂਬੇ ਜਾਂ ਖੇਤਰ ਦੇ ਖੇਤੀਬਾੜੀ ਵਿਕਾਸ ਵਿੱਚ ਬਰਾਮਦ ਅਤੇ ਦਰਾਮਦ ਨੀਤੀਆਂ ਦਾ ਵੀ ਯੋਗਦਾਨ ਹੁੰਦਾ ਹੈ। ਇਹ ਨੀਤੀਆਂ ਕੇਂਦਰ ਸਰਕਾਰ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਆਮ ਚੌਲਾਂ ਦੀ ਜਗ੍ਹਾ ਬਾਸਮਤੀ ਦੀ ਸਿੰਜਾਈ ਲਈ ਪਾਣੀ ਦੀ ਘੱਟ ਵਰਤੋਂ ਹੁੰਦੀ ਹੈ ਅਤੇ ਬਾਸਮਤੀ ਦੀ ਕੌਮਾਂਤਰੀ ਮੰਡੀ ਵਿੱਚ ਮੰਗ ਹੋਣ ਕਾਰਨ ਸੂਬੇ ਦੇ ਕਿਸਾਨ ਇਸ ਦੀ ਬਰਾਮਦ ਕਰ ਕੇ ਆਪਣੀ

(ਬਾਕੀ ਸਫਾ 21 ’ਤੇ)

# ਸਰਬਜੀਤ ਥਿਆੜਾ ਅਤੇ ਪਰਿਵਾਰ ਵੱਲੋਂ ਸੁਰਜੀਤ ਸਿੰਘ ਰੱਖੜਾ ਦਾ ਸਨਮਾਨ













ਯੂਬਾ ਸਿਟੀ- ਪਿਛਲੇ ਹਫਤੇ ਅਕਾਲੀ ਦਲ ਦੇ ਸਾਬਕਾ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਥਿਆੜਾ ਪਰਿਵਾਰ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਸਰਬਜੀਤ ਸਿੰਘ ਥਿਆੜਾ ਦੇ ਪਰਿਵਾਰ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ ਤੇ ਇਸ ਮੌਕੇ 'ਤੇ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਪੂਰੇ ਜੋਰ-ਸ਼ੋਰ ਨਾਲ ਕੈਲੇਫੋਰਨੀਆ ਵਿਚ ਸੁਰਜੀਤ ਕਰਨ ਲਈ ਉਪਰਾਲੇ ਕਰਨ ਲਈ ਥਿਆੜਾ ਪਰਿਵਾਰ ਨਾਲ ਸਲਾਹ ਮਸ਼ਵਰੇ ਕੀਤੇ।

ਯੂਬਾ ਸਿਟੀ 'ਚ ਹੀ ਸਰਬਜੀਤ ਸਿੰਘ ਥਿਆੜਾ ਹੁਰਾਂ ਵੱਲੋਂ ਰੱਖੜਾ ਸਾਹਿਬ ਨੂੰ ਸ. ਦੀਦਾਰ ਸਿੰਘ ਬੈਂਸ ਦੇ ਘਰ ਵੀ ਜਾ ਕੇ ਉਹਨਾਂ ਦੇ ਪਰਿਵਾਰ ਨਾਲ ਮਿਲਾਇਆ। ਜਿੱਥੇ ਕਰਮ ਬੈਂਸ, ਸ. ਦਿਲਬਾਗ ਸਿੰਘ ਬੈਂਸ ਤੇ ਸ. ਦੀਦਾਰ ਸਿੰਘ ਬੈਂਸ ਨੇ ਰੱਖੜਾ ਸਾਹਿਬ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸਰਬਜੀਤ ਸਿੰਘ ਥਿਆੜਾ ਦੇ ਪਰਿਵਾਰ ਵੱਲੋਂ ਸ. ਮਹਿੰਦਰ ਸਿੰਘ ਥਿਆੜਾ ਨੇ ਰੱਖੜਾ ਸਾਹਿਬ ਨੂੰ ਸਨਮਾਨਿਤ ਕੀਤਾ। ਨਾਲ ਹੀ ਸ. ਕੁਲਵੰਤ ਸਿੰਘ ਖਹਿਰਾ ਤੇ ਨਰਿੰਦਰਪਾਲ ਸਿੰਘ ਹੁੰਦਲ ਹੁਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਵੇਲੇ ਸਰਬ ਜੂਨੀਅਰ, ਸ. ਮਹਿੰਦਰ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ, ਸਰਬਜੀਤ ਸਿੰਘ ਸਾਬੀ, ਕੁਲਵੰਤ ਸਿੰਘ ਖਹਿਰਾ, ਅਵਤਾਰ ਸਿੰਘ ਜੱਜ, ਨਰਿੰਦਰਪਾਲ ਸਿੰਘ ਹੁੰਦਲ ਤੇ ਹੋਰ ਸੱਜਣ-ਮਿੱਤਰ ਸ਼ਾਮਲ ਸਨ।

ਉਮੀਦ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿਚ ਸ਼੍ਰੋਮਣੀ ਅਕਾਲੀ ਦਲ ਇੱਥੇ ਕੈਲੇਫੋਰਨੀਆ ਵਿਚ ਐਨ. ਆਰ. ਆਈ. ਦੀ ਇਕਾਈ ਦੀ ਇਕ ਵੱਡੀ ਸਾਖ ਕਾਇਮ ਕਰ ਸਕਣਗੇ ਤੇ ਸਾਂਝੇ ਪਲੇਟਫਾਰਮ 'ਤੇ ਇਕੱਤਰ ਹੋ ਕੇ ਸਿੱਖ ਧਰਮ ਲਈ ਚੰਗੇ ਕੰਮ ਕਰ ਸਕਣਗੇ।

# ਹਰਿੰਦਰ ਸਿੰਘ ਹੁੰਦਲ ਦੇ ਗ੍ਰਹਿ ਵਿਖੇ ਪਹੁੰਚੇ ਰੱਖੜਾ ਸਾਹਿਬ

ਪਿਛਲੇ ਹਫਤੇ ਸੁਰਜੀਤ ਸਿੰਘ ਰੱਖੜਾ ਸਾਬਕਾ ਮੰਤਰੀ ਅਕਾਲੀ ਸਰਕਾਰ ਇੱਥੇ ਆਏ ਤੇ ਉਹ ਕੈਲੇਫੋਰਨੀਆ ਦੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਹਰਿੰਦਰ ਸਿੰਘ ਹੁੰਦਲ (ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ) ਹੁਰਾਂ ਦੇ ਗ੍ਰਹਿ ਵਿਖੇ ਆਏ ਤੇ ਉਹਨਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸ਼ਾਖ ਨੂੰ ਵੱਡੀ ਕਰਨ ਲਈ ਵਿਚਾਰਾਂ ਕੀਤੀਆਂ ਤੇ ਹਰਿੰਦਰ ਸਿੰਘ ਹੁੰਦਲ ਹੁਰਾਂ ਨਾਲ ਪਾਰਟੀ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਲਈ ਗੱਲਬਾਤ ਕੀਤੀ। ਇਸ ਗੱਲਬਾਤ ਵਿਚ ਸੈਨਹੋਜ਼ੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਕੁਲਵੰਤ ਸਿੰਘ ਖਹਿਰਾ (ਵੈਸਟ ਕੋਸਟ ਦੇ ਪ੍ਰਧਾਨ) ਹਰਿੰਦਰ ਸਿੰਘ ਹੁੰਦਲ ਹੁਰਾਂ ਦੇ ਪਿੰਡਾ ਜੀ ਸ. ਸਵਰਨ ਸਿੰਘ ਹੁੰਦਲ, ਜਰਨੈਲ ਸਿੰਘ ਸੰਧੂ, ਰਾਣਾ ਸੰਧੂ ਤੇ ਪ੍ਰੋਫੈਸਰ ਸਾਹਿਬ ਸ਼ਾਮਲ ਹੋਏ। ਜਲਦੀ ਹੀ ਸ਼੍ਰੋਮਣੀ ਅਕਾਲੀ ਦਲ ਦੇ ਵਾਧੇ ਲਈ ਵੀ ਹੋਰ ਮੀਟਿੰਗਾਂ ਕੀਤੀਆਂ ਜਾਣਗੀਆਂ ਤੇ ਅਗਲੀਆਂ ਚੋਣਾਂ ਵਿਚ ਪਾਰਟੀ ਦੀ ਮਜਬੂਤੀ ਲਈ ਕੰਮ ਕੀਤੇ ਜਾਣ ਲਈ ਗੱਲਬਾਤ ਕੀਤੀ ਜਾਵੇਗੀ। ਇਸ ਮੌਕੇ ਹੁੰਦਲ ਸਾਹਿਬ ਦੇ ਪਰਿਵਾਰ ਵੱਲੋਂ ਰੱਖੜਾ ਸਾਹਿਬ ਦਾ ਧੰਨਵਾਦ ਕੀਤਾ ਗਿਆ।



# ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹੈਰੀ ਸਿੱਧੂ ਦੇ ਘਰ ਪਹੁੰਚੇ

ਬੇ-ਏਰੀਆ- ਪਿਛਲੇ ਹਫਤੇ ਆਮ ਆਦਮੀ ਪਾਰਟੀ ਦੇ ਐਮ. ਐਲ. ਏ. ਤੇ ਰਹਿ ਚੁੱਕੇ ਵਿਰੋਧੀ ਧਿਰ ਦੇ ਨੇਤਾ ਸ. ਹਰਵਿੰਦਰ ਸਿੰਘ ਫੂਲਕਾ ਸਾਹਿਬ ਬੇ-ਏਰੀਆ 'ਚ ਪਹੁੰਚੇ ਤੇ ਆਪਣੇ ਨਿੱਜੀ ਦੌਰੇ ਤੇ ਆਏ ਹੋਣ ਕਰਕੇ ਉਹ ਕਿਸੇ ਵੀ ਪਾਰਟੀ ਦੇ ਅਹੁਦੇਦਾਰਾਂ ਨੂੰ ਨਹੀਂ ਮਿਲੇ ਤੇ ਇਸ ਸਮੇਂ ਦੌਰਾਨ ਉਹ ਸਿਰਫ ਹੈਰੀ ਸਿੱਧੂ ਹੁਰਾਂ ਦੇ ਗ੍ਰਹਿ ਵਿਖੇ ਫਰੀਮਾਂਟ ਵਿਚ ਮਿਸ਼ਨ ਤੇ ਉਹਨਾਂ ਦੇ ਪਰਮ-ਮਿੱਤਰ ਸਵਰਗੀ ਅਮਰਜੀਤ ਸਿੰਘ ਸਿੱਧੂ ਹੁਰਾਂ ਦੀ ਮੌਤ ਦਾ ਅਫਸੋਸ ਕਰਨ ਲਈ ਗਏ। ਯਾਦ ਰਹੇ ਪੰਜਾਬ ਵਿਚ ਸਵਰਗੀ ਅਮਰਜੀਤ ਸਿੰਘ ਸਿੱਧੂ ਤੇ ਫੂਲਕਾ ਸਾਹਿਬ ਬਹੁਤ ਹੀ ਨੇੜਲੇ ਦੋਸਤ ਸਨ। ਉਹਨਾਂ ਦੀ ਮੌਤ ਦਾ ਫੂਲਕਾ ਸਾਹਿਬ ਨੇ ਬੜਾ ਹੀ ਦੁੱਖ ਮਨਾਇਆ ਤੇ ਉਹਨਾਂ ਦੇ ਸਪੁੱਤਰ ਕੋਲ ਸ਼ਰਧਾਂਜਲੀ



ਭੇਂਟ ਕਰਨ ਲਈ ਪਹੁੰਚੇ। ਪਰਿਵਾਰਕ ਮੈਂਬਰਾਂ ਨਾਲ ਆ ਕੇ ਦੁੱਖ ਸਾਂਝਾ ਕੀਤਾ ਤੇ ਹੈਰੀ ਸਿੱਧੂ ਜੀ ਨੂੰ ਦਿਲਾਸਾ ਦਿੱਤਾ। ਹੈਰੀ ਸਿੱਧੂ ਹੁਰਾਂ ਨੇ ਉਹਨਾਂ ਦਾ ਘਰ ਆਉਣ 'ਤੇ ਧੰਨਵਾਦ ਕੀਤਾ।







ਹੈਰੀ ਸਿੱਧੂ ਦੇ ਨਾਲ ਫੂਲਕਾ ਸਾਹਿਬ

# ਵਿਨੇ ਵੋਹਰਾ ਦੇ ਸੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਭਰਵੀਂ ਮੀਟਿੰਗ























# ਵਿਨੇ ਵੋਹਰਾ ਦੇ ਸੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਭਰਵੀਂ ਮੀਟਿੰਗ





























ਫਰਿਜ਼ਨੋ- ਪਿਛਲੇ ਹਫਤੇ ਇਕ ਭਰਵੀਂ ਮੀਟਿੰਗ ਵਿਚ ਪੰਜਾਬ ਤੋਂ ਆਏ ਅਕਾਲੀ ਦਲ ਦੇ ਸਾਬਕਾ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਨੇ ਫਰਿਜ਼ਨੋ ਵਿਖੇ ਭਾਗ ਲਿਆ। ਇਸ ਇਕੱਤਰਤਾ ਨੂੰ ਲਾਮਬੰਦ ਕਰਨ ਲਈ ਵਿਨੇ ਵੋਹਰਾ/ ਭਰਾਵਾਂ ਨੇ ਯੋਗਦਾਨ ਪਾਇਆ। ਸਾਬਕਾ ਮੰਤਰੀ ਰੱਖੜਾ ਸਾਹਿਬ ਫਰਿਜ਼ਨੋ ਵਿਖੇ ਬਹੁਤ ਵੱਡੇ ਇਕੱਠ 'ਚ ਹਾਜ਼ਰ ਹੋ ਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਮੁੜ ਵੱਡੀ ਪਾਰਟੀ ਦੇ ਤੌਰ 'ਤੇ ਉਭਾਰਨ ਲਈ ਹਮਖਿਆਲੀ ਸੱਜਣਾਂ ਨੂੰ ਇੱਥੇ ਸੱਦ ਕੇ ਉਹਨਾਂ ਨਾਲ ਅਗਲੇ ਵਰ੍ਹੇ ਆ ਰਹੀਆਂ ਚੋਣਾਂ ਲਈ ਬਿਗਲ ਵੱਜਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਐਮ. ਪੀਜ਼ ਲਈ ਇਕੱਤਰ ਹੋ ਕੇ ਐਨ. ਆਰ. ਆਈ. ਵੀਰਾਂ/ਭੈਣਾਂ ਦਾ ਸਾਥ ਦੇਣ ਲਈ ਬੇਨਤੀ ਕਰਨ ਆਏ ਸਨ। ਭਾਵੇਂ ਉਹ ਕਿਸੇ ਦੌਰੇ ਤੇ ਸਨ ਪਰ ਫਿਰ ਵੀ ਪਾਰਟੀ ਵੱਲੋਂ ਸੁਨੇਹਾ ਦੇਣ ਲਈ ਉਹਨਾਂ ਨੇ ਸਾਰੇ ਫਰਿਜ਼ਨੋ ਇਲਾਕੇ ਦੇ ਨਿਵਾਸੀਆਂ ਅੱਗੇ ਆਪਣੇ ਵਿਚਾਰ ਰੱਖੇ। ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਫਰਿਜ਼ਨੋ ਇਲਾਕੇ ਦੇ ਬਹੁਤ ਹੀ ਜਾਣੇ-ਪਹਿਚਾਣੇ ਵੋਹਰਾ ਭਰਾਵਾਂ ਨੇ ਉਪਰਾਲਾ ਕੀਤਾ ਤੇ ਸੱਜਣ-ਮਿੱਤਰ ਉਥੇ ਸੱਦ ਕੇ ਇਕ ਭਰਵਾਂ ਇਕੱਠ ਕਰਾਇਆ, ਜਿਸ ਵਿਚ ਦੂਰ ਦੁਰਾਡਿਉਂ ਵੀ ਸੱਜਣ-ਮਿੱਤਰਾਂ ਨੇ ਹਿੱਸਾ ਲਿਆ। ਸੁਰਜੀਤ ਸਿੰਘ ਰੱਖੜਾ ਹੁਰਾਂ ਨੂੰ ਇੱਥੇ ਆ ਕੇ ਮੀਟਿੰਗ ਕਰਨ ਨਾਲ ਇਕ ਬਹੁਤ ਹੀ ਚੰਗਾ ਹੁੰਗਾਰਾ ਮਿਲਿਆ ਕਿਉਂਕਿ 2010 ਤੋਂ ਬਾਅਦ ਪਹਿਲੀ ਵਾਰ ਹੁਣ 2018 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੋਈ ਅਜਿਹਾ ਇਕੱਠ ਕੀਤਾ ਗਿਆ ਹੈ, ਜਿਸ ਵਿਚ 150 ਤੋਂ ਵੀ ਜ਼ਿਆਦਾ ਸੱਜਣ ਪਹੁੰਚੇ। ਇਸ ਤੋਂ ਪਹਿਲਾਂ ਜ਼ਿਆਦਾਤਰ ਮੀਟਿੰਗਾਂ ਘਰਾਂ 'ਚ ਹੀ ਹੁੰਦੀਆਂ ਰਹੀਆਂ ਹਨ।

ਰੱਖੜਾ ਸਾਹਿਬ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਰਹਿਣ ਦੀ ਸਲਾਹ ਦਿੱਤੀ ਤੇ ਨਾਲ ਹੀ ਸਾਰਿਆਂ ਨੂੰ ਉਚਾ ਸੋਚਣ ਦੀ ਗੱਲ ਕਹੀ। ਇਕ-ਦੂਜੇ ਪ੍ਰਤੀ ਨਫਰਤ ਨੂੰ ਛੱਡ ਕੇ ਦੇਸ਼ ਲਈ ਰਲ ਕੇ ਕੰਮ ਕਰਨ ਨੂੰ ਹੀ ਚੰਗਾ ਕਿਹਾ ਤੇ ਚੰਗੇ ਕੰਮਾਂ ਲਈ ਲੋਕਾਂ ਵਿਚ ਵਿੱਚਰਨ ਦੀ ਸਲਾਹ ਵੀ ਦਿੱਤੀ, ਜਿਸ ਨੂੰ ਸਾਰੇ ਪ੍ਰਵਾਸੀ ਭਰਾਵਾਂ ਨੇ ਪ੍ਰਵਾਨ ਕੀਤਾ, ਜਿਹਨਾਂ ਵਿਚ ਸਰਬਜੀਤ ਸਿੰਘ ਥਿਆੜਾ, ਸਰਬਜੀਤ ਸਿੰਘ ਸਾਬੀ, ਹਰਜੀਤ ਗਿੱਲ ਹੁਰੀਂ, ਯੂਬਾ ਸਿਟੀ ਤੋਂ ਪਹੁੰਚ ਕੇ ਰੌਣਕ ਵਧਾਈ। ਸੈਨਹੋਜੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਕੁਲਵੰਤ ਸਿੰਘ ਖਹਿਰਾ, ਲਾਸ ਏਂਜਲਸ ਤੋਂ ਸ. ਰੌਣਕ ਸਿੰਘ, ਬੇਕਰਸਫੀਲਡ ਤੋਂ ਨਿਕਸਨ ਔਜਲਾ, ਜੋਬਨਜੀਤ ਚੌਹਾਨ, ਸੁਖਵਿੰਦਰ ਸਿੰਘ ਅਬਲੋਵਾਲ, ਕਮਲਜੀਤ ਢਿੱਲੋਂ, ਕਮਲਜੀਤ ਭੰਗੂ, ਨਰਿੰਦਰਪਾਲ ਸਿੰਘ ਹੁੰਦਲ (ਸੈਕਰਾਮੈਂਟੋ ਤੋਂ), ਸ. ਚਰਨਜੀਤ ਸਿੰਘ ਬਾਠ ਫਰਿਜ਼ਨੋ ਤੋਂ, ਅਵਤਾਰ ਗਿੱਲ (ਗਿੱਲ ਇੰਸ਼ੋਰੈਂਸ), ਰਾਜ ਮਾਨ, ਪ੍ਰੋਫੈਸਰ ਗਿੱਲ, ਚਰਨਜੀਤ ਸਿੰਘ ਮਾਂਗਟ, ਸ੍ਰੀ ਪੁਨੀਤ ਅਰੋੜਾ, ਸੁਪਨਦੀਪ ਸਿੰਘ ਭੁੱਲਰ, ਸਨੀ ਕੰਗ, ਅਰਵਿੰਦ ਭੋਗਾਟ, ਲਾਡੀ ਬਾਠ, ਪਵਨ ਸਰਾਇ, ਗੁਰਪ੍ਰੀਤ ਸਰਾਇ, ਦਵਿੰਦਰ ਗਿੱਲ, ਵਿਨੀ ਥੰਮਨ, ਅਮਨ ਕੰਗ, ਤਰਨ ਢੀਂਡਸਾ, ਟੋਨੀ ਘੁੰਮਣ, ਸੁਖਵਿੰਦਰ ਸਿੰਘ ਸੰਘੇੜਾ ਆਦਿ ਸ਼ਾਮਲ ਹਨ।

ਇਸ ਪ੍ਰੋਗਰਾਮ ਦੀ ਸਫਲਤਾ ਵਿਚ ਵਿਨੋ ਵੋਹਰਾ ਤੇ ਵਿਕਰਮ ਵੋਹਰਾ (ਪ੍ਰਸਿੱਧ ਬਿਜਨਸਮੈਨ) ਦਾ ਸਹਿਯੋਗ ਰਿਹਾ ਤੇ ਇਹਨਾਂ ਵੱਲੋਂ ਸਭ ਰੋਟੀ-ਪਾਣੀ ਦਾ ਇੰਤਜ਼ਾਮ ਕੀਤਾ ਗਿਆ ਸੀ। ਇਹਨਾਂ ਦੇ ਨਾਲ ਹੀ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਉਹਨਾਂ ਦੇ ਹੀ ਦੋਸਤ ਵੰਸਦੀਪ ਸਿੰਘ ਸਿੱਧੂ ਦੀ ਮਿਹਨਤ ਵੀ ਰੰਗ ਲਿਆਈ।

ਇਹ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਦੇ ਵਾਧੇ ਲਈ ਵਿਨੇ ਵੋਹਰਾ/ਭਰਾਵਾਂ ਵੱਲੋਂ ਕੀਤੀ ਗਈ ਮਿਹਨਤ ਇਕ ਦਿਨ ਜ਼ਰੂਰ ਰੰਗ ਲਿਆਵੇਗੀ। ਵਿਨੇ ਵੋਹਰਾ (ਭਰਾਵਾਂ) ਵੱਲੋਂ ਆਏ ਹੋਏ ਸਾਰੇ ਦੋਸਤਾਂ-ਮਿੱਤਰਾਂ ਦਾ ਧੰਨਵਾਦ ਤੇ ਉਹਨਾਂ ਦੇ ਰਿਣੀ ਰਹਿਣਗੇ।


BRIGHT BRAIN
BRIGHT BRAIN & JADOO TV
MANDEEP & KIM DEOL | DR.CHARANJIT UPPAL
jadoo
PRESENTS
Anjaneyap
ANJANEYAP GLOBAL
TARESH ANAND
copy world
AIR INDIA
A STAR ALLIANCE MEMBER
RADIO ZINDAGI
1170 AM
SAN FRANCISCO | SAN JOSE
RANJIT BAWA
ANMOL GAGAN MAAN
PUNJABI FOLK
MITTI DA BAWA & PUNJABO LIVE
JUNE 22, 2018
8 PM | INDIA COMMUNITY CENTER | MILPITAS
PNG
verka
Raja SWEETS & CATERING
PARADISE PALACE
Frontier Spice
NEW YORK LIFE Khushwinder Singh
Young Explorers
DIVINE VASTU
REWA KUMAR
TRAVELOPOD
BEST AIRFARES & VACATIONS WORLDWIDE
NEW YORK LIFE Mandeep Bajwa 925-922-2043
Kim Deol 510-760-0970
UPPAL DENTAL
CIS CALIFORNIA IMMIGRATION SERVICES
ROSY KAUR : 408-422-8585
COUGAR TRUCK LINES
Supported By : Kash Fabrics | Khosla - Thal | Shiddartha Int | Legent Travels | Rajeev Sharda - New India Bazar | Goldy - Mountain Mike | Abidi Rajbanti | Kulvant Nijjar
Amit Ghambir | Dass Sweets | Sammy Bhardawaj - Arya Benquet Hall | Dr Singla | Jaspreet Singh - Attorney | Amenda Ahuja | Bunty and Monika Shera | Raj Pabla
Cougar Truck Lines | Mr Paul Rangoli Sweets | Neeru and Harpreet Lamba | Guru Saini | Inder Dosanjh | Khoobsurat Saree Palace | Shidartha Grocery
Amritsar Times | Punjab Mail | Sade lok | Punjabi Radio USA | Radio Mirchi | Virsa Insurance - Satnam Singh
Tickets : $30, $50, $75, $100, VIP
TICKETS AVAILABLE AT: Ticketmaster.com | Sulekha.com | TicketHungama.com | Brightbrain.events
For more information Call :
JAI SINGH 510-677-277 • Kim Deol 510-760-0970 • Dr. Uppal 510-432-2375 • Mandeep Bajwa 925-922-2043

# ਪੰਜਾਬ ਲਈ ਕੈਨੇਡਾ ਦੀ ਪੁਲਿਸ ਦੇ ਸਬਕ



ਨਿਰਮਲ ਸੰਧੂ

ਵੱਖ ਵੱਖ ਮਸਲਿਆਂ ਬਾਰੇ ਅਕਸਰ ਖ਼ਾਮੋਸ਼ ਰਹਿਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਹਫ਼ਤੇ ਕੈਨੇਡਾ ਵਿੱਚ ਭਾਰਤੀ ਰੈਸਤਰਾਂ ਵਿੱਚ ਹੋਏ ਧਮਾਕੇ ਦੀ ਨਿੰਦਾ ਕਰਨ ਲਈ ਰੱਤੀ ਭਰ ਵੀ ਸਮਾਂ ਨਹੀਂ ਲਾਇਆ। ਉਨ੍ਹਾਂ ਇਸ ਨੂੰ "ਦਹਿਸ਼ਤਪਸੰਦੀ ਦਾ ਕਾਰਾ" ਕਰਾਰ ਦਿੱਤਾ; ਹਾਲਾਂਕਿ ਉੱਥੋਂ ਦੀ ਪੁਲੀਸ ਨੇ ਅਜਿਹੀ ਸੰਭਾਵਨਾ ਤੋਂ ਸਾਫ਼ ਇਨਕਾਰ ਕੀਤਾ ਸੀ। ਅਖ਼ਬਾਰਾਂ ਨੇ ਵੀ ਆਪਣੀਆਂ ਖ਼ਬਰਾਂ ਵਿੱਚ "ਪੁਲੀਸ ਮੁਤਾਬਿਕ, ਫ਼ਿਲਹਾਲ ਦਹਿਸ਼ਤਪਸੰਦੀ ਜਾਂ ਨਫ਼ਰਤੀ ਅਪਰਾਧ ਦਾ ਕੋਈ ਸਬੂਤ ਨਹੀਂ" ਹੀ ਲਿਖਿਆ ਸੀ। ਕੈਪਟਨ ਅਮਰਿੰਦਰ ਸਿੰਘ ਕੈਨੇਡਾ ਦੇ ਲੀਡਰਾਂ ਤੋਂ ਵੀ ਪਹਿਲਾਂ ਬੋਲ ਪਏ ਅਤੇ ਸਾਰੇ ਸੰਸਾਰ ਨੂੰ ਦਹਿਸ਼ਤਪਸੰਦੀ ਦੇ ਖ਼ਤਰਿਆਂ ਬਾਰੇ ਪ੍ਰਵਚਨ ਕਰਨ ਲੱਗ ਪਏ।

ਅਗਲੇ ਦਿਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਇਸ ਮਸਲੇ ਬਾਰੇ ਬੋਲੇ ਪਰ ਉਨ੍ਹਾਂ ਦਹਿਸ਼ਤਪਸੰਦੀ ਬਾਰੇ ਗੱਲ ਨਹੀਂ ਕੀਤੀ ਸਗੋਂ ਪੀੜਤਾਂ ਨਾਲ ਇਕਜੁੱਟਤਾ ਪ੍ਰਗਟਾਈ। ਸੰਸਾਰ ਭਰ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਵਧਾ-ਚੜ੍ਹਾ ਕੇ ਕੀਤੀ ਗੱਲ ਅਤੇ ਪ੍ਰਚਾਰ, ਦਹਿਸ਼ਤਪਸੰਦੀ ਅਤੇ ਦਹਿਸ਼ਤਪਸੰਦਾਂ ਦੇ ਨਿਸ਼ਾਨਿਆਂ ਦੀ ਪੂਰਤੀ ਕਰਨ ਨੂੰ ਹੀ ਹਵਾ ਦਿੰਦਾ ਹੈ। ਦਹਿਸ਼ਤਪਸੰਦੀ ਪੰਜਾਬ ਵਿੱਚ ਕੋਈ ਮਸਲਾ ਨਹੀਂ ਅਤੇ ਮੁੱਖ ਮੰਤਰੀ ਇਕੱਲੇ ਹੀ ਇਸ ਬਾਰੇ ਬਿਆਨ ਦਾਗ਼ ਰਹੇ ਹਨ। ਨਾ ਕਾਂਗਰਸੀ ਆਗੂ ਅਤੇ ਨਾ ਹੀ ਵਿਰੋਧੀ ਧਿਰ ਦੇ ਆਗੂ ਇਸ ਨੂੰ ਬਹੁਤਾ ਗ਼ੌਲ ਰਹੇ ਹਨ। ਫਰਵਰੀ ਵਿੱਚ ਟਰੂਡੋ ਨਾਲ ਮੁਲਾਕਾਤ ਦੌਰਾਨ ਵੀ ਕੈਪਟਨ ਨੇ ਖ਼ਾਲਿਸਤਾਨੀਆਂ ਨਾਲ ਸਬੰਧਤ ਦਹਿਸ਼ਤਪਸੰਦੀ ਦਾ ਮਸਲਾ ਉਠਾਇਆ ਸੀ, ਜਿਸ ਦੀ ਚਰਚਾ ਦੇਸ਼-ਵਿਦੇਸ਼ ਵਿੱਚ ਖ਼ੂਬ ਹੋਈ ਸੀ। ਇਸ ਤੋਂ ਵੱਖਵਾਦੀ ਵੀ ਬਾਗ਼ੋ-ਬਾਗ਼ ਸਨ।

ਕੇਂਦਰੀ ਗ੍ਰਹਿ ਮੰਤਰੀ ਨਾਲ ਹਾਲ ਹੀ ਵਿੱਚ ਹੋਈ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਦਹਿਸ਼ਤਪਸੰਦੀ ਦੇ ਮੁੜ ਸਿਰ ਚੁੱਕਣ ਦੇ ਟਾਕਰੇ ਲਈ ਕੋਈ ਰਣਨੀਤੀ ਘੜਨ ਦੀ ਮੰਗ ਰੱਖੀ ਸੀ। ਮੁਲਕ ਭਰ ਦੇ ਮੀਡੀਆ ਨੇ ਇਸ ਮੀਟਿੰਗ ਦਾ ਨੋਟਿਸ ਲਿਆ। ਜਦੋਂ ਵੀ ਕਿਤੇ "ਖ਼ਾਲਿਸਤਾਨ" ਜਾਂ ਦਹਿਸ਼ਤਪਸੰਦੀ ਨਾਲ ਸਬੰਧਤ ਗ੍ਰਿਫ਼ਤਾਰੀਆਂ ਹੁੰਦੀਆਂ ਹਨ ਤਾਂ ਆਮ ਤੌਰ 'ਤੇ ਸਰਕਾਰੀ ਬਿਆਨ ਜਾਰੀ ਹੁੰਦੇ ਹੀ ਹਨ। ਮੁੱਦਿਆਂ ਦੀ ਤੋਟ ਦਾ ਸ਼ਿਕਾਰ ਮੀਡੀਆ, ਅਜਿਹੀਆਂ ਰਿਪੋਰਟਾਂ ਰਤਾ ਵਧਾ-ਚੜ੍ਹਾ ਕੇ ਨਸ਼ਰ ਕਰਦਾ ਹੈ, ਜਿਸ ਨਾਲ ਡਰ ਅਤੇ ਅਨਿਸ਼ਚਿਤਤਾ ਵਾਲਾ ਮਾਹੌਲ ਬਣਦਾ ਹੈ। ਇਕ ਪਾਸੇ ਤਾਂ ਮੁੱਖ ਮੰਤਰੀ ਸਨਅਤਾਂ ਨੂੰ ਲੁਭਾਉਣ ਖ਼ਾਤਿਰ ਛੋਟਾਂ ਦੇ ਰਹੇ ਹਨ; ਦੂਜੇ ਬੰਨੇ ਇਹ ਪ੍ਰਭਾਵ ਦੇ ਰਹੇ ਹਨ ਕਿ ਪੰਜਾਬ ਵਿੱਚ ਅਮਨ-ਅਮਾਨ ਨਹੀਂ ਹੈ।

ਉਂਜ ਵੀ, ਜੇ ਸ਼ਾਂਤੀ ਨੂੰ ਕੋਈ ਖ਼ਤਰਾ ਹੈ ਤਾਂ ਇਹ ਪੁਲੀਸ ਦਾ ਕੰਮ ਹੈ ਕਿ ਉਹ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਅਨਸਰਾਂ ਖਿਲਾਫ਼ ਚੁੱਪ-ਚਾਪ ਕਾਰਵਾਈ ਕਰੇ। ਮੀਡੀਆ ਕੋਲ ਜਾਣ ਜਾਂ ਅਫ਼ਵਾਹਾਂ ਫੈਲਾਉਣ ਦੀ ਤੁੱਕ ਹੀ ਕੋਈ ਨਹੀਂ ਹੈ। ਅਸਲ ਵਿੱਚ, ਮੁੱਖ ਮੰਤਰੀ ਆਪਣੇ ਸਿਆਸੀ ਲਾਹੇ ਲਈ ਦਹਿਸ਼ਤਪਸੰਦੀ ਦੇ ਮੁੜ ਸਿਰ ਉਠਾਉਣ ਦਾ ਡਰ ਪੈਦਾ ਕਰ ਰਹੇ ਹਨ ਤਾਂ ਕਿ ਹਿੰਦੂ ਵੋਟਾਂ ਬਟੋਰੀਆਂ ਜਾ ਸਕਣ। ਇਸ ਤੋਂ ਇਲਾਵਾ, ਦਹਿਸ਼ਤਪਸੰਦੀ ਦਾ ਰੌਲਾ ਪਾਉਣ ਦਾ ਮਕਸਦ ਨਸ਼ਿਆਂ, ਬੇਰੁਜ਼ਗਾਰੀ, ਖੇਤੀ ਸੰਕਟ, ਮਾੜੀ ਵਿਕਾਸ ਦਰ ਅਤੇ ਵਿੱਤੀ ਗੜਬੜੀਆਂ ਤੋਂ ਧਿਆਨ ਭਟਕਾਉਣਾ ਵੀ ਹੈ।

ਸਥਾਪਤੀ ਵੱਲੋਂ ਦਹਿਸ਼ਤਪਸੰਦੀ ਨੂੰ ਚਰਚਾ ਵਿੱਚ ਰੱਖਣ ਦਾ ਇਕ ਹੋਰ ਕਾਰਨ ਹੈ। ਇਕ ਅਖਬਾਰ ਨੇ ਹਾਲ ਹੀ ਵਿੱਚ ਤਿੰਨ ਕਿਸ਼ਤਾਂ ਵਿੱਚ ਉਨ੍ਹਾਂ "ਵੀਆਈਪੀਜ਼" ਦੀ ਲੰਮੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਨੇ ਸੁਰੱਖਿਆ ਦੇ ਨਾਂ ਉੱਤੇ ਗੰਨਮੈਨ ਅਤੇ ਜਿਪਸੀਆਂ ਹੀ ਨਹੀਂ ਲਈਆਂ ਸਗੋਂ ਖੁੱਲ੍ਹੇ ਅਤੇ ਮੁਫ਼ਤ ਤੇਲ ਨਾਲ ਲਗਜ਼ਰੀ ਕਾਰਾਂ ਵੀ ਹਾਸਲ ਕੀਤੀਆਂ ਹਨ। ਇਸ ਲਈ ਇਨ੍ਹਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਬੰਦਿਆਂ, ਜੋ ਸਰਕਾਰੀ ਖ਼ਰਚੇ ਉੱਤੇ ਮਹਿੰਗੀਆਂ ਕਾਰਾਂ ਵਿੱਚ ਉੱਡੇ ਫਿਰਦੇ ਹਨ, ਲਈ ਦਹਿਸ਼ਤਪਸੰਦੀ ਦੀਆਂ ਧਮਕੀਆਂ ਦਾ ਸਿਲਸਿਲਾ ਬਰਕਰਾਰ ਰੱਖਣਾ ਜ਼ਰੂਰੀ ਹੈ। ਇਹ ਵੱਖਰੀ ਗੱਲ ਹੈ ਕਿ ਸਨਅਤਕਾਰਾਂ, ਪੂੰਜੀ ਨਿਵੇਸ਼ਕਾਂ, ਸੈਲਾਨੀਆਂ ਵਿੱਚ ਡਰ ਪੈਦਾ ਹੋਣ ਨਾਲ ਉਨ੍ਹਾਂ ਦੇ ਪੰਜਾਬ ਵਿੱਚ ਨਾ ਆਉਣ ਜਾਂ ਸਿੱਖਾਂ ਦੇ ਵੱਕਾਰ ਨੂੰ ਲਗਦੀ ਢਾਹ ਦਾ ਕਿਸੇ ਨੂੰ ਕੋਈ ਫ਼ਿਕਰ ਨਹੀਂ ਹੈ।




ਪੰਜਾਬ ਦੀ ਸਿਆਸੀ ਲੀਡਰਸ਼ਿਪ ਅਤੇ ਪੁਲੀਸ, ਕੈਨੇਡਾ ਤੋਂ ਇਕ-ਅੱਧ ਸਬਕ ਸਿੱਖ ਹੀ ਸਕਦੀ ਹੈ। ਕੈਨੇਡਾ ਨੇ ਇਸ ਧਮਾਕੇ ਬਾਰੇ ਬਹੁਤਾ ਪ੍ਰਚਾਰ ਨਹੀਂ ਕੀਤਾ ਅਤੇ ਇਸ ਤੋਂ ਪਹਿਲਾਂ ਹੋਈ ਘਟਨਾ, ਜਿਸ ਵਿੱਚ ਟੋਰਾਂਟੋ 'ਚ ਇਕ ਵੈਨ ਡਰਾਈਵਰ ਨੇ ਭੀੜ 'ਤੇ ਆਪਣਾ ਵਾਹਨ ਚੜ੍ਹਾ ਕੇ ਦਸ ਜਣਿਆਂ ਨੂੰ ਮਾਰ ਮੁਕਾਇਆ ਸੀ, ਨੂੰ ਆਪਣੇ ਢੰਗ ਨਾਲ ਨਜਿੱਠਿਆ। ਪੁਲੀਸ ਵਾਂਗ ਉਥੋਂ ਦੀ ਸਿਆਸੀ ਜਮਾਤ ਅਤੇ ਮੀਡੀਆ ਜੋ ਬਹੁ-ਸਭਿਆਚਾਰਕ ਰੰਗ ਪੇਸ਼ ਕਰਦੇ ਹਨ, ਸੰਸਾਰ ਭਰ ਵਿੱਚ ਅਮਨ-ਸ਼ਾਂਤੀ ਵਾਲੀ ਸਹਿਹੋਂਦ ਲਈ ਜਾਣੇ ਜਾਂਦੇ ਹਨ। ਇਸ ਲਈ ਇਨ੍ਹਾਂ ਨੇ, ਜੇ ਕਿਤੇ ਦਹਿਸ਼ਤਪਸੰਦੀ ਨਾਲ ਜੁੜੀ ਕੋਈ ਘਟਨਾ ਹੋਈ ਵੀ ਹੈ, ਤਾਂ ਉਸ ਨੂੰ ਇਉਂ ਪ੍ਰਚਾਰਿਆ ਨਹੀਂ ਹੈ। ਪੁਲੀਸ ਵਾਲੇ ਤਾਂ ਅਪਰਾਧ ਕਰਨ ਵਾਲਿਆਂ ਜਾਂ ਉਨ੍ਹਾਂ ਦੇ ਭਾਈਚਾਰੇ ਬਾਰੇ ਵੀ ਪਹਿਲਾਂ-ਪਹਿਲ ਲੁਕੋ ਰੱਖਦੇ ਹਨ। ਉੱਥੋਂ ਦੇ ਸਿਆਸਤਦਾਨ, ਅਪਰਾਧ ਦੇ ਸਿਆਸੀਕਰਨ ਅਤੇ ਸਮਾਜ ਦੇ ਧਰੁਵੀਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਨਾ ਹੀ ਉਹ ਟੈਲੀਵਿਜ਼ਨ ਉਪਰ ਜਾ ਕੇ ਇਕ-ਦੂਜੇ ਖ਼ਿਲਾਫ਼ ਚੀਕਾਂ ਮਾਰਦੇ ਹਨ। ਤੁਰੰਤ ਅਤੇ ਸਹੀ ਨਤੀਜਿਆਂ ਲਈ ਪੁਲੀਸ ਨੂੰ ਮੀਡੀਆ, ਲੋਕਾਂ ਅਤੇ ਸਿਆਸੀ ਦਬਾਅ ਤੋਂ ਬਗ਼ੈਰ ਕੰਮ ਕਰਨ ਦਿੱਤਾ ਜਾਂਦਾ ਹੈ।

ਇਸ ਦੀ ਤੁਲਨਾ ਵਿੱਚ ਪੰਜਾਬ ਵਿੱਚ ਸਭ ਕੁਝ ਉਲਟਾ-ਪੁਲਟਾ ਹੈ। ਦਹਿਸ਼ਤਪਸੰਦੀ ਅਤੇ ਅਪਰਾਧ ਉਦੋਂ ਪਨਪਦਾ ਜਾਂ ਵਧਦਾ ਹੈ ਜਦੋਂ ਹੋਰ ਪੱਖਾਂ ਦੇ ਨਾਲ-ਨਾਲ ਉਲਾਂਭੇ, ਠੇਸ ਪਹੁੰਚਾਉਣ ਵਾਲੀਆਂ ਗੱਲਾਂ ਅਤੇ ਅਨਿਆਂ ਭਾਰੂ ਪੈ ਜਾਂਦੇ ਹਨ। ਅਜਿਹਾ ਤਾਂ ਹੀ ਹੁੰਦਾ ਹੈ ਜਦੋਂ ਕਾਨੂੰਨ ਇਕਸਾਰ ਲਾਗੂ ਨਹੀਂ ਹੁੰਦਾ ਅਤੇ ਕੁਝ ਬੰਦਿਆਂ ਨਾਲ ਦੂਜਿਆਂ ਨਾਲੋਂ ਐਨ ਵੱਖਰਾ ਵਿਹਾਰ ਕੀਤਾ ਜਾਂਦਾ ਹੈ। ਜੇ ਕੋਈ ਧਾਰਮਿਕ ਲੀਡਰ ਆਪਣੇ ਵਿਰੋਧੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੈ ਤਾਂ ਪੁਲੀਸ ਉਸ ਖ਼ਿਲਾਫ਼ ਨਾ ਕੋਈ ਕੇਸ ਦਰਜ ਕਰਦੀ ਹੈ ਅਤੇ ਨਾ ਹੀ ਉਸ ਨੂੰ ਗ੍ਰਿਫ਼ਤਾਰ ਕਰਦੀ ਹੈ। ਇਸ ਦੀ ਥਾਂ ਮੁੱਖ ਮੰਤਰੀ ਜਵਾਬੀ ਧਮਕੀ ਜਾਰੀ ਕਰਦੇ ਹਨ। ਮੁੱਖ ਮੰਤਰੀ ਪਿਛੋਕੜ ਵਿੱਚ ਰਹਿ ਕੇ ਇਹ ਤੈਅ ਕਰਦੇ ਹਨ ਕਿ ਪੁਲੀਸ ਨੂੰ ਕਿਸ ਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ, ਕਿਸ ਨੂੰ ਨਹੀਂ। ਇਹ ਸਰਾਸਰ ਪੁਲੀਸ ਦਾ ਮਨੋਬਲ ਤੋੜਨ ਦਾ ਮਾਮਲਾ ਹੈ। ਪੁਲੀਸ ਅਫ਼ਸਰਾਂ ਨੇ ਵੀ ਆਪਣੀ ਖ਼ੁਦਮੁਖ਼ਤਾਰੀ ਆਪਣੀ ਮਰਜ਼ੀ ਨਾਲ ਹੀ ਪੈਰਾਂ ਉੱਤੇ ਰੱਖ ਦਿੱਤੀ ਹੈ। ਬਾਦਲਾਂ ਦੇ ਰਾਜ ਦੌਰਾਨ ਤਾਂ ਤਹਿਸੀਲ ਪੱਧਰ ਦੇ ਲੀਡਰਾਂ ਨੂੰ ਥਾਣੇ ਚਲਾਉਣ ਦੀ ਆਗਿਆ ਮਿਲੀ ਹੋਈ ਸੀ। ਸ਼ਾਹਕੋਟ ਦੀ ਜ਼ਿਮਨੀ ਚੋਣ ਦੌਰਾਨ ਗ਼ੈਰ-ਕਾਨੂੰਨੀ ਖਣਨ ਦੇ ਮਾਮਲੇ ਵਿੱਚ ਥਾਣੇਦਾਰ, ਕਾਂਗਰਸ ਦੇ ਉਮੀਦਵਾਰ ਖ਼ਿਲਾਫ਼ ਐਫਆਈਆਰ ਦਰਜ ਕਰਦਾ ਹੈ। ਉਸ ਦੇ ਸੀਨੀਅਰ ਅਤੇ ਚੋਣ ਕਮਿਸ਼ਨ ਇਹ ਜਾਂਚਣ ਦੀ ਖੇਚਲ ਹੀ ਨਹੀਂ ਕਰਦੇ ਕਿ ਐਫਆਈਆਰ ਪ੍ਰਤੱਖ ਸਬੂਤਾਂ ਦੇ ਆਧਾਰ 'ਤੇ ਹੈ ਜਾਂ ਨਹੀਂ। ਉਹ ਉਸ ਨੂੰ ਸਬਕ ਸਿਖਾਉਣ ਲਈ ਇਕੱਠੇ ਹੋ ਜਾਂਦੇ ਹਨ। ਥਾਣੇਦਾਰ ਦੀ ਮਾਨਸਿਕ ਅਵਸਥਾ ਅਤੇ ਉਸ ਦਾ ਵਿਹਾਰ ਵੱਖਰੇ ਮਸਲੇ ਹਨ। ਮੁੱਖ ਮੰਤਰੀ ਦਾਗ਼ੀ ਉਮੀਦਵਾਰ ਨੂੰ ਬਚਾਉਣ ਲਈ ਕਾਹਲ ਮਚਾਉਂਦੇ ਹਨ ਅਤੇ ਬਿਨਾਂ ਸਬੂਤ ਜਾਂ ਬਿਨਾਂ ਕਿਸੇ ਜਾਂਚ ਉਸ ਨੂੰ 'ਦੋਸ਼ੀ ਨਹੀਂ ਹੈ' ਐਲਾਨ ਦਿੰਦੇ ਹਨ।

ਜਿਸ ਦਿਨ ਕਾਂਗਰਸ ਉਮੀਦਵਾਰ ਹਰਦੇਵ ਸਿੰਘ ਲਾਡੀ ਨੇ ਆਪਣੇ ਨਾਮਜ਼ਦਗੀ ਪੱਤਰ ਭਰੇ ਸਨ, ਉਸ ਦਿਨ ਰੈਲੀ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ: "ਮੈਂ ਉਸ (ਲਾਡੀ) ਨੂੰ ਬੜੇ ਚਿਰਾਂ ਤੋਂ ਜਾਣਦਾ ਹਾਂ, ਉਸ ਦੇ ਚਾਚਾ ਦਰਬਾਰਾ ਸਿੰਘ ਵਿਧਾਨ ਸਭਾ ਦੇ ਸਪੀਕਰ ਰਹੇ ਹਨ। ਉਨ੍ਹਾਂ ਦਾ ਦਿਲ ਬੜਾ ਸਾਫ਼ ਸੀ।" ਕਹਿਣ ਦਾ ਭਾਵ ਇਹ ਕਿ: "ਮੈਂ ਕਿਉਂਕਿ ਉਸ ਨੂੰ ਜਾਣਦਾ ਹਾਂ, ਉਹ ਕਿਉਂਕਿ ਸਾਬਕਾ ਸਪੀਕਰ ਦਾ ਭਤੀਜਾ ਹੈ, ਨਾਲੇ ਮੈਂ ਕਹਿ ਰਿਹਾ ਹਾਂ, ਉਹ ਬੇਕਸੂਰ ਹੈ।"

ਉਂਜ ਕਾਨੂੰਨ ਜਿਸ ਨੂੰ ਕਾਇਮ ਰੱਖਣ ਦਾ ਹਲਫ਼ ਮੁੱਖ ਮੰਤਰੀ ਨੇ ਲਿਆ ਹੋਇਆ ਹੈ, ਸਿਰਫ਼ ਜੱਜ ਨੂੰ ਹੀ ਇਹ ਹੱਕ ਦਿੰਦਾ ਹੈ ਕਿ ਉਹ ਸਬੂਤਾਂ ਦੇ ਆਧਾਰ 'ਤੇ ਕਿਸੇ ਨੂੰ ਦੋਸ਼ੀ ਜਾਂ ਬੇਕਸੂਰ ਠਹਿਰਾਏ। ਅਣਗਿਣਤ ਸਾਧਾਰਨ ਲੋਕ ਛੋਟੇ-ਮੋਟੇ ਅਪਰਾਧਾਂ ਜਾਂ ਮਾੜੇ ਮੋਟੇ ਸ਼ੱਕ ਉਤੇ ਜਾਂ ਝੂਠੀਆਂ ਸ਼ਿਕਾਇਤਾਂ ਕਾਰਨ ਤੱਦੀਆਂ ਝੱਲ ਰਹੇ ਹਨ ਅਤੇ ਉਹ ਜੇਲ੍ਹਾਂ ਵਿੱਚ ਸੜ ਰਹੇ ਹਨ ਪਰ ਰਸੂਖ਼ਵਾਨ ਆਪਣੇ ਖ਼ਿਲਾਫ਼ ਸਬੂਤ ਹੋਣ ਦੇ ਬਾਵਜੂਦ ਛੁੱਟ ਜਾਂਦੇ ਹਨ। ਪੰਜਾਬ ਵਿੱਚ ਨਿਆਂ ਪ੍ਰਬੰਧ ਹਰ ਕਿਸੇ ਨਾਲ ਇਕੋ ਜਿਹਾ ਸਲੂਕ ਨਹੀਂ ਕਰ ਰਿਹਾ। ਇਕ ਹੋਰ ਅਜਿਹੀ ਮਿਸਾਲ ਹੈ ਜਿਸ ਵਿੱਚ ਮੁੱਖ ਮੰਤਰੀ ਤੁਰਤ-ਫੁਰਤ ਕਾਰਵਾਈ ਕਰ ਕੇ ਇੱਕ ਸ਼ੱਕੀ ਜੱਜ ਨੂੰ ਬਚਾਉਂਦੇ ਹਨ। ਪਿਛਲੇ ਸਾਲ ਨਵੰਬਰ ਵਿੱਚ ਅਮਰਿੰਦਰ ਸਰਕਾਰ ਨੇ ਇਕ ਵੀਡੀਓ ਸਟਿੰਗ ਵਿੱਚ ਰਿਸ਼ਵਤ ਲੈਣ ਦੇ ਮੁਲਜ਼ਮ, ਹਾਈਕੋਰਟ ਦੇ ਜੱਜ ਨੂੰ ਕਲੀਨ ਚਿੱਟ ਹੀ ਨਹੀਂ ਦਿੱਤੀ ਸਗੋਂ ਲੋਕ ਇਨਸਾਫ਼ ਪਾਰਟੀ ਦੇ ਉਨ੍ਹਾਂ ਦੋ ਵਿਧਾਇਕਾਂ ਖ਼ਿਲਾਫ਼ ਮਤਾ ਵੀ ਪਾਸ ਕਰਵਾ ਦਿੱਤਾ ਜਿਨ੍ਹਾਂ ਨੇ ਵਿਰੋਧੀ ਧਿਰ ਦੇ ਲੀਡਰ ਨੂੰ ਸਾਜ਼ਿਸ਼ ਵਿੱਚ ਫਸਾਉਣ ਦੇ ਸੰਕੇਤ ਦਿੱਤੇ ਸਨ। ਕੋਈ ਵੀ ਵਿਹਾਰਕ ਸਿਆਸੀ ਆਗੂ ਅਜਿਹਾ ਮਸਲਾ ਚੀਫ਼ ਜਸਟਿਸ ਉਤੇ ਛੱਡ ਦਿੰਦਾ ਪਰ ਕੈਪਟਨ ਦੇ ਸਰਕਾਰ ਚਲਾਉਣ ਦੇ ਆਪਣੇ ਵੱਖਰੇ ਅਸਾਧਾਰਨ ਤਰੀਕੇ ਹਨ।

ਨਵੰਬਰ 2017 ਨੂੰ ਵਿਧਾਨ ਸਭਾ ਵਿੱਚ ਪਾਸ ਮਤੇ ਵਿੱਚ ਦੋ ਵਿਧਾਇਕਾਂ ਉਤੇ "ਕਾਨੂੰਨ ਦਾ ਵੱਕਾਰ ਖ਼ਰਾਬ ਕਰਨ, ਅਦਾਲਤੀ ਪ੍ਰਬੰਧ ਵਿੱਚ ਵਿਘਨ ਪਾਉਣ ਤੇ ਲੋਕਾਂ ਲਈ ਅੜਿੱਕਾ ਬਣਨ" ਦੇ ਦੋਸ਼ ਲਾਏ ਗਏ। ਹੁਣ ਇਹ ਜਾਣਨਾ ਦਿਲਚਸਪ ਹੋਵੇਗਾ ਕਿ ਮੁੱਖ ਮੰਤਰੀ ਆਪਣੀ ਪਾਰਟੀ ਬਾਰੇ ਕੀ ਕਹਿਣਗੇ ਜਿਸ ਦੀ ਕੇਂਦਰੀ ਲੀਡਰਸ਼ਿਪ ਭਾਰਤ ਦੇ ਚੀਫ਼ ਜਸਟਿਸ ਖਿਲਾਫ਼ ਮਹਾਂਦੋਸ਼ ਲੈ ਕੇ ਆਈ ਹੈ, ਹਾਲਾਂਕਿ ਇਸ ਮਾਮਲੇ 'ਤੇ ਕਾਨੂੰਨੀ ਮਾਹਰ ਵੰਡੇ ਹੋਏ ਹਨ।

ਇਹ ਸੰਭਵ ਹੈ ਕਿ ਮੁੱਖ ਮੰਤਰੀ ਦਹਿਸ਼ਤਪਸੰਦੀ ਦੀ ਮੁੜ ਆਮਦ ਬਾਰੇ ਸੱਚਮੁੱਚ ਚਿੰਤਤ ਹਨ ਅਤੇ ਅਚੇਤ ਹੀ ਅਤਿਵਾਦ ਦੇ ਹੱਕ ਵਿੱਚ ਭੁਗਤ ਰਹੇ ਹਨ ਪਰ ਇਹ ਤਾਂ ਸੋਚਿਆ ਨਹੀਂ ਜਾ ਸਕਦਾ ਕਿ ਦੋ-ਦੋ ਵਾਰ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਰਹਿਣ ਵਾਲਾ ਲੀਡਰ ਇਹ ਵੀ ਸਮਝ ਨਹੀਂ ਰਿਹਾ ਕਿ ਮਸ਼ਕੂਕ ਦੇ ਹੱਕ ਵਿੱਚ ਖੜ੍ਹਨਾ ਅਤੇ ਕਾਨੂੰਨ ਦੇ ਰਾਹ ਦਾ ਰੋੜਾ ਬਣਨ ਦਾ ਮਤਲਬ ਕੀ ਹੈ। ਇਹੀ ਨਹੀਂ, ਉਹ ਤਾਂ ਉਦੋਂ ਵੀ ਕੋਈ ਪ੍ਰਵਾਹ ਨਹੀਂ ਕਰਦੇ, ਜਦੋਂ ਖ਼ਾਸ ਕਰ ਕੇ ਉਨ੍ਹਾਂ ਨੂੰ ਬਚਾਉਣ ਦਾ ਮਾਮਲਾ ਹੁੰਦਾ ਹੈ ਜਿਹੜੇ ਉਨ੍ਹਾਂ ਦੇ ਨੇੜੇ ਮੰਨੇ ਜਾਂਦੇ ਹਨ।

ਕਾਨੂੰਨ ਤੋੜਨ ਵਾਲਿਆਂ ਦੇ ਪਾਲੇ ਵਿੱਚ ਖਲੋ ਕੇ ਕੈਪਟਨ ਅਮਰਿੰਦਰ ਸਿੰਘ ਆਪਣੀ ਪਾਰਟੀ ਦੀਆਂ 2019 ਵਾਲੀਆਂ ਚੋਣਾਂ ਦੀ ਜਿੱਤ ਅਤੇ ਪਾਰਟੀ ਦੀ ਨੌਜੁਆਨ ਪੀੜ੍ਹੀ ਦੇ ਭਵਿੱਖ ਨੂੰ ਹੀ ਗ੍ਰਹਿਣ ਲਾ ਰਹੇ ਹਨ। ਪੰਜਾਬ ਦੇ ਸਿਆਸੀ ਲੀਡਰਾਂ ਤੋਂ ਕੈਨੇਡਾ ਵਰਗੇ ਵਿਕਸਤ ਮੁਲਕ ਵਰਗਾ ਰਾਜ ਪ੍ਰਬੰਧ ਸੰਭਵ ਬਣਾਉਣ ਦੀ ਤਵੱਕੋ ਕਰਨਾ ਤਾਂ ਜ਼ਿਆਦਤੀ ਹੋਵੇਗੀ ਪਰ ਪੁਲੀਸ ਅਤੇ ਸਰਕਾਰ ਚਲਾਉਣ ਦੇ ਮਾਮਲਿਆਂ ਵਿੱਚ ਘਟੋ-ਘੱਟ ਇੱਕ ਬੁਨਿਆਦੀ ਸਬਕ ਸਿੱਖਣ ਵਿੱਚ ਤਾਂ ਕੋਈ ਮੁਸ਼ਕਿਲ ਨਹੀਂ ਹੋਣੀ ਚਾਹੀਦੀ: "ਸੱਭਿਅਕ ਜੀਵਨ ਦੇ ਮੁੱਖ ਤੱਤ, ਕਾਨੂੰਨ ਦੀ ਵਿਵਸਥਾ ਦਾ ਸਤਿਕਾਰ ਕਰੋ।

# ਜਾਰੀ ਹੈ ਇਤਿਹਾਸ ਬਦਲਣ ਦੀ ਯੋਜਨਾ

ਡਾ. ਵਿਦਵਾਨ ਸਿੰਘ ਸੋਨੀ

ਵੈੱਬ ਅਖ਼ਬਾਰ 'ਦਿ ਵਾਇਰ' ਵਿੱਚ ਇੱਕ ਰੀਵਿਊ ਵਿੱਚ ਲਿਖਿਆ ਗਿਆ ਹੈ ਕਿ ਮੋਦੀ ਸਰਕਾਰ ਨੇ ਭਾਰਤ ਦਾ ਇਤਿਹਾਸ ਮੁੜ ਲਿਖਣ ਲਈ ਕਾਹਲੀ ਵਿੱਚ ਇੱਕ ਕਮੇਟੀ ਨਿਯੁਕਤ ਕੀਤੀ ਹੈ। ਜਨਵਰੀ 2017 ਦੇ ਪਹਿਲੇ ਹਫ਼ਤੇ ਨਵੀਂ ਦਿੱਲੀ ਵਿੱਚ ਸਥਿਤ ਇੱਕ ਇਮਾਰਤ ਵਿੱਚ ਜੁੜੇ 'ਰਾਸ਼ਟਰਵਾਦੀ' ਵਿਚਾਰਧਾਰਾ ਦੇ 14 ਵਿਦਵਾਨਾਂ ਨਾਲ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਮਹੇਸ਼ ਸ਼ਰਮਾ ਨੇ ਹਰ ਪੁਰਾਤਨ ਮਹਾਂਕਾਵਿ ਨੂੰ ਇਤਿਹਾਸਕ ਲਿਖਤ ਦੱਸ ਕੇ ਦਾਅਵਾ ਕੀਤਾ ਕਿ ਜੋ ਲੋਕ ਇਨ੍ਹਾਂ ਨੂੰ ਕੇਵਲ ਕਥਾਵਾਂ ਸਮਝਦੇ ਹਨ, ਉਹ ਬਿਲਕੁਲ ਗ਼ਲਤ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਕਮੇਟੀ ਦਾ ਗਠਨ ਕੀਤਾ ਸੀ। ਉਸ ਕਮੇਟੀ ਦਾ ਸੰਖੇਪ ਕਾਰਜ-ਵੇਰਵਾ ਤੇ ਕੁਝ ਮੈਂਬਰਾਂ ਦੇ ਵਿਚਾਰ ਖ਼ਬਰ ਏਜੰਸੀ ਨੇ ਛਾਣ-ਬੀਣ ਕਰਕੇ ਪ੍ਰਕਾਸ਼ਿਤ ਕੀਤੇ ਹਨ। ਕਮੇਟੀ ਮੈਂਬਰਾਂ ਦੀ ਡਿਊਟੀ ਲਗਾਈ ਗਈ ਹੈ ਕਿ ਉਹ ਪੁਰਾਤੱਤਵੀ ਖੋਜ 'ਚੋਂ ਅਜਿਹਾ ਸੁਰਾਗ਼ ਕੱਢਣ ਜੋ ਇਹ ਸਿੱਧ ਕਰੇ ਕਿ ਹਿੰਦੂ ਇਸ ਧਰਤੀ ਦੇ ਹਜ਼ਾਰਾਂ ਸਾਲ ਪਹਿਲਾਂ ਦੇ ਬਾਸ਼ਿੰਦਿਆਂ ਦੀ ਹੀ ਸੰਤਾਨ ਹਨ। ਇਹ ਵੀ ਸਿੱਧ ਕੀਤਾ ਜਾਵੇ ਕਿ ਪੁਰਾਣੇ ਗ੍ਰੰਥ ਮਿਥਿਹਾਸ ਨਹੀਂ ਹਨ। ਇਸ ਤੱਥ ਨੂੰ ਚੁਣੌਤੀ ਦਿੱਤੀ ਜਾਵੇ ਕਿ ਭਾਰਤ ਕਈ ਸੱਭਿਅਤਾਵਾਂ ਦਾ ਸੁਮੇਲ ਹੈ। ਇਹ ਸਾਰੀ ਬਹਿਸ ਸ਼ੁਰੂ ਕਰਨ ਪਿੱਛੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦਾ ਹੱਥ ਹੈ।

ਸੱਜੇ ਪੱਖੀ ਹਿੰਦੂ ਸਿਆਸਤਦਾਨ ਹਿੰਦੂਆਂ ਦੀ ਸੱਭਿਅਕ ਉੱਤਮਤਾ ਦੀ ਕਾਢ ਕੱਢਣਾ ਚਾਹੁੰਦੇ ਹਨ। ਸੱਭਿਆਚਾਰ ਬਾਰੇ ਮੰਤਰੀ 14 ਮੈਂਬਰੀ ਕਮੇਟੀ ਦੀ ਅੰਤਿਮ ਰਿਪੋਰਟ ਪਾਰਲੀਮੈਂਟ ਵਿੱਚ ਪੇਸ਼ ਕਰਕੇ ਮਾਨਵ ਸਰੋਤ ਵਿਕਾਸ ਮੰਤਰਾਲੇ ਰਾਹੀਂ ਸਕੂਲੀ ਪਾਠ ਪੁਸਤਕਾਂ ਵਿੱਚ ਸੋਧ ਕਰਵਾਏਗਾ। ਕਮੇਟੀ ਦੇ ਚੇਅਰਮੈਨ ਕੇ.ਐੈਨ. ਦੀਕਸ਼ਿਤ ਮੁਤਾਬਿਕ ਹਿੰਦੂ ਗ੍ਰੰਥਾਂ ਵਿੱਚ ਵਰਣਿਤ ਕਥਾਵਾਂ ਦੀ ਅਸਲੀਅਤ ਨੂੰ ਮੰਨ ਕੇ ਇਹ ਸਥਾਪਿਤ ਕੀਤਾ ਜਾਵੇਗਾ ਕਿ ਭਾਰਤੀ ਸੱਭਿਅਤਾ ਹਜ਼ਾਰਾਂ ਸਾਲ ਪੁਰਾਣੀ ਹੈ। ਗ੍ਰੰਥਾਂ ਵਿੱਚ ਲਿਖੀਆਂ ਘਟਨਾਵਾਂ ਵਾਸਤਵਿਕ ਹਨ ਅਤੇ ਅਸੀਂ ਸਾਰੇ ਉਨ੍ਹਾਂ ਸਮਿਆਂ ਤੋਂ ਹੀ ਸਿੱਧੇ ਉਤਰੇ ਹਾਂ। ਮਿੱਥਿਕ ਦਰਿਆ ਸਰਸਵਤੀ ਦੀ ਵਾਸਤਵਿਕਤਾ ਨੂੰ ਖੋਜਣਾ ਸਾਡੇ ਲਈ ਬੜਾ ਮਹੱਤਵਪੂਰਨ ਹੈ। ਉਹ ਉਨ੍ਹਾਂ ਥਾਵਾਂ 'ਤੇ ਖ਼ੁਦਾਈ ਕਰਕੇ ਰਾਮਾਇਣ ਤੇ ਮਹਾਂਭਾਰਤ ਦੇ ਅਵਸ਼ੇਸ਼ ਖੋਜਣਗੇ (ਜੋ ਸ਼ਾਇਦ ਘੜ ਲਏ ਜਾਣਗੇ?))।

ਮੰਤਰੀ ਮਹੇਸ਼ ਸ਼ਰਮਾ ਨੇ ਹੀ ਪ੍ਰਧਾਨ ਮੰਤਰੀ ਉੱਤੇ ਇਸ ਕਮੇਟੀ ਦੇ ਗਠਨ ਵਾਸਤੇ ਦਬਾਅ ਪਾਇਆ ਸੀ, ਪਰ ਅੰਦਰਖਾਤੇ ਇਸ ਦਾ ਉਦੇਸ਼ ਮੋਦੀ ਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨਾ ਹੀ ਹੈ। ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰਾਲੇ ਦਾ ਸਾਲਾਨਾ ਬਜਟ 2500 ਕਰੋੜ ਰੁਪਏ ਹੈ। ਪਤਾ ਨਹੀਂ ਇਸ ਅਵਿਗਿਆਨਕ ਪੈਰਵੀ ਉੱਤੇ ਮੋਦੀ ਸਰਕਾਰ ਕਿੰਨਾ ਕੁ ਪੈਸਾ ਖਰਾਬ ਕਰੇਗੀ?

ਭਾਵੇਂ ਕਰੋੜਾਂ ਲੋਕਾਂ ਦੀ ਸ੍ਰੀ ਰਾਮ ਅਤੇ ਰਾਮਾਇਣ ਵਿੱਚ ਅਟੁੱਟ ਆਸਥਾ ਤੇ ਵਿਸ਼ਵਾਸ ਹੈ ਤੇ ਅਜਿਹੀ ਆਸਥਾ ਦਾ ਕੋਈ ਵਿਰੋਧ ਵੀ ਨਹੀਂ, ਫਿਰ ਵੀ ਇਤਿਹਾਸ ਤੇ ਮਿਥਿਹਾਸ ਅੱਡ ਅੱਡ ਖੇਤਰ ਹਨ। ਇਤਿਹਾਸ ਪ੍ਰਤੀ ਬਾਹਰਮੁਖੀ ਵਿਗਿਆਨਕ ਪਹੁੰਚ ਹੋਣੀ ਚਾਹੀਦੀ ਹੈ। ਭਗਵਾਨ ਰਾਮ ਦਾ ਜਨਮ ਸਾਢੇ ਸੱਤ ਹਜ਼ਾਰ ਸਾਲ ਪੂਰਵ ਕਿਹਾ ਜਾ ਰਿਹਾ ਹੈ ਤੇ ਕਈਆਂ ਵੱਲੋਂ ਸਾਢੇ ਨੌਂ ਹਜ਼ਾਰ ਸਾਲ ਪੂਰਵ ਵੀ। ਉਦੋਂ ਹੀ ਰਾਮਾਇਣ ਨਾਲ ਸਬੰਧਿਤ ਘਟਨਾਵਾਂ ਵਾਪਰੀਆਂ ਹੋਣੀਆਂ ਚਾਹੀਦੀਆਂ ਹਨ। ਰਾਮਾਇਣ ਕਾਲ ਵਿੱਚ ਲੋਹੇ ਦੇ ਹਥਿਆਰ, ਰੱਥ, ਘੋੜੇ ਵਗੈਰਾ ਦਿਖਾਏ ਜਾਂਦੇ ਹਨ। ਅਸਲੀਅਤ ਇਹ ਹੈ ਕਿ ਉਸ ਸਮੇਂ ਅਜਿਹਾ ਕੁਝ ਵੀ ਨਹੀਂ ਸੀ ਕਿਉਂਕਿ ਉਦੋਂ ਸਾਰੀ ਧਰਤੀ 'ਤੇ ਹੀ ਪੱਥਰ-ਯੁੱਗ ਸੀ। ਕਈ ਲੋਕ ਅਜਿਹੀਆਂ ਘਟਨਾਵਾਂ 500 ਸਾਲ ਤੋਂ 100 ਸਾਲ ਪੂਰਵ ਈਸਾ ਹੋਈਆਂ ਮੰਨਦੇ ਹਨ। ਭਗਵਾਨ ਬਾਲਮੀਕੀ ਨੂੰ ਭਗਵਾਨ ਰਾਮ ਦਾ ਸਮਕਾਲੀ ਮੰਨਿਆ ਜਾਂਦਾ ਹੈ। ਬਾਲਮੀਕੀ ਰਾਮਾਇਣ ਦੇ ਪਹਿਲੇ ਰੂਪ ਵਿੱਚ ਰਾਮ ਨੂੰ ਆਦਰਸ਼ ਮਹਾਨ ਵਿਅਕਤੀ ਦਰਸਾਇਆ ਗਿਆ ਸੀ, ਪਰ ਬਾਅਦ ਵਿੱਚ ਬ੍ਰਾਹਮਣਵਾਦ ਨੇ ਹੌਲੀ ਹੌਲੀ ਇਸ ਗਰੰਥ ਦਾ ਰੂਪ ਹੀ ਬਦਲ ਦਿੱਤਾ। ਰਾਮਾਇਣ ਦੇ ਕਈ ਥਾਵਾਂ 'ਤੇ ਕਈ ਰੂਪ ਬਦਲ ਕੇ ਲਿਖੇ ਗਏ। ਫਿਰ ਤੁਲਸੀਦਾਸ ਨੇ ਸੋਲ੍ਹਵੀਂ ਸਦੀ ਵਿੱਚ ਨਵੀਂ ਰਾਮਾਇਣ ਦੀ ਰਚਨਾ ਕੀਤੀ। ਸੰਸਕ੍ਰਿਤ ਵਿਦਵਾਨ ਔਰਬਿੰਦੋ ਘੋਸ਼ ਭਗਵਾਨ ਬਾਲਮੀਕੀ ਨੂੰ 100 ਕੁ ਸਾਲ ਪੂਰਵ ਈਸਾ ਹੋਇਆ ਮੰਨਦੇ ਹਨ ਅਤੇ ਉਹ ਤੁਲਸੀਦਾਸ ਨੂੰ ਭਗਵਾਨ ਬਾਲਮੀਕੀ ਤੋਂ ਵੱਡਾ ਨਹੀਂ ਸੀ ਮੰਨਦੇ। ਇਹ ਤਾਂ ਆਸਥਾ ਦੀ ਗੱਲ ਹੈ ਜੋ ਭਾਰਤੀਆਂ ਦੇ ਮਨਾਂ 'ਚ ਪੱਕੀ ਹੋ ਚੁੱਕੀ ਹੈ, ਪਰ ਪੁਰਾਤਤਵ ਵਿਗਿਆਨ ਵਿੱਚ ਕੋਈ ਸਬੂਤ ਨਾ ਮਿਲਣ ਕਰਕੇ ਵਿਗਿਆਨਕ ਸੋਚ ਵਾਲੇ ਇਤਿਹਾਸਕਾਰ ਰਾਮਾਇਣ ਦੀਆਂ ਘਟਨਾਵਾਂ ਨੂੰ ਇਤਿਹਾਸਕ ਨਹੀਂ ਮੰਨਦੇ। ਨਾਲ ਹੀ ਇਸ ਮਹਾਂਕਵਿ ਦੇ ਕਈ ਰੂਪ ਹਨ। ਸੰਭਵ ਹੈ ਕਿ ਰਾਮਾਇਣ ਦੀ ਕਥਾ ਨਾਲ ਮਿਲਦੇ ਜੁਲਦੇ ਪਾਤਰ ਹੋਏ ਹੋਣ, ਪਰ ਬਹੁਤ ਫੈਲਾ ਕੇ ਲਿਖੀਆਂ ਕਥਾਵਾਂ ਨਾਲੋਂ ਸੱਚ ਦੀ ਵਿਗਿਆਨਕ ਖੋਜ ਹੋਣੀ ਚਾਹੀਦੀ ਹੈ। ਕੁਝ ਪੁਰਾਤੱਤਵੀ ਸਬੂਤਾਂ ਕਾਰਨ ਔਰਬਿੰਦੋ ਘੋਸ਼ ਤੇ ਹੋਰ ਇਤਿਹਾਸਕਾਰਾਂ ਦਾ ਅੰਦਾਜ਼ਾ ਸਹੀ ਹੈ ਕਿ ਰਾਮਾਇਣ ਵਰਗੇ ਕਿਸੇ ਘਟਨਾਕ੍ਰਮ ਦਾ ਵਾਪਰਨਾ (ਜੇ ਕੁਝ ਅਜਿਹਾ ਹੋਇਆ ਹੈ ਤਾਂ) ਆਰੀਆਂ ਦੇ ਭਾਰਤ ਵਿੱਚ ਆਉਣ ਤੋਂ ਬਹੁਤ ਬਾਅਦ ਵਿੱਚ ਵਾਪਰਿਆ ਹੋਵੇਗਾ ਜਦੋਂ ਲੋਹੇ ਦੇ ਹਥਿਆਰ, ਰੱਥ ਘੋੜੇ ਆਦਿ ਮੌਜੂਦ ਸਨ। ਅਜਿਹੀ ਘਟਨਾ ਨੂੰ ਸਾਢੇ ਸੱਤ ਹਜ਼ਾਰ ਸਾਲ ਪੂਰਵ ਵਾਪਰੀ ਦੱਸਣਾ (ਜਦੋਂ ਪੱਥਰ-ਯੁੱਗ ਹੀ ਸੀ) ਗ਼ਲਤ ਹੈ।

ਇਤਿਹਾਸ ਪੁਨਰ-ਲਿਖਣ ਕਮੇਟੀ ਵਿੱਚ ਸ਼ਾਮਲ ਮੈਂਬਰ ਇਸ ਗੱਲੋਂ ਪੱਕੇ ਹਨ ਕਿ ਆਰੀਆ ਬਾਹਰੋਂ ਨਹੀਂ ਆਏ ਸਗੋਂ ਹੜੱਪਨ ਸੱਭਿਅਤਾ ਦੇ ਹੀ ਬਾਸ਼ਿੰਦੇ ਆਰੀਆ ਬਣ ਗਏ। ਜੇ ਹੜੱਪਨ ਹੀ ਆਰੀਆ ਹੁੰਦੇ ਤਾਂ ਘੱਟੋ ਘੱਟ ਉਨ੍ਹਾਂ ਦੀ ਵਿਸ਼ੇਸ਼ ਲਿੱਪੀ ਤੇ ਮਹੱਤਵਪੂਰਨ ਥਾਵਾਂ ਦਾ ਜ਼ਿਕਰ ਕਿਸੇ ਪੁਰਾਤਨ ਹਿੰਦੂ ਗ੍ਰੰਥ ਵਿੱਚ ਜ਼ਰੂਰ ਹੁੰਦਾ, ਜੋ ਕਿਧਰੇ ਨਹੀਂ ਹੈ। ਅਸਲੀਅਤ ਇਹ ਹੈ ਕਿ ਜਦੋਂ ਹੜੱਪਨ ਉੱਨਤ ਅਵਸਥਾ ਵਿੱਚ ਪੁੱਜ ਗਏ ਸਨ, ਉਹ ਕੋਈ ਅਗਿਆਤ ਭਾਸ਼ਾ ਬੋਲਦੇ ਸਨ। ਉਨ੍ਹਾਂ ਨੇ ਵੱਲੋਂ ਬਣਾਈ ਗਈ ਆਪਣੀ ਲਿੱਪੀ ਅਜੇ ਤਕ ਪੜ੍ਹੀ ਨਹੀਂ ਜਾ ਸਕੀ। ਉਸ ਲਿੱਪੀ ਦਾ ਜ਼ਿਕਰ ਵੀ ਕਿਸੇ ਬਾਅਦ ਵਿੱਚ ਰਚੇ ਗ੍ਰੰਥ ਵਿੱਚ ਨਹੀਂ। ਹੜੱਪਨ ਸੱਭਿਅਤਾ ਦੇ ਛੇਕੜਲੇ ਪੜਾਅ ਸਮੇਂ ਲੰਬੇ ਕਾਲ ਪੈ ਗਏ ਅਤੇ ਹੜੱਪਨ ਉਜੜ-ਪੁੱਜੜ ਕੇ ਪਾਣੀ ਦੀ ਭਾਲ ਵਿੱਚ ਏਧਰ ਓਧਰ ਖਿੰਡ ਗਏ। ਉਨ੍ਹਾਂ ਦੇ ਬਹੁਤੇ ਕਾਫ਼ਲੇ ਉੱਤਰ ਤੇ ਉੱਤਰ-ਪੂਰਬ ਵੱਲ ਧਾ ਗਏ। ਬਹੁਤਿਆਂ ਨੇ ਸ਼ਿਵਾਲਿਕ ਪਹਾੜੀਆਂ ਵਿੱਚ ਜਾ ਸ਼ਰਨ ਲਈ। ਉਹ ਆਪਣੀ ਲਿੱਪੀ ਤਾਂ ਗੁਆ ਬੈਠੇ ਸਨ, ਪਰ ਦੂਰ ਦਰਾਡੇ ਦਾ ਵਪਾਰ ਖ਼ਤਮ ਹੋਣ ਕਰਕੇ ਉਨ੍ਹਾਂ ਦਾ ਮੈਟੀਰੀਅਲ ਕਲਚਰ ਵੀ ਨਿੱਘਰ ਗਿਆ। ਉਹ ਲੋਕ ਹਤਾਸ਼ ਹੋ ਕੇ ਪੱਥਰ ਦੇ ਸੰਦ ਵਰਤਣ ਲੱਗ ਪਏ ਸਨ ਜਿਨ੍ਹਾਂ ਦੇ ਸਬੂਤ ਸ਼ਿਵਾਲਿਕ ਪਹਾੜੀਆਂ ਵਿੱਚੋਂ ਕੋਈ ਤਿੰਨ ਦਰਜਨ ਥਾਵਾਂ (ਸਾਈਟਾਂ) ਤੋਂ ਮਿਲ ਚੁੱਕੇ ਹਨ।

(ਬਾਕੀ ਸਫਾ 22 'ਤੇ)

# ਸਿੱਖਾਂ ਦੀਆਂ ਸੁਪਰੀਮ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ, ਆਜ਼ਾਦੀ ਤੇ ਪ੍ਰਭੂਤਾ

- ਪੀ ਪੀ ਐੱਸ ਗਿੱਲ

ਸਿੱਖਾਂ ਦੀਆਂ ਆਕਾਂਖਿਆਵਾਂ, ਖਾਹਿਸ਼ਾਂ ਤੇ ਅਸਫ਼ਲਤਾਵਾਂ ਨਾਲ ਜੁੜੀਆਂ ਸਿੱਖ ਸੰਸਥਾਵਾਂ ਦੇ ਰੋਲ ਅਤੇ ਕੰਮ ਕਾਜ ਬਾਰੇ ਪਿਛਲੇ ਸਮੇਂ ਬਿਨਾਂ ਸ਼ੱਕ ਸਵਾਲ ਉਠਾਏ ਗਏ ਹਨ। ਇਹ ਸਵਾਲ ਖ਼ਾਸ ਕਰ ਕੇ ਸਿੱਖਾਂ ਦੀਆਂ ਸੁਪਰੀਮ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਦੀ ਖ਼ੁਦਮੁਖ਼ਤਾਰੀ, ਆਜ਼ਾਦੀ ਤੇ ਪ੍ਰਭੂਤਾ ਨੂੰ ਲੱਗੇ ਖ਼ੋਰੇ ਬਾਰੇ ਹਨ। ਆਪਣੇ ਸਿਆਸੀ ਆਕਾਵਾਂ ਦੇ ਹੁਕਮ ਉੱਤੇ ਖ਼ੁਸ਼ਾਮਦੀ ਰਵੱਈਆ ਅਪਣਾਉਂਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਨਿਯੁਕਤ ਕਰਨ ਤੇ ਹਟਾਉਣ ਦੀ ਨੀਤੀ ਧਾਰਨ ਕੀਤੀ ਗਈ, ਜੋ ਬਹੁਤ ਨੁਕਸਾਨਦੇਹ ਰਹੀ ਹੈ। ਇੱਥੋਂ ਤੱਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਨਿਯੁਕਤ ਕਰਨ ਤੇ ਹਟਾਉਣ ਦੀ ਪ੍ਰਣਾਲੀ ਵੀ ਆਪਹੁਦਰੀ ਤੇ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ। ਮੌਜੂਦਾ ਧਾਰਮਿਕ-ਸਿਆਸੀ ਪ੍ਰਣਾਲੀ ਢਾਂਚੇ ਵਿੱਚ ਅਹੁਦੇਦਾਰਾਂ ਤੋਂ ਆਸ ਇਹ ਰੱਖੀ ਜਾਂਦੀ ਹੈ ਕਿ ਉਹ ਆਪਣੇ ਸਿਆਸੀ ਆਕਾਵਾਂ ਲਈ ਪੂਰੀ ਸ਼ਰਧਾ ਦਿਖਾਉਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਦਾ ਸਿਆਸੀਕਰਨ ਚਿੰਤਾ ਦਾ ਵਿਸ਼ਾ ਹੈ, ਜਿਸ ਕਰ ਕੇ ਫ਼ੈਸਲੇ ਅਸਪੱਸ਼ਟ ਅਤੇ ਆਪਾ-ਵਿਰੋਧੀ ਲਏ ਜਾਂਦੇ ਹਨ। ਇਨ੍ਹਾਂ ਪਵਿੱਤਰ ਸੰਸਥਾਵਾਂ ਨੂੰ ਲਗਾਤਾਰ ਕਿਉਂ ਖ਼ੋਰਾ ਲੱਗਾ ਅਤੇ ਕਿਉਂ ਇਨ੍ਹਾਂ ਦਾ ਵੱਕਾਰ ਘਟਿਆ ਹੈ। ਇੱਕ ਪਾਸੇ ਧਰਮ ਅਤੇ ਸਿਆਸਤ ਨੂੰ ਨਾਲ ਨਾਲ ਰੱਖਣ ਦੇ ਮਾਮਲੇ ਉੱਤੇ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ, ਜਦ ਕਿ ਤੱਥ ਇਹ ਹਨ ਕਿ ਸੌੜੇ ਹਿਤਾਂ ਨੇ ਧਰਮ ਦਾ ਸਿਆਸੀਕਰਨ ਕਰ ਦਿੱਤਾ ਹੈ। ਧਰਮ ਅੱਜ ਕੱਲ੍ਹ ਸਿਆਸਤ ਨੂੰ ਸਾਫ਼ ਸੁਥਰੀ ਰੱਖਣ ਵਾਲਾ ਕਾਰਕ ਨਹੀਂ ਰਿਹਾ।

ਇਸ ਦੇ ਨਾਲ ਹੀ ਸੰਤਾਂ, ਮਹੰਤਾਂ, ਬਾਬਿਆਂ ਤੇ ਗੁਰੂਆਂ ਦੀਆਂ ਸੰਪਰਦਾਵਾਂ ਤੇ ਡੇਰੇ ਵਧ ਰਹੇ ਹਨ। 'ਸਟੇਟ' ਅਤੇ 'ਸਿਆਸਤ' ਦੀ ਛਤਰ-ਛਾਇਆ ਹੇਠ ਪੰਜਾਬ ਵਿੱਚ ਇਨ੍ਹਾਂ ਦੇ ਵਧਣ-ਫੁੱਲਣ ਵਾਸਤੇ ਢੁਕਵਾਂ ਮਾਹੌਲ ਹੈ। ਮੁੱਖ ਸਿੱਖ ਸੰਸਥਾਵਾਂ ਇਨ੍ਹਾਂ ਨੂੰ ਮਾਤ ਦੇਣ ਵਿਚ ਨਾਕਾਮ ਰਹੀਆਂ ਹਨ। ਜ਼ਾਹਿਰ ਹੈ ਕਿ ਜਿਹੜੇ ਲੋਕ ਡੇਰਿਆਂ ਉੱਪਰ ਜ਼ਿਆਦਾ ਜਾਂਦੇ ਹਨ, ਉਹ ਸਮਾਜ ਦੇ 'ਕਮਜ਼ੋਰ ਤਬਕਿਆਂ', 'ਸੂਚੀ ਦਰਜ ਜਾਤਾਂ' ਅਤੇ 'ਹੋਰ ਪਛੜੀਆਂ ਸ਼੍ਰੇਣੀਆਂ' ਵਿੱਚੋਂ ਹੁੰਦੇ ਹਨ। ਡੇਰੇ ਨਿਰੇ ਵੋਟ ਬੈਂਕ ਨਹੀਂ, ਇਸ ਤੋਂ ਵੱਧ ਹੋਰ ਵੀ ਕਈ ਕੁਝ ਹਨ। ਸਮਾਜ ਦਾ ਇਹ ਵੱਡਾ ਵਰਗ ਮਹਿਸੂਸ ਕਰਦਾ ਹੈ ਕਿ ਇਸ ਨੂੰ ਭਲਾਈ ਸਕੀਮਾਂ ਤੋਂ ਬਾਹਰ ਰੱਖਿਆ ਗਿਆ ਹੈ, ਜਿਸ ਕਾਰਨ ਆਰਥਿਕ ਤੰਗੀਆਂ ਤੋਂ ਇਸ ਦੀ ਬੰਦ ਖਲਾਸੀ ਨਹੀਂ ਹੋ ਰਹੀ; ਇਹ ਵਰਗ ਸਮਾਜਿਕ ਬਰਾਬਰੀ, ਆਮਦਨ ਦੇ ਸਾਧਨ, ਰੁਜ਼ਗਾਰ ਦੇ ਮੌਕਿਆਂ, ਪੁੱਜਤ ਵਾਲੀ ਵਧੀਆ ਸਿੱਖਿਆ ਤੇ ਚੰਗੀਆਂ ਸਿਹਤ ਸੇਵਾਵਾਂ ਤੋਂ ਵਾਂਝਾ ਹੈ। ਸਿੱਖਾਂ ਦੀ ਧਾਰਮਿਕ-ਸਿਆਸੀ ਲੀਡਰਸ਼ਿਪ ਨੇ ਇਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਤੇ ਹਾਸ਼ੀਏ ਉੱਤੇ ਸੁੱਟੀ ਰੱਖਿਆ। ਇਸ ਵਿਹਾਰ ਨੇ ਉਨ੍ਹਾਂ ਨੂੰ ਬੇਗਾਨੇ ਬਣਾ ਦਿੱਤਾ ਤੇ ਸਮਾਜਿਕ ਮਾਨਤਾ, ਮਾਣ-ਸਤਿਕਾਰ, ਬਰਾਬਰੀ ਅਤੇ ਮਨੁੱਖੀ ਸ਼ਾਨ ਤੋਂ ਵੀ ਵਾਂਝੇ ਰੱਖਿਆ।

ਇਹੀ ਕਾਰਨ ਹੈ ਕਿ ਡੇਰੇ ਪ੍ਰਫ਼ੁੱਲਤ ਹੋ ਰਹੇ ਹਨ, ਕਿਉਂਕਿ ਇਹ ਆਪਣੇ ਸ਼ਰਧਾਲੂਆਂ ਨੂੰ ਪੂਰਾ ਮਾਣ-ਸਤਿਕਾਰ, ਵਡਿਆਈ ਤੇ ਸਮਾਜਿਕ ਬਰਾਬਰੀ ਦਿੰਦੇ ਹਨ, ਜੋ ਇਨ੍ਹਾਂ ਨੂੰ ਸਰਕਾਰ ਜਾਂ ਸਿੱਖ ਧਾਰਮਿਕ-ਸਿਆਸੀ ਲੀਡਰਸ਼ਿਪ ਤੋਂ ਨਹੀਂ ਮਿਲਦੀ। ਸਰਕਾਰਾਂ ਨੇ ਤਾਂ ਇਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਹੀ, ਸਿੱਖ ਸੰਸਥਾਵਾਂ ਨੇ ਵੀ ਨਾਲ ਨਹੀਂ ਜੋੜਿਆ। ਨਤੀਜਾ ਇਹ ਹੈ ਕਿ ਪਿੰਡਾਂ ਵਿੱਚ ਧਰਮ, ਜਾਤ, ਨਸਲ, ਜਮਾਤ ਦੇ ਆਧਾਰ ਉੱਤੇ ਗਹਿਰਾ ਪਾੜਾ ਦੇਖਣ ਨੂੰ ਮਿਲਦਾ ਹੈ। ਵਿਤਕਰਾ ਬਹੁਤ ਜ਼ਿਆਦਾ ਹੈ। ਇਸ ਦੇ ਸਬੂਤ ਵੱਖ ਵੱਖ ਭਾਈਚਾਰਿਆਂ ਦੇ ਵੱਖਰੇ ਸ਼ਮਸ਼ਾਨ ਘਾਟਾਂ, ਵੱਖਰੇ ਗੁਰਦੁਆਰਿਆਂ ਅਤੇ ਵੱਖਰੀਆਂ ਧਰਮਸ਼ਾਲਾਵਾਂ ਤੋਂ ਮਿਲਦੇ ਹਨ।



ਹੈਰਾਨੀ ਤੇ ਪ੍ਰੇਸ਼ਾਨੀ ਦੀ ਗੱਲ ਇਹ ਹੈ ਕਿ ਦੇਸ਼ ਵਿੱਚ ਘੱਟ ਗਿਣਤੀਆਂ ਉੱਪਰ ਹੋ ਰਹੇ ਜ਼ੁਲਮਾਂ, ਗਊ ਰਾਖਿਆਂ ਦੀ ਬੁਰਛਾਗਰਦੀ, ਸੰਸਥਾਵਾਂ ਦੇ ਭਗਵੇਂਕਰਨ ਖ਼ਿਲਾਫ਼ ਰੋਹ ਅਤੇ ਰੋਸ ਉੱਠ ਰਿਹਾ ਹੈ, ਪਰ ਅਕਾਲੀ ਲੀਡਰਸ਼ਿਪ ਇਸ ਡਰੋਂ ਕਿ ਕਿਤੇ ਭਾਜਪਾ ਨਾਰਾਜ਼ ਨਾ ਹੋ ਜਾਵੇ ਜਾਂ ਕੇਂਦਰ ਵਿੱਚ ਵਜ਼ੀਰੀ ਨਾ ਖੁੱਸ ਜਾਵੇ, ਉੱਕਾ ਖ਼ਾਮੋਸ਼ ਹੈ। ਤੇ ਇਸ ਦੇ ਧਾਰਮਿਕ ਵਿੰਗ ਨੇ ਬੇਮੁਖ ਹੋਏ ਉਸ ਵਰਗ ਨੂੰ ਅਪਨਾਉਣ ਜਾਂ ਮਨਾਉਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ ਜਿਹੜੇ ਡੇਰਿਆਂ ਦੇ ਲੜ ਲੱਗ ਗਏ ਅਤੇ ਉਹ 'ਗੁਰੂ' ਅਤੇ 'ਬਾਬੇ' ਹੀ ਉਨ੍ਹਾਂ ਦੇ ਇਸ਼ਟ ਹੋ ਗਏ।

ਇਸ ਰੁਝਾਨ ਨੂੰ ਬਦਲਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਲਾਈ ਸਕੀਮਾਂ ਇਮਾਨਦਾਰੀ ਨਾਲ ਲਾਗੂ ਕਰੇ ਤੇ ਡੇਰਾ ਸ਼ਰਧਾਲੂਆਂ ਪ੍ਰਤੀ ਆਪਣੀ ਪਹੁੰਚ ਵੀ ਬਦਲੇ। ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਕਾਰ, ਆਜ਼ਾਦੀ, ਪ੍ਰਭੂਤਾ ਤੇ ਖ਼ੁਦਮੁਖ਼ਤਾਰੀ ਬਹਾਲ ਕਰਨ ਹਿਤ ਵੱਡੀਆਂ ਤਬਦੀਲੀਆਂ ਲਿਆਉਣ ਦਾ ਵੇਲਾ ਹੈ। ਇਸ ਦੇ ਨਾਲ ਹੀ ਅਕਾਲੀ ਦਲ ਵਿੱਚ 'ਅੰਦਰੂਨੀ ਲੋਕਤੰਤਰ' ਦੀ ਬਹਾਲੀ ਵੀ ਓਨੀ ਹੀ ਅਹਿਮ ਹੈ। ਪੰਜਾਬ ਨੂੰ ਫ਼ਿਰਕੂ ਸਦਭਾਵਨਾ, ਅਮਨ-ਅਮਾਨ ਤੇ ਸਥਿਰਤਾ ਹਰ ਹਾਲ ਕਾਇਮ ਰੱਖਣੀ ਚਾਹੀਦੀ ਹੈ ਜਿਹੜੀ ਇਸ ਵੇਲੇ ਬਹੁਤ ਨਿੱਘਰੀ ਹੋਈ ਹੈ। ਫ਼ਿਕਰਮੰਦ ਵਿਦਵਾਨਾਂ (ਜ਼ਰੂਰੀ ਨਹੀਂ ਉਹ ਨਿਰਪੱਖ ਹੀ ਹੋਣ) ਨੇ ਅਕਸਰ ਇਸ ਸੰਕਟ ਵਿੱਚੋਂ ਨਿਕਲਣ ਦੇ ਰਾਹ ਸੁਝਾਏ ਹਨ। ਸਿੱਖ ਸੰਸਥਾਵਾਂ ਤੇ ਸਿੱਖ ਮਾਨਸਿਕਤਾ ਕਿਉਂਕਿ ਝਗੜੇ-ਝੇੜਿਆਂ, ਟਕਰਾਵਾਂ ਤੇ ਵਿਵਾਦਾਂ ਵਿੱਚ ਘਿਰੀ ਹੋਈ ਹੈ, ਵਿਦਵਾਨਾਂ ਨੂੰ ਰਾਜ ਤੇ ਸਿੱਖਾਂ ਦੇ ਵਡੇਰੇ ਹਿੱਤਾਂ ਲਈ ਸਹਿਯੋਗ ਅਤੇ ਤਾਲਮੇਲ ਬਿਠਾਉਣ ਦੀ ਲੋੜ ਹੈ। ਕੀ ਇਨ੍ਹਾਂ ਸੰਸਥਾਵਾਂ ਦੀ ਗੁਆਚੀ ਸਾਖ਼ ਬਹਾਲ ਕਰਨ ਜਾਂ ਸੁਧਾਰ ਬਾਰੇ ਕੋਈ ਕੋਸ਼ਿਸ਼ਾਂ ਹੋ ਰਹੀਆਂ ਹਨ?

ਸਤੰਬਰ 1995 ਵਿੱਚ ਅੰਮ੍ਰਿਤਸਰ ਵਿੱਚ ਹੋਏ ਸੰਸਾਰ ਸਿੱਖ ਸੰਮੇਲਨ ਵਿੱਚ ਇੱਕ ਅਜਿਹੀ ਕੋਸ਼ਿਸ਼ ਕੀਤੀ ਗਈ ਸੀ। ਉਦੋਂ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਨੇ ਨੁਮਾਇੰਦਗੀ ਦੇ ਪੱਖ ਤੋਂ ਵੱਡੇ ਆਧਾਰ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕੀਤੀ ਸੀ। ਉਸ ਸਮੇਂ 1994 ਤੋਂ 1996 ਦਰਮਿਆਨ ਸੇਵਾਮੁਕਤ ਕਰਨਲ ਗੁਰਦੀਪ ਸਿੰਘ ਗਰੇਵਾਲ (ਮਰਹੂਮ) ਨੇ ਗਲੋਬਲ ਸਿੱਖ ਸੈਨੇਟ ਬਣਾਉਣ ਦਾ ਵਿਚਾਰ ਪੇਸ਼ ਕੀਤਾ ਸੀ, ਪਰ ਜਿਹੜੇ ਇਸ ਸੰਸਥਾ ਉੱਤੇ ਕਬਜ਼ਾ ਕਰੀ ਬੈਠੇ ਸਨ, ਉਨ੍ਹਾਂ ਨੇ ਇਹ ਕੋਸ਼ਿਸ਼ਾਂ ਸਿਰੇ ਨਾ ਚੜ੍ਹਨ ਦਿੱਤੀਆਂ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਤੋਂ ਆਪਣੀ ਸਰਦਾਰੀ ਖੁੱਸਣ ਦਾ ਡਰ ਸੀ, ਕਿਉਂਕਿ ਉਨ੍ਹਾਂ ਨੂੰ ਸਾਰੀ 'ਤਾਕਤ' ਇਨ੍ਹਾਂ ਸੰਸਥਾਵਾਂ ਤੋਂ ਮਿਲਦੀ ਸੀ। ਸਿੱਖਾਂ ਦੇ ਧਾਰਮਿਕ-ਸਿਆਸੀ ਖੇਮੇ ਵਿਚ ਏਕਤਾ ਕਾਇਮ ਕਰਨ ਲਈ ਕਈ ਸੈਮੀਨਾਰ ਹੋ ਚੁੱਕੇ ਹਨ। ਇਨ੍ਹਾਂ ਕੋਸ਼ਿਸ਼ਾਂ ਨੂੰ ਅੱਜ ਤੱਕ ਬੂਰ ਨਹੀਂ ਪੈ ਸਕਿਆ।

ਕਰਨਲ ਗਰੇਵਾਲ ਦਾ ਵਿਚਾਰ ਸਿੱਖ ਭਾਈਚਾਰੇ ਨੂੰ ਦੇਸ਼-ਵਿਦੇਸ਼ ਵਿੱਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ 21ਵੀਂ ਸਦੀ ਵਿੱਚ ਦਾਖਲ ਹੋਣ ਲਈ ਹੋਰ ਖ਼ੁਸ਼ਹਾਲ ਹੋਣ ਦੇ ਕਾਬਲ ਬਣਾਉਣਾ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕੌਮਾਂਤਰੀ ਪੱਧਰ ਉੱਤੇ ਸੈਕੂਲਰ ਸਿੱਖ ਰਹਿਤਲ ਦਾ ਠੁੱਕ ਬਿਠਾਉਣ ਅਤੇ ਸਿੱਖਾਂ ਦੀ ਇੱਕਜੁੱਟਤਾ ਲਈ ਅਜਿਹੀ ਸੈਨੇਟ ਬਹੁਤ ਜ਼ਰੂਰੀ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖ ਕਿਉਂਕਿ ਆਮ ਸਹਿਮਤੀ ਅਨੁਸਾਰ ਚੱਲਣ ਦਾ ਸਮਾਜ ਹੈ, ਇਸ ਲਈ ਸੈਨੇਟ ਸਮੁੱਚੇ ਭਾਈਚਾਰੇ ਦੀ ਖ਼ੁਸ਼ਹਾਲੀ ਦਾ ਮਾਹੌਲ ਸਿਰਜ ਸਕਦੀ ਹੈ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਦੋ ਪੱਖਾਂ ਤੋਂ ਮੌਜੂਦਾ ਅਧੂਰਾਪਣ ਜਾਂ ਨੁਕਸ ਹੈ; ਪਹਿਲਾ, ਸਿੱਖ ਸਿਆਸਤ ਦੀ ਪੇਸ਼ਕਾਰੀ ਬਗ਼ੈਰ ਸੋਚੇ ਵਿਚਾਰੇ ਅਮਲ ਵਿੱਚ ਲਿਆਉਣ ਅਤੇ ਟਕਰਾਅ ਵਾਲੀ ਹੈ ਅਤੇ ਦੂਜਾ, ਗੁਰਦੁਆਰਿਆਂ ਉੱਤੇ ਆਧਾਰਿਤ ਸਿਆਸਤ ਚਲਾਉਣ ਵਾਲੇ ਆਮ ਕਰ ਕੇ ਰੂੜੀਵਾਦੀ ਹਨ ਤੇ ਉਨ੍ਹਾਂ ਨੇ ਸਿੱਖ ਮਾਮਲਿਆਂ ਉੱਪਰ ਪਕੜ ਰੱਖੀ ਹੋਈ ਹੈ ਅਤੇ ਰੌਸ਼ਨ ਦਿਮਾਗ ਸਿੱਖਾਂ ਦੀ ਸ਼ਮੂਲੀਅਤ ਨੂੰ ਰੋਕਦੇ ਹਨ।

1995 ਦੇ ਸੰਸਾਰ ਸਿੱਖ ਸੰਮੇਲਨ ਵਿੱਚ ਇਹ ਫ਼ੈਸਲਾ ਹੋਇਆ ਸੀ ਕਿ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਗਰਾਨੀ ਹੇਠ ਵਿਸ਼ਵ ਸਿੱਖ ਕੌਂਸਲ ਅਤੇ ਜ਼ੋਨਲ ਸਿੱਖ ਕੌਂਸਲਾਂ ਦਾ ਗਠਨ ਹੋਵੇਗਾ। ਇਹ ਧਾਰਨਾ ਸੱਤਾਧਾਰੀਆਂ ਵਿੱਚ ਮਤਭੇਦ ਹੋਣ ਕਾਰਨ ਤਿਆਗ ਦਿੱਤੀ ਗਈ ਤੇ ਉਸ ਸਮੇਂ ਦੇ ਜਥੇਦਾਰ ਗਿਆਨੀ ਪੂਰਨ ਸਿੰਘ ਨੇ ਮਾਰਚ 2000 ਵਿੱਚ ਸਭ ਇਕਾਈਆਂ ਭੰਗ ਕਰ ਦਿੱਤੀਆਂ। ਅਕਾਲੀ ਲੀਡਰਸ਼ਿਪ ਜਿਹੜੀ ਵੱਖ-ਵੱਖ ਧਾਰਮਿਕ-ਸਿਆਸੀ ਸੰਸਥਾਵਾਂ ਆਪੋ ਵਿੱਚ ਇੱਕ ਦੂਜੇ ਨਾਲ ਬਦਲ ਬਦਲ ਕੇ ਚਲਾਉਂਦੀ ਆਈ ਸੀ, ਨੇ ਸੰਸਾਰ ਸਿੱਖ ਕੌਂਸਲ ਜਾਂ ਗਲੋਬਲ ਸਿੱਖ ਸੈਨੇਟ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲ ਤਖ਼ਤ ਦੇ ਵੱਕਾਰ ਦੀ ਬਹਾਲੀ ਤੋਂ ਇਲਾਵਾ ਕੁਝ ਹੋਰ ਮਸਲੇ ਹਨ ਜਿਨ੍ਹਾਂ ਵਿੱਚ ਅਹਿਮ ਸੁਧਾਰਾਂ ਦੀ ਲੋੜ ਹੈ: ਸਿੱਖ ਲੀਡਰਸ਼ਿਪ ਪਿਛਲੇ ਛੇ ਦਹਾਕਿਆਂ ਤੋਂ ਆਲ ਇੰਡੀਆ ਗੁਰਦੁਆਰਾ ਐਕਟ ਬਣਵਾਉਣ ਜਾਂ ਸੰਤਾਂ, ਮਹੰਤਾਂ, ਬਾਬਿਆਂ, ਦੇਹਧਾਰੀ ਗੁਰੂਆਂ ਨੂੰ ਵੱਧਣ-ਫੁੱਲਣ ਤੋਂ ਠੱਲ੍ਹਣ ਵਿੱਚ ਨਾਕਾਮ ਰਹੀ ਹੈ; ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਸਹਿਜਧਾਰੀ ਸਿੱਖਾਂ ਦੇ ਵੋਟ ਪਾਉਣ ਦੇ ਅਧਿਕਾਰ ਉੱਤੇ ਵੀ ਇਹ ਲੀਡਰਸ਼ਿਪ ਅਸਫ਼ਲ ਰਹੀ ਹੈ। ਇਹ ਮਾਮਲਾ ਇਸ ਵੇਲੇ ਅਦਾਲਤ ਵਿੱਚ ਸੁਣਵਾਈ ਅਧੀਨ ਹੈ। ਸਰਕਾਰ ਲਈ ਵੀ ਸਮਾਂ ਹੈ ਕਿ ਉਹ ਮੁਲਕ ਦੀ 50 ਫ਼ੀਸਦੀ ਆਬਾਦੀ ਨੂੰ ਡੇਰਿਆਂ ਤੇ ਬਾਬਿਆਂ ਦੇ ਚੁੰਗਲ ਵਿੱਚੋਂ ਕੱਢਣ ਲਈ ਆਪਣੀਆਂ ਨੀਤੀਆਂ ਤੇ ਪਹੁੰਚ ਬਾਰੇ ਮੁੜ ਗੌਰ ਕਰੇ। ਧਾਰਮਿਕ-ਸਿਆਸੀ ਸਿੱਖ ਲੀਡਰਸ਼ਿਪ ਨੂੰ ਵੀ ਚਾਹੀਦਾ ਹੈ ਕਿ ਉਹ ਰੂੜੀਵਾਦੀ ਸੋਚ ਵਿੱਚੋਂ ਬਾਹਰ ਆ ਕੇ ਨਵੀਂ, ਵਿਸ਼ਾਲ ਸੋਚ ਤਹਿਤ ਆਪਣਾ ਰਾਹ ਬਣਾਵੇ।

# ਸਿੱਖੀ-ਸਰੂਪ ਵਿਚ ਸਿੱਖੀ ਅਤੇ ਸਿੱਖਾਂ ਦੇ ਦੁਸ਼ਮਣ ਤੇ ਘੁਸਪੈਠੀਏ



ਜਸਵੰਤ ਸਿੰਘ 'ਅਜੀਤ'

ਬੀਤੇ ਲੰਬੇ ਸਮੇਂ ਤੋਂ ਵੇਖਣ ਵਿਚ ਆ ਰਿਹਾ ਹੈ ਕਿ ਕਈ ਸਿੱਖੀ-ਸਰੂਪ ਦੇ ਧਾਰਨੀ 'ਵਿਦਵਾਨ' ਤੇ 'ਬੁਧੀ-ਜੀਵੀ' ਇਕ ਪਾਸੇ ਤਾਂ ਸਿੱਖ ਅਤੇ ਸਿੱਖੀ ਵਿਰੋਧੀਆਂ ਪੁਰ ਇਹ ਦੋਸ਼ ਲਾਉਂਦੇ ਚਲੇ ਆ ਰਹੇ ਹਨ, ਕਿ ਉਹ ਸਿੱਖ ਇਤਿਹਾਸ ਅਤੇ ਸਿੱਖ ਮਾਨਤਾਵਾਂ ਤੇ ਮਰਿਆਦਾਵਾਂ ਨੂੰ ਵਿਗਾੜਨ ਦੇ ਨਾਲ ਹੀ ਸਿੱਖ-ਧਰਮ ਨੂੰ ਵਿਸ਼ਾਲ ਹਿੰਦੂ ਧਰਮ ਦਾ ਹੀ ਇਕ ਅੰਗ ਪ੍ਰਚਾਰ, ਉਸਦੀ ਸੁਤੰਤਰ ਹੋਂਦ ਅਤੇ ਸਿੱਖਾਂ ਦੀ ਅੱਡਰੀ ਪਛਾਣ ਪੁਰ ਸੁਆਲੀਆ ਨਿਸ਼ਾਨ ਲਾਂਦੇ ਚਲੇ ਆ ਰਹੇ ਹਨ 'ਤੇ ਦੂਜੇ ਪਾਸੇ ਉਹ ਆਪ ਪ੍ਰਮਾਣਤ ਸਿੱਖ ਇਤਿਹਾਸ ਅਤੇ ਸਥਾਪਤ ਮਰਿਆਦਾਵਾਂ, ਮਾਨਤਾਵਾਂ ਅਤੇ ਪਰੰਪਰਾਵਾਂ ਦੇ ਸੰਬੰਧ ਵਿੱਚ ਭਰਮ-ਭੁਲੇਖੇ ਪੈਦਾ ਕਰ, ਅਜਿਹੇ ਵਿਵਾਦ ਖੜੇ ਕਰ ਰਹੇ ਹਨ, ਜਿਨ੍ਹਾਂ ਕਾਰਣ ਸਿੱਖਾਂ, ਵਿਸ਼ੇਸ਼ ਕਰ ਸਿੱਖ-ਨੌਜਵਾਨਾਂ ਵਿਚ ਦੁਬਿੱਧਾ ਜਿਹੀ ਪੈਦਾ ਹੁੰਦੀ ਜਾ ਰਹੀ ਹੈ ਅਤੇ ਉਹ ਇਸ ਦੁਬਿੱਧਾ ਵਿਚੋਂ ਉਭਰ ਨਾ ਸਕਣ ਕਾਰਣ, ਸਿੱਖੀ-ਵਿਰਸੇ ਨਾਲੋਂ ਟੁਟ, ਭਟਕਦੇ ਅਤੇ ਸਿੱਖੀ-ਸਰੂਪ ਨੂੰ ਤਿਲਾਂਜਲੀ ਦਿੰਦੇ ਜਾ ਰਹੇ ਹਨ। ਜਿਸਤੋਂ ਇਹ ਸ਼ੰਕਾ ਪੈਦਾ ਹੋਣੀ ਸੁਭਾਵਕ ਹੈ ਕਿ ਕਿਧਰੇ ਸਿੱਖੀ-ਸਰੂਪ ਵਿਚ ਇਹ ਸਿੱਖੀ ਅਤੇ ਸਿੱਖਾਂ ਦੇ ਦੁਸ਼ਮਣਾ ਦੇ ਘੁਸਪੈਠੀਏ ਤਾਂ ਨਹੀਂ, ਜੋ ਇਕ ਪਾਸੇ ਦੂਜਿਆਂ ਪੁਰ ਸਿੱਖੀ ਅਤੇ ਸਿੱਖਾਂ ਦੀ ਸੁਤੰਤਰ ਹੋਂਦ 'ਤੇ ਪਛਾਣ ਖਤਮ ਕਰਨ ਦੀ ਸਾਜ਼ਸ਼ ਘੜਨ ਦਾ ਦੋਸ਼ ਲਾ, ਆਪਣੇ-ਆਪਨੂੰ ਸਿੱਖੀ ਅਤੇ ਸਿੱਖ ਇਤਿਹਾਸ, ਧਰਮ ਤੇ ਉਸਦੀਆਂ ਮਰਿਅਦਾਵਾਂ-ਮਾਨਤਾਵਾਂ ਅਤੇ ਪਰੰਪਰਾਵਾਂ ਦੇ ਸਭ ਤੋਂ ਵਧ ਜਾਣੂ ਅਤੇ ਰਾਖੇ ਹੋਣ ਦਾ ਪ੍ਰਭਾਵ ਦੇ ਕੇ, ਸਿੱਖਾਂ ਦਾ ਵਿਸ਼ਵਾਸ ਜਿਤਣ ਦੀ ਕੌਸ਼ਿਸ਼ ਕਰ ਰਹੇ ਹਨ ਅਤੇ ਦੂਜੇ ਪਾਸੇ ਸਿੱਖ ਇਤਿਹਾਸ ਅਤੇ ਮਰਿਅਦਾਵਾਂ-ਮਾਨਤਾਵਾਂ ਬਾਰੇ ਨਿਤ-ਨਵੇਂ ਭਰਮ-ਭੁਲੇਖੇ ਪੈਦਾ ਕਰ ਵਿਵਾਦ ਪੈਦਾ ਕਰ, ਸਿੱਖਾਂ ਨੂੰ ਹੀ ਸਿੱਖੀ ਵਲੋਂ ਉਪਰਾਮ ਕਰ, ਅੰਦਰੋਂ ਹੀ ਸਿੱਖੀ ਨੂੰ ਲੀਹੋਂ ਲਾਹੁਣ ਲਈ, ਦੁਸ਼ਮਣਾਂ ਦੀ ਸਿੱਖੀ-ਵਿਰੋਧੀ ਸਾਜ਼ਸ਼ ਨੂੰ ਨੇਪਰੇ ਚਾੜ੍ਹਨ ਦੀ 'ਜ਼ਿਮੇਂਦਾਰੀ' ਨਿਭਾਅ ਰਹੇ ਹਨ।

ਅਜਿਹੇ ਹੀ ਇਕ 'ਵਿਦਵਾਨ-ਬੁੱਧੀਜੀਵੀ' ਨੇ ਕੁਝ ਸਮਾਂ ਪਹਿਲਾਂ ਹੋਏ ਇਕ ਸਮਾਗਮ ਵਿਚ, ਇਹ ਆਖ, ਨਵਾਂ ਵਿਵਾਦ ਖੜਾ ਕਰ ਦਿਤਾ ਕਿ ਸਿੱਖ ਇਤਿਹਾਸ ਵਿਚ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ, ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਆਪ ਕੀਤੀ ਸੀ। ਇਹ ਸੱਜਣ, ਉਹ ਦੱਸੇ ਜਾਂਦੇ ਹਨ, ਜਿਨ੍ਹਾਂ ਦਾ ਇੱਕ ਪਾਸੇ ਤਾਂ ਇਹ ਦਾਅਵਾ ਹੈ ਕਿ ਉਨ੍ਹਾਂ ਨੂੰ ਸਿੱਖ-ਇਤਿਹਾਸ ਤੇ ਸਿੱਖੀ ਦੀਆਂ ਮਰਿਅਦਾਵਾਂ ਦੇ ਸਬੰਧ ਵਿਚ, ਸਭ ਤੋਂ ਵਧ ਗਿਆਨ ਤੇ ਜਾਣਕਾਰੀ ਹੈ ਅਤੇ ਦੂਜੇ ਪਾਸੇ ਉਨ੍ਹਾਂ ਆਪਣੀ ਇਸ ਨਵੀਂ 'ਖੋਜ' ਦਾ ਜੋ ਪ੍ਰਗਟਾਵਾ ਕੀਤਾ ਹੈ, ਉਸਤੋਂ ਇਉਂ ਜਾਪਦਾ ਹੈ, ਜਿਵੇਂ ਉਨ੍ਹਾਂ ਨੂੰ ਸਿੱਖ ਇਤਿਹਾਸ ਤੇ ਸਿੱਖ ਧਰਮ ਦੀ ਡੂੰਘੀ ਜਾਣਕਾਰੀ ਹੋਣਾ ਤਾਂ ਦੂਰ ਰਿਹਾ, ਉਸਦੀ ਬੁਨਿਆਦੀ ਜਾਣਕਾਰੀ ਵੀ ਨਹੀਂ। ਜੇ ਉਨ੍ਹਾਂ ਨੂੰ ਇਸਦੀ ਜਾਣਕਾਰੀ ਹੁੰਦੀ ਤਾਂ ਸਿੱਖ ਇਤਿਹਾਸ ਅਤੇ ਬਾਣੀ ਵਿਚੋਂ ਕਈ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ, ਜੋ ਇਸ ਗਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਗੁਰੂ ਨਾਨਕ ਦੇਵ ਜੀ ਹੀ ਨਹੀਂ, ਸਗੋਂ ਉਨ੍ਹਾਂ ਤੋਂ ਬਾਅਦ ਦੇ ਉਨ੍ਹਾਂ ਦੀ ਗੁਰਗੱਦੀ ਦੇ ਵਾਰਿਸ, ਗੁਰੂ ਸਾਹਿਬਾਨ ਵੀ, ਆਪਣੇ ਤੋਂ ਬਾਅਦ ਗੁਰਗੱਦੀ ਦੇ ਵਾਰਿਸ ਦੀ ਚੋਣ ਆਪਣੇ ਜੀਵਨ-ਕਾਲ ਵਿਚ ਆਪ ਹੀ ਕਰਦੇ ਆਏ ਸਨ। ਪ੍ਰਮਾਣ ਵਜੋਂ : ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ : 'ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤ ਮਿਲਾਇਕੇ ਸਤਿਗੁਰ ਨਾਨਕ ਰੂਪ ਵਟਾਇਆ'।
ਭਟ ਮਥਰਾ ਅਨੁਸਾਰ :
'ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਯਉ।
ਤਾਂ ਤੇ ਅੰਗਦ ਭਯਉ ਤਤ ਸਿਉ ਤਤ ਮਿਲਾਯਉ'।

ਆਦਿ ਅਜਿਹੀਆਂ ਅਨੇਕਾਂ ਉਦਾਹਰਣਾ ਸਿੱਖ ਇਤਿਹਾਸ ਅਤੇ ਬਾਣੀ ਵਿਚੋਂ ਮਿਲਦੀਆਂ ਹਨ, ਜੋ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਵਾਰਿਸ ਦੀ ਚੋਣ, ਆਪਣੇ ਜੀਵਨ-ਕਾਲ ਵਿਚ ਆਪ ਹੀ ਕਰ, ਉਸਨੂੰ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਦੀ ਜ਼ਿਮੇਂਦਾਰੀ ਸੌਂਪਦੇ ਰਹੇ।

ਇਥੇ ਇਕ ਹੋਰ ਹੈਰਾਨੀ ਦੀ ਗਲ ਉਸ ਸਮੇਂ ਸਾਹਮਣੇ ਆਈ ਜਦੋਂ ਸਿੱਖਾਂ ਦੀ ਇੱਕ ਉਚ ਪ੍ਰਤੀਨਿਧ ਜਥੇਬੰਦੀ ਦੇ ਇਕ 'ਵਿਦਵਾਨ' ਐਡਵੋਕੇਟ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਚਲ ਰਹੇ ਇੱਕ ਮਾਮਲੇ ਦੀ ਪੈਰਵੀ ਕਰਦਿਆਂ ਵਿਦਵਾਨ ਜੱਜਾਂ ਨੂੰ ਇਹ ਆਖ, ਹੈਰਾਨ ਕਰ ਦਿੱਤਾ ਕਿ ਇਸ ਗੱਲ ਦਾ ਕੋਈ ਪੁਖ਼ਤਾ ਸਬੂਤ ਨਹੀਂ ਕਿ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਸਾਹਿਬ ਤਕ, ਨੌਂ ਗੁਰੂ ਸਾਹਿਬਾਨ ਕੇਸਾਧਾਰੀ ਸਨ। ਵਿਦਵਾਨ ਜੱਜਾਂ ਨੇ ਉਸਨੂੰ ਫਿਟਕਾਰ ਪਾ, ਚੁੱਪ ਕਰਵਾ ਦਿਤਾ, ਨਹੀਂ ਤਾਂ ਪਤਾ ਨਹੀਂ ਉਹ ਇਤਿਹਾਸ ਦੇ ਹੋਰ ਕਿਤਨੇ ਹੀ 'ਨਵੇਂ ਖੁਲਾਸੇ' ਕਰ, ਸਿੱਖੀ ਦੀਆਂ ਜੜ੍ਹਾਂ ਵਿਚ ਤੇਲ ਪਾ ਗਿਆ ਹੁੰਦਾ। ਪਤਾ ਨਹੀਂ ਉਸਨੇ ਆਪਣੀ ਨਿਜੀ ਜਾਂ ਸੰਬੰਧਤ ਜਥੇਬੰਦੀ ਵਲੋਂ ਉਪਲਬੱਧ ਕਰਵਾਈ ਜਾਣਕਾਰੀ ਦੇ ਆਧਾਰ 'ਤੇ ਇਹ 'ਵਿਦਵਤਾ-ਪੂਰਣ ਖੁਲਾਸਾ' ਕੀਤਾ ਸੀ, ਪਰ ਇਕ ਗੱਲ ਤਾਂ ਸਪਸ਼ਟ ਹੈ ਕਿ ਜਿਸ ਕਿਸੇ ਨੇ ਵੀ ਉਸਨੂੰ ਇਹ ਜਾਣਕਾਰੀ ਉਪਲਬਧ ਕਰਵਾਈ, ਸ਼ਾਇਦ ਉਸਨੂੰ ਇਸ ਗੱਲ ਦਾ ਪਤਾ ਨਹੀਂ ਕਿ ਸਿੱਖ ਇਤਿਹਾਸ ਤੇ ਬਾਣੀ ਵਿਚ ਇਸ ਗੱਲ ਦੇ ਕਈ ਪੁਖਤਾ ਸਬੂਤ ਮੌਜੂਦ ਹਨ, ਕਿ ਗੁਰੂ ਸਾਹਿਬਾਨ ਦੀ, ਅਰੰਭ ਤੋਂ ਹੀ ਪ੍ਰਮਾਤਮਾ ਵਲੋਂ ਬਖ਼ਸ਼ੇ ਸਰੂਪ ਨੂੰ ਕਾਇਮ ਰੱਖਣ ਪ੍ਰਤੀ ਪ੍ਰਤੀਬੱਧਤਾ ਚਲੀ ਆਉਂਦੀ ਰਹੀ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ :
'ਨਾਪਾਕ ਪਾਕੁ ਕਰਿ ਹਦੂਰਿ ਹਦੀਸਾ।
ਸਾਬਤ ਸੂਰਤਿ ਦਸਤਾਰ ਸਿਰਾ'।

ਇਸੇ ਤਰ੍ਹਾਂ ਭਾਈ ਮਨੀ ਸਿੰਘ ਲਿਖਿਤ ਗਿਆਨ ਰਤਨਾਵਲੀ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਹੁਕਮ ਕੀਤਾ : 'ਸਿਰ ਤੇ ਕੇਸ ਰਖਣੇ, ਪਿਛਲੀ ਰਾਤ ਸਤਿਨਾਮ ਦਾ ਜਾਪ ਜਪਣਾ ਅਰ ਇਹ ਕਿ ਸਾਧ ਸੰਤ ਆਵੰਦੇ ਜਾਂਦੇ ਦੀ ਸੇਵਾ ਟਹਲ ਕਰਨੀ'। ਸਿੱਖ ਪੰਥ ਦੇ ਇਕ ਹੋਰ 'ਬੁਧੀਜੀਵੀ-ਵਿਦਵਾਨ-ਇਤਿਹਾਸਕਾਰ' ਹਨ, ਜਿਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਜਿਨ੍ਹਾਂ ਨੇ ਵੀ ਸਿੱਖ ਇਤਿਹਾਸ ਲਿਖਿਐ, ਲਗਭਗ ਉਨ੍ਹਾਂ ਸਾਰਿਆਂ ਨੇ ਹੀ 'ਯੱਬਲੀਆਂ' ਮਾਰੀਆਂ ਹਨ। ਕੇਵਲ ਉਨ੍ਹਾਂ ਹੀ ਕਈ ਦਸ਼ਾਬਦੀਆਂ ਦੀ ਮਿਹਨਤ ਨਾਲ 'ਖੋਜ' ਕਰ, ਸਹੀ ਤੇ ਪ੍ਰਮਾਣਤ 'ਮੁਕੰਮਲ ਸਿੱਖ ਤਵਾਰੀਖ਼' ਲਿਖੀ ਹੈ। ਉਨ੍ਹਾਂ ਆਪਣੀ ਪੁਸਤਕ ਵਿਚ ਇਕ ਸਜਣ ਦੇ ਨਾਂ 'ਤੇ ਜੋ 'ਮੁਖ ਬੰਦ' ਛਾਪਿਆ ਹੈ, ਉਹ ਸੱਚਮੁਚ ਹੀ ਸਾਰਿਆਂ ਦਾ 'ਮੂੰਹ ਬੰਦ' ਕਰ ਦੇਣ ਵਾਲਾ ਹੈ। ਕਿਉਂਕਿ ਇਸ ਵਿਚ ਉਨ੍ਹਾਂ ਆਪਣੀ ਪ੍ਰਸ਼ੰਸਾ ਵਿਚ ਜ਼ਮੀਨ-ਅਸਮਾਨ ਦੇ ਕੁਲਾਬੇ ਮਿਲਾਉਣ ਦੇ ਨਾਲ ਹੀ, ਦੂਜੇ ਸਿੱਖ ਇਤਿਹਾਸਕਾਰਾਂ ਦਾ ਜੋ ਮਜ਼ਾਕ ਉਡਾਇਆ ਹੈ, ਉਹ ਪੜ੍ਹ, ਇਉਂ ਜਾਪਦਾ ਹੈ, ਜਿਵੇਂ ਕੇਵਲ ਉਹ ਹੀ ਗੁਰੂ ਨਾਨਕ ਦੇਵ ਜੀ ਤੋਂ ਅੱਜਤੱਕ ਦੇ ਸਮੇਂ ਦੇ ਸਮੁੱਚੇ ਸਿੱਖ ਇਤਿਹਾਸ ਦੇ 'ਚਸ਼ਮਦੀਦ' ਗੁਆਹ ਹਨ। ਇਨ੍ਹਾਂ ਆਪਣੀ ਖ਼ੋਜ ਦੇ ਆਧਾਰ 'ਤੇ ਆਪਣੇ ਇਤਿਹਾਸ ਵਿਚ ਜੋ ਨਵੇਂ ਤੱਥ ਪੇਸ਼ ਕੀਤੇ ਉਨ੍ਹਾਂ ਵਿਚੋਂ ਦੋ-ਕੁ ਨਮੂਨੇ ਵਜੋਂ ਪੇਸ਼ ਹਨ:

(ੳ) 'ਗੁਰੂ ਸਾਹਿਬ (ਗੁਰੂ ਗੋਬਿੰਦ ਸਿੰਘ ਜੀ) ਨੇ (ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਣ ਤੋਂ ਪਹਿਲਾਂ) ਆਪਣੇ ਮੂੰਹ ਵਿਚ ਅੰਮ੍ਰਿਤ ਦੀਆਂ ਬੂੰਦਾਂ ਪਾਈਆਂ ਤੇ ਫਿਰ ਪੰਜਾਂ ਪਿਆਰਿਆਂ ਨੂੰ ਪਾਹੁਲ ਦਿਤੀ'- ਇਨ੍ਹਾਂ ਅਨੁਸਾਰ, 'ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇਣ, ਪਿਛੋਂ ਆਪ

(ਬਾਕੀ ਸਫਾ 22 'ਤੇ)

# ਸੀ-ਹਰਫ਼ੀਆਂ ਹਰੀ ਸਿੰਘ ਨਲਵਾ

# ਜੰਗ ਪਸ਼ੌਰ ਸਿੰਘਾਂ ਤੇ ਪਠਾਣਾਂ ਦੀ (ਸੀ-ਹਰਫ਼ੀ ਅੱਵਲ)







ਇਬਰਾਹੀਮ ਲੋਧੀ ਨੇ ਭਾਰਤ ਤੇ 1451 ਵਿਚ ਰਾਜ ਕੀਤਾ ਸੀ। ਬਾਬਰ ਨੇ 1526 ਵਿਚ ਹਮਲਾ ਕਰਕੇ ਇਸ ਰਾਜ ਦਾ ਖਾਤਮਾ ਕੀਤਾ। ਮੁਗਲ ਰਾਜ ਦੀ ਸਥਾਪਨਾ ਕੀਤੀ। ਜਾਨਣਯੋਗ ਗੱਲ ਇਹ ਹੈ ਕਿ ਦੌਲਤ ਖਾਂ ਲੋਧੀ ਜੋ ਕਿ ਲਾਹੌਰ ਦਾ ਗਵਰਨ ਸੀ, ਨੇ ਹੀ ਬਾਬਰ ਨੂੰ ਸੱਦਾ ਦਿੱਤਾ ਸੀ। ਇਬਰਾਹੀਮ ਲੋਧੀ ਦਾ ਦਿੱਲੀ ਤੋਂ ਰਾਜ ਦਾ ਖਾਤਮਾ ਕਰ ਦਿੱਤਾ।

ਕਾਦਰਯਾਰ 1802 ਵਿਚ ਮਾਛੀਕੇ ਗੁਜਰਾਂਵਾਲਾ ਵਿਚ ਪੈਦਾ ਹੋਇਆ। ਉਹ ਸੰਧੂ ਜੱਟ ਮੁਸਲਿਮ ਪਰਿਵਾਰ ਨਾਲ ਸਬੰਧਤ ਸਨ। ਉਹਨਾਂ ਨੇ ਪਹਿਲਾਂ ਕਿੱਸਾ 'ਪੂਰਨ ਭਗਤ' ਤੇ 'ਰਾਜਾ ਰਸਾਲ' ਲਿਖੇ ਤੇ ਇਹਨਾ ਕ੍ਰਿਤਾਂ ਨਾਲ ਮਸ਼ਹੂਰ ਹੋਏ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਵੀ ਗੁਜਰਾਂਵਾਲਾ ਤੋਂ ਸਨ। ਕਾਦਰਯਾਰ ਦੀ ਉਹਨਾਂ ਦੇ ਦਰਬਾਰ 'ਚ ਕਾਫੀ ਨੇੜਤਾ ਸੀ।

ਇਸ ਕਵਿਤਾ ਦੀ ਖਾਸੀਅਤ ਇਹ ਹੈ ਕਿ ਕਾਦਰਯਾਰ ਨੇ ਮੁਸਲਿਮ ਹੋਣ ਦੇ ਨਾਤੇ ਵੀ ਇਹ ਕਵਿਤਾ ਪੰਜਾਬੀਅਤ ਦੇ ਨਜ਼ਰੀਏ ਤੋਂ ਲਿਖੀ ਹੈ। ਕਾਦਰਯਾਰ ਅਫਗਾਨ ਲੋਧੀਆਂ ਦੇ ਕੋਈ ਹਮਾਇਤੀ ਨਹੀਂ ਸਨ।




ਪੇ ਪਹਿਨ ਪੁਸ਼ਾਕ ਅਸਵਾਰ ਹੋਇਆ
ਅਲੀ ਅਕਬਰ ਪਠਾਣ-ਦਲੇਰ ਮੀਆਂ ।
ਅੱਗੇ ਫੌਜ ਦੇ ਆ ਖਲਵਾ ਘੋੜਾ
ਨਜ਼ਰ ਪਾਂਵਦਾ ਚਾਰ ਚੁਫੇਰ ਮੀਆਂ ।
ਮੂੰਹੋਂ ਆਖਦਾ ਰੱਖੋ ਈਮਾਨ ਕਾਇਮ
ਐਣਾ ਵਿਚ ਜਹਾਨ ਨਹੀਂ ਫ਼ੇਰ ਮੀਆਂ ।
ਕਾਦਰਯਾਰ ਹੈ ਵੇਲਾ ਬਹਾਦੁਰੀ ਦਾ
ਸਾਥੀ ਨਹੀਂ ਕੋਈ ਬਾਝ ਸ਼ਮਸ਼ੇਰ ਮੀਆਂ ।੩।

ਤੇ ਤਰੱਕੜੇ ਹੋ ਕੇ ਲੜੋ ਤੁਸੀ
ਏਹਾ ਵੇਲਾ ਤੇ ਏਹਾ ਮੁਕਾਮ ਯਾਰੋ ।
ਦੁਸ਼ਮਨ ਮਾਰ ਕੇ ਫ਼ਤਿਹ ਨੂੰ ਕਰੋ ਹਾਸਲ
ਬਖ਼ਸ਼ ਦਿਆਂਗਾ ਬਹੁਤ ਇਨਾਮ ਯਾਰੋ ।
ਜੇਹੜਾ ਅੱਜ ਮੈਦਾਨ ਤੋਂ ਕੰਡ ਦੇਸੀ
ਮਰਸੀ ਉਹ ਤਾਂ ਮੌਤ ਹਰਾਮ ਯਾਰੋ ।
ਕਾਦਰਯਾਰ ਜੇ ਮਰਸੀ ਸ਼ਹੀਦ ਹੋ ਕੇ
ਰਹਿਸੀ ਵਿਚ ਜਹਾਨ ਦੇ ਨਾਮ ਯਾਰੋ ।੪।

ਸੇ ਸਾਬਤੀ ਦੇ ਨਾਲ ਤੇਗ਼ ਮਾਰੋ
ਆਪਣੀ ਔਰਤਾਂ ਨਾਲ ਨਜ਼ੀਰ ਕਰਕੇ ।
ਰੱਬ ਕਰੇ ਨਾ ਪਵੇ ਸ਼ਿਕਸਤ ਸਾਨੂੰ
ਸਿਖ ਸਭ ਲੈ ਜਾਣ ਅਸੀਰ ਕਰਕੇ ।
ਭੈਣਾਂ ਬੇਟੀਆਂ ਬਹੂਆਂ ਅਸਾਡੀਆਂ ਜੀ
ਸੱਟੇ ਮਾਰ ਯਾ ਛੱਡੇ ਫਕੀਰ ਕਰਕੇ ।
ਕਾਦਰਯਾਰ ਤਦਬੀਰ ਨਾ ਪੇਸ਼ ਜਾਵੇ
ਕੰਮਾਂ ਨਾਲ ਜੋ ਹੋਣ ਤਕਦੀਰ ਕਰਕੇ ।੫।

ਜੀਮ ਜੱਗ ਮੁਕਾਮ ਫ਼ਨਾਹ ਦਾ ਜੀ
ਏਥੇ ਆਵਣਾ ਨਹੀਂ ਦੂਜੀ ਵਾਰ ਯਾਰੋ ।
ਹਥ ਸਖ਼ਤ ਤੇ ਦਿਲ ਕੁਰਖ਼ਤ ਕਰ ਕੇ
ਕਰੋ ਖ਼ੂਬ ਤਲਵਾਰ ਦੀ ਮਾਰ ਯਾਰੋ ।
ਝਾੜੋ ਐਸੀ ਬੰਦੂਕਾਂ ਦੀ ਵਾੜ ਭਰ ਕੇ
ਰੱਖੇ ਯਾਦ ਨਾ ਦੇਵੇ ਵਸਾਰ ਯਾਰੋ ।
ਕਾਦਰਯਾਰ ਬਹਾਦੁਰੀ ਕਰੋ ਐਸੀ
ਸਿਖ ਜਾਣ ਨਾ ਅਟਕ ਤੋਂ ਪਾਰ ਯਾਰੋ ।੬।

ਚੇ ਚੁਸਤੀ ਚਲਾਕੀ ਦੇ ਨਾਲ ਯਾਰੋ
ਅਲੀ ਅਕਬਰ ਨੇ ਲਸ਼ਕਰ ਜਮਾਇਆ ਜੀ ।
ਪਹਿਲੋਂ ਪੜਤਲਾਂ ਦੇ ਕਰਕੇ ਤਰ੍ਹੇ ਵੱਖਰੇ
ਚਾਲਾ ਲੜਨ ਦਾ ਖ਼ੂਬ ਸਿਖਾਇਆ ਜੀ ।
ਅਗੋਂ ਤੋਪਾਂ ਦੇ ਮੋਰਚੇ ਬੀੜ ਕੇ ਜੀ
ਆਸ ਪਾਸ ਰਸਾਲਾ ਖਲਵਾਇਆ ਜੀ ।
ਕਾਦਰਯਾਰ ਪਠਾਣ ਤਿਆਰ ਖਲੇ
ਵੇਲਾ ਜੰਗ ਦਾ ਹੁਣ ਨੇੜੇ ਆਇਆ ਜੀ ।੭।

ਹੇ ਹਾਲ ਮਹਾਰਾਜ ਦਾ ਜ਼ਿਕਰ ਸੁਣ ਲੌ
ਫ਼ੌਜਾਂ ਲਿਆਂਵਦਾ ਵਿਚ ਮੈਦਾਨ ਯਾਰੋ ।
ਨੇੜੇ ਆਣ ਕੇ ਬੇੜੇ ਖਲਵਾ ਦਿੰਦਾ
ਜਿੱਥੇ ਖਲਾ ਸੀ ਲਸ਼ਕਰ ਪਠਾਣ ਯਾਰੋ ।
ਮਾਰੂ ਮੌਤ ਦੇ ਵਾਜੜੇ ਵੱਜ ਗਏ
ਕੰਬ ਗਿਆ ਜ਼ਿਮੀਂ ਅਸਮਾਨ ਯਾਰੋ ।
ਕਾਦਰਯਾਰ ਸਰਕਾਰ ਪੁਕਾਰ ਆਖੇ
ਸੁਣੋ ਖ਼ਾਲਸਾ ਜੀ ਕਰਕੇ ਧਿਆਨ ਯਾਰੋ ।੮।

ਖ਼ੇ ਖ਼ੁਦੀ ਹੰਕਾਰ ਨੂੰ ਮਾਰ ਕੇ ਜੀ
ਨਾਮ ਰੱਬ ਦਾ ਲੈ ਕੇ ਲੜੋ ਸਿੰਘੋ ।
ਚਿੱਟੀ ਦਾੜ੍ਹੀ ਦੀ ਅੱਜ ਮੇਰੀ ਲਾਜ ਰੱਖੋ
ਇਨ੍ਹਾਂ ਗ਼ਾਜ਼ੀਆਂ ਕੋਲੋਂ ਨਾ ਡਰੋ ਸਿੰਘੋ ।
ਗੁਰੂ ਹਰਿ ਗੋਬਿੰਦ ਨੂੰ ਯਾਦ ਕਰ ਕੇ
ਹਥ ਵਿਚ ਸ਼ਮਸ਼ੇਰ ਨੂੰ ਫੜੋ ਸਿੰਘੋ ।
ਕਾਦਰਯਾਰ ਅਕਾਲ ਅਕਾਲ ਕਰਦੇ
ਚੱਲ ਵਿਚ ਪਸ਼ੌਰ ਦੇ ਵੜੋ ਸਿੰਘੋ ।੯।

ਦਾਲ ਦਿਲ ਦੀਆਂ ਅੱਖੀਆਂ ਖੋਲ੍ਹ ਦੇਖੋ
ਕਿੱਥੇ ਤੁਸੀ ਤੇ ਕਿੱਥੇ ਲਹੌਰ ਯਾਰੋ ।
ਅੱਗਾ ਰੋਕਿਆ ਕਟਕ ਦੁੱਰਾਨੀਆਂ ਨੇ
ਪਿੱਛੇ ਅਟਕ ਦਰਿਆ ਦਾ ਜ਼ੋਰ ਯਾਰੋ ।
ਸਾਥੀ ਨਹੀ ਕੋਈ ਸੱਜੀ ਬਾਂਹ ਜਿਹਾ
ਬੇਲੀ ਰੱਬ ਦੇ ਬਾਝ ਨਾ ਹੋਰ ਯਾਰੋ ।
ਕਾਦਰਯਾਰ ਬਹਾਦਰਾਂ ਆਸ਼ਕਾਂ ਨੂੰ
ਪਈ ਖਲ੍ਹੀ ਉਡੀਕਦੀ ਗੋਰ ਯਾਰੋ ।੧੦।

ਜ਼ਾਲ ਜ਼ੌਕ ਤੇ ਸ਼ੌਕ ਦੇ ਨਾਲ ਯਾਰੋ
ਲੜੋ ਆਪਣਾ ਆਪ ਸੰਭਾਲ ਕੇ ਜੀ ।
ਕੇਹੜੇ ਮੂੰਹ ਲਾਹੌਰ ਦੇ ਵਿਚ ਵੜਸੋ
ਵਿਚ ਪਸ਼ੌਰ ਦੇ ਤਰੱਟੀਆਂ ਗਾਲ ਕੇ ਜੀ ।
ਅੱਜ ਰੱਜ ਕੇ ਗੱਜ ਕੇ ਤੇਗ਼ ਮਾਰੋ
ਆਪਣੇ ਗੁਰੂ ਵਾਲੀ ਲੱਜ ਪਾਲ ਕੇ ਜੀ ।
ਕਾਦਰਯਾਰ ਪਠਾਣਾਂ ਨੂੰ ਖ਼ੂਬ ਸੇਕੋ
ਅੱਜ ਅੱਗ ਲੜਾਈ ਦੀ ਬਾਲ ਕੇ ਜੀ ।੧੧।

ਰੇ ਰਾਮ ਦਾ ਨਾਮ ਧਿਆਇ ਕੇ ਜੀ
ਰੱਖੋ ਅਜ ਤਲੀ ਉੱਤੇ ਜਾਨ ਯਾਰੋ ।
ਸਿਰ ਦਿਤਿਆਂ ਬਾਝ ਨਾ ਯਾਰ ਮਿਲਦਾ
ਇਹ ਮਿਸਲ ਮਸ਼ਹੂਰ ਜਹਾਨ ਯਾਰੋ ।
ਦਿਲ ਨੂੰ ਜੋਸ਼ ਖਰੋਸ਼ ਦੇ ਨਾਲ ਭਰ ਕੇ
ਤੇਗਾਂ ਮਾਰੀਆਂ ਜਿਵੇਂ ਮੁਲਤਾਨ ਯਾਰੋ ।
ਕਾਦਰਯਾਰ ਤਲਵਾਰ ਚਲਾਉ ਐਸੀ
ਡੁੱਬਣ ਖ਼ੂਨ ਦੇ ਵਿਚ ਅਫ਼ਗਾਨ ਯਾਰੋ ।੧੨।

ਜ਼ੇ ਜ਼ੋਰ ਦੇ ਸ਼ੋਰ ਦਾ ਜ਼ਿਕਰ ਸੁਣ ਲਓ
ਹੈਸੀ ਨਾਲ ਸਰਕਾਰ ਦੇ ਸੰਗ ਯਾਰੋ ।
ਇਕ ਨਾਮੀ ਗਰਾਮੀ ਸਰਦਾਰ ਭਾਰਾ
ਹੁਸ਼ਿਆਰ ਮਾਨਿੰਦ ਪਲੰਗ ਯਾਰੋ ।
ਮਸਤ ਜੰਗ ਦੇ ਵਿਚ ਅਨੰਦ ਰਹਿੰਦਾ
ਪੀਂਦਾ ਰੰਗ ਹਰਿਆਵਲੀ ਭੰਗ ਯਾਰੋ ।
ਕਾਦਰਯਾਰ ਮਸ਼ਹੂਰ ਜਹਾਨ ਅੰਦਰ
ਫ਼ੂਲਾ ਸਿੰਘ ਅਕਾਲੀ ਨਿਹੰਗ ਯਾਰੋ ।੧੩।

ਸੀਨ ਸੁਣੋ ਸਰਕਾਰ ਜੀ ਅਰਜ਼ ਮੇਰੀ
ਪਾਸ ਆ ਸਰਦਾਰ ਪੁਕਾਰਦਾ ਜੀ ।
ਰਹਿਸੀ ਵਿਚ ਜਹਾਨ ਦੇ ਨਾਮ ਸਚਾ
ਬੰਦਾ ਕੂੜ ਦੇ ਮਟ ਉਸਾਰਦਾ ਜੀ ।
ਰੱਖਸੀ ਲਾਜ ਅਜ ਆਪ ਮਹਾਰਾਜ ਤੇਰੀ
ਖਾਸ ਤੁਧ ਤੇ ਫ਼ਜ਼ਲ ਕਰਤਾਰ ਦਾ ਜੀ ।
ਕਾਦਰਯਾਰ ਜੇ ਮੰਨੇ ਸਵਾਲ ਮੇਰਾ
ਪੁੰਨ ਲੱਖ ਤੇ ਗਊ ਹਜ਼ਾਰ ਦਾ ਜੀ ।੧੪।

ਸ਼ੀਨ ਸ਼ੁਕਰ ਹਜ਼ਾਰ ਗੁਜ਼ਾਰਸਾਂ ਮੈਂ
ਦਿਓ ਹੁਕਮ ਚਲ ਵੜਾਂ ਮੈਦਾਨ ਦੇ ਵਿਚ ।
ਪਹਿਲੋਂ ਸਭਨਾ ਦੇ ਸੀਸ ਭੇਟ ਦੇ ਕੇ
ਰੱਖਾਂ ਤੀਰ ਨੂੰ ਚਿੱਲੇ ਕਮਾਨ ਦੇ ਵਿਚ ।
ਸਤਿ ਸਿਰੀ ਅਕਾਲ ਦਾ ਨਾਮ ਲੈ ਕੇ
ਮਾਰਾਂ ਖਿਚ ਕੇ ਸੀਨੇ ਪਠਾਣ ਦੇ ਵਿਚ ।
ਕਾਦਰਯਾਰ ਤੇਰੇ ਕਦਮਾਂ ਵਿਚ ਕੁੱਸਾਂ
ਰਹਿਸੀ ਨਾਮ ਤਦ ਮੇਰਾ ਜਹਾਨ ਦੇ ਵਿਚ ।੧੫।

ਸੁਆਦ ਸਿਦਕ ਦੇ ਨਾਲ ਯਕੀਨ ਕਰ ਲਓ
ਦਿਲ ਚਾਹੁੰਦਾ ਲੜਾਂ ਤਲਵਾਰ ਫੜਕੇ ।
ਉੱਤੋਂ ਗੁਰੂ ਦੇ ਨਾਮ ਤੋਂ ਜਾਨ ਵਾਰਾਂ
ਅੱਜ ਵਿਚ ਮੈਦਾਨ ਦੇ ਮਰਾਂ ਲੜਕੇ ।
ਧੜਕੇ ਜ਼ਰਾ ਨਾ ਅੰਦਰੋਂ ਕਾਲਜਾ ਜੀ
ਜਿਸਮ ਵਾਂਗ ਕਬੂਤਰਾਂ ਪਿਆ ਫੜਕੇ ।
ਕਾਦਰਯਾਰ ਅਰਸ਼ਾਦ ਫੁਰਮਾਓ ਤੁਸੀਂ
ਏਹੋ ਭਾਹ ਪਰੇਮ ਦੀ ਪਈ ਭੜਕੇ ।੧੬।

ਜ਼ੁਆਦ ਜ਼ਰੂਰ ਹੈ ਸੁਖ਼ਨ ਮਨਜ਼ੂਰ ਤੇਰਾ
ਮੂੰਹੋਂ ਆਪ ਮਹਾਰਾਜ ਅਰਸ਼ਾਦ ਕੀਤਾ ।
ਤੇਰੇ ਜੈਸਿਆਂ ਨਮਕ ਹਲਾਲ ਮਰਦਾਂ
ਸਾਡਾ ਮੁਲਕ ਪੰਜਾਬ ਆਬਾਦ ਕੀਤਾ ।
ਤੇਰੇ ਸੁਖ਼ਨ ਪੁਰ-ਜੋਸ਼ ਬੇਖ਼ੌਫ਼ ਨੇ ਜੀ
ਸਾਰੀ ਫ਼ੌਜ਼ ਦੇ ਦਿਲ ਨੂੰ ਸ਼ਾਦ ਕੀਤਾ ।
ਕਾਦਰਯਾਰ ਤਿਆਰ ਹੋ ਖ਼ਾਲਸਾ ਜੀ
ਸਚੇ ਸਾਹਿਬ ਨੇ ਅਜ ਹੈ ਯਾਦ ਕੀਤਾ ।੧੭।

ਤੋਏ ਤਰਫ ਦੁੱਰਾਨੀਆਂ ਰਵਾਂ ਹੋਇਆ
ਫੂਲਾ ਸਿੰਘ ਤਨਹਾ ਅਕਾਲੀ ਯਾਰੋ ।
ਡਾਢੀ ਸ਼ਕਲ ਮਤਵਾਲੀ ਸੀ ਖ਼ੌਫ਼ ਵਾਲੀ
ਨਾਲੇ ਪਹਿਨੀ ਪੋਸ਼ਾਕ ਹੈ ਕਾਲੀ ਯਾਰੋ ।
ਖ਼ੂਨੀ ਅੱਖੀਆਂ ਕਹਿਰ ਦੇ ਨਾਲ ਭਰੀਆਂ
ਮੂੰਹ ਤੇ ਚੋਂਵਦੀ ਕਹਿਰ ਦੀ ਲਾਲੀ ਯਾਰੋ ।
ਕਾਦਰਯਾਰ ਅਸਵਾਰ ਹੋ ਫੀਲ ਉੱਤੇ
ਟੁਰਿਆ ਮੌਤ ਦੇ ਵੱਲ ਸਵਾਲੀ ਯਾਰੋ ।੧੮।

ਜ਼ੋਏ ਜ਼ਾਹਰ ਹੋ ਹੈਰਾਨ ਖਲ੍ਹੋ
ਡਿੱਠਾ ਜਦੋਂ ਪਠਾਣਾਂ ਨੇ ਸ਼ੇਰ ਯਾਰੋ ।
ਉੱਤੇ ਹਾਥੀ ਦੇ ਝੂਲਦਾ ਕੱਢ ਛਾਤੀ
ਪੈਰ ਪਾਂਵਦਾ ਅਗਾਂ ਅਗੇਰ ਯਾਰੋ ।
ਪੁੱਛਣ ਆਪਸ ਦੇ ਵਿਚ ਪਠਾਣ ਰਲ ਕੇ
ਇਹ ਹੈ ਕੌਣ ਸਰਦਾਰ ਦਲੇਰ ਯਾਰੋ ।
ਕਾਦਰਯਾਰ ਗ਼ਾਜ਼ੀ ਵੇਖ ਹੋਣ ਰਾਜ਼ੀ
ਕਹਿਣ ਕਰੋ ਬਾਜ਼ੀ ਬਿਨਾ ਦੇਰ ਯਾਰੋ ।੧੯।

ਐਨ ਅਲੀ ਅਕਬਰ ਵੇਖ ਆਂਵਦੇ ਨੂੰ
ਬੋਲੇ ਕੜਕ ਕੇ ਵਾਂਗਰਾਂ ਬਰਕ ਯਾਰੋ ।
ਹੈ ਕੋਈ ਐਸਾ ਪਠਾਣ ਜੁਆਨ ਮੇਰਾ
ਕਰੇ ਏਸ ਸਰਦਾਰ ਨੂੰ ਗ਼ਰਕ ਯਾਰੋ ।
ਮਾਰ ਬਰਛੀਆਂ ਰੱਤ ਨਚੋੜ ਲਵੇ
ਜਿਵੇਂ ਨਿੱਕਲੇ ਗੁਲਾਬ ਦਾ ਅਰਕ ਯਾਰੋ ।
ਕਾਦਰਯਾਰ ਅੱਲਾ ਉੱਤੇ ਰੱਖ ਤਕਵਾ
ਜਾਨ ਦੇਵਣੋਂ ਕਰੇ ਨਾ ਫ਼ਰਕ ਯਾਰੋ ।੨੦।

ਗ਼ੈਨ ਗੁੱਸੇ ਦੇ ਨਾਲ ਪਠਾਣ ਬੋਲੇ
ਰਹਿਣ ਵਾਲੇ ਸਵਾਤ ਬਨੇਰ ਮੀਆਂ ।
ਮਸ਼ਹੂਰ ਲੜਾਕੇ ਦੁੱਰਾਨੀਆਂ ਵਿਚ
ਜਿਵੇਂ ਪਾਹੜਿਆਂ ਦੇ ਵਿਚ ਸ਼ੇਰ ਮੀਆਂ ।
ਹੁਕਮ ਹੋਵੇ ਤਾਂ ਤੇਗਾਂ ਨੂੰ ਖਿੱਚ ਲਈਏ
ਵਿੱਚ ਲੜਨ ਦੇ ਨਹੀਂ ਕੁਝ ਦੇਰ ਮੀਆਂ ।
ਕਾਦਰਯਾਰ ਅਸਵਾਰ ਤੇ ਫੀਲ ਦਾ ਜੀ
ਪਲ ਵਿਚ ਕਰ ਦੇਵੀਏ ਢੇਰ ਮੀਆਂ ।੨੧।

ਫ਼ੇ ਫ਼ੌਰਨ ਸੁਆਤੀ ਬਹਾਦੁਰਾਂ ਨੇ
ਖਿੱਚੀ ਗੁੱਸੇ ਦੇ ਨਾਲ ਤਲਵਾਰ ਯਾਰੋ ।
ਮੁਛ ਵੱਟ ਕੇ ਤੇ ਮਿਆਨ ਨੂੰ ਸੱਟ ਕੇ ਜੀ
ਰਵਾਂ ਹੋਏ ਨੀ ਵਲ ਸਰਦਾਰ ਯਾਰੋ ।
ਨਾਹਰਾ ਅੱਲਾ-ਹੂ-ਅਕਬਰ ਦਾ ਮਾਰਦੇ ਜੀ
ਸਿੰਘ ਬੋਲਦਾ ਸਤਿ ਕਰਤਾਰ ਯਾਰੋ ।
ਕਾਦਰਯਾਰ ਹੁਣ ਵੇਲਾ ਹੈ ਨਕਦੀਆਂ ਦਾ
ਘੜੀ ਪਲ ਦਾ ਨਹੀਂ ਉਧਾਰ ਯਾਰੋ ।੨੨।

ਕਾਫ਼ ਕੰਬਦੀ ਪਈ ਜ਼ਮੀਨ ਯਾਰੋ
ਜਿੱਥੇ ਫ਼ੀਲ ਸਰਦਾਰ ਦਾ ਪੈਰ ਧਰਦਾ ।
ਹੈਸੀ ਖ਼ੂਨੀਆਂ ਵਿਚ ਮਸ਼ਹੂਰ ਹਾਥੀ
ਵਿਚ ਲੜਨ ਦੇ ਬਹੁਤ ਸੀ ਕਹਿਰ ਕਰਦਾ ।
ਤਿਵੇਂ ਥਰਕਦਾ ਚੱਲੇ ਜ਼ਮੀਨ ਉੱਤੇ
ਜਿਵੇਂ ਸੱਪ ਦਰਿਆ ਦੀ ਲਹਿਰ ਤਰਦਾ ।
ਕਾਦਰਯਾਰ ਬੇ-ਖ਼ੌਫ਼ ਸਰਦਾਰ ਬੈਠਾ
ਜਿਵੇਂ ਫਿਰੇ ਲਹੌਰ ਦੀ ਸੈਰ ਕਰਦਾ ।੨੩।

ਕਾਫ਼ ਕਹਿਰ ਦੇ ਨਾਲ ਪਠਾਣ ਯਾਰੋ
ਆਏ ਦੌੜਦੇ ਹਾਥੀ ਦੇ ਵੱਲ ਮੀਆਂ ।
ਜਾਨ ਪਿੱਛੇ ਈਮਾਨ ਕੁਰਬਾਨ ਕਰਕੇ
ਆਸ ਪਾਸ ਉਹਦਾ ਲਿਆ ਮੱਲ ਮੀਆਂ ।
ਸਿੰਘ ਸੂਰਮਾ ਤਨ-ਤਨਹਾ ਯਾਰੋ
ਗਿਆ ਵਿਚ ਦੁੱਰਾਨੀਆਂ ਰਲ ਮੀਆਂ ।
ਕਾਦਰਯਾਰ ਖ਼ੂੰਨੀ ਹਾਥੀ ਮਾਰ ਚੀਕਾਂ
ਪਾਇਆ ਗ਼ਾਜ਼ੀਆਂ ਵਿਚ ਤਰਥੱਲ ਮੀਆਂ ।੨੪।

ਗ਼ਾਫ਼ ਗੱਜ ਕੇ ਲੜਿਆ ਸੀ ਮਸਤ ਹਾਥੀ
ਕਈ ਵੱਸਦੇ ਝੁਗੜੇ ਉਜਾੜ ਛੱਡੇ ।
ਨਾਲ ਬਰਛਿਆਂ ਜੈਸਿਆਂ ਤੇਜ਼ ਦੰਦਾਂ
ਪੇਟ ਸੈਆਂ ਪਠਾਣਾਂ ਦੇ ਪਾੜ ਛੱਡੇ ।
ਮਾਰ ਫੇਟ ਤੇ ਸੁੰਡ ਵਲੇਟ ਕੇ ਜੀ
ਮਿਸਲ ਮੱਖੀਆਂ ਮਾਰ ਕੇ ਝਾੜ ਛੱਡੇ ।
ਕਾਦਰਯਾਰ ਕੱਦੂ ਵਾਂਗੂੰ ਬਾਜ਼ਿਆਂ ਦੇ
ਸਿਰ ਪੈਰਾਂ ਦੇ ਹੇਠ ਲਤਾੜ ਛੱਡੇ ।੨੫।

ਲਾਮ ਲਹੂ ਨਾਲ ਜ਼ਿਮੀਂ ਲਾਲ ਹੋਈ
ਕੋਲ ਆਵਣ ਦੀ ਕਿਸ ਦੀ ਮਜਾਲ ਯਾਰੋ ।
ਤੀਰ ਸਿੰਘ ਦੇ ਸੀਨੇ ਨੂੰ ਚੀਰਦੇ ਜੀ
ਝੱਲੇ ਚੱਕਰਾਂ ਦੀ ਕੇਹੜਾ ਝਾਲ ਯਾਰੋ ।
ਮਸਤ ਹਾਥੀ ਮਸਤਾਨੜੇ ਸਿੰਘ ਨੇ ਜੀ
ਕੀਤਾ ਗ਼ਾਜ਼ੀਆਂ ਦਾ ਖ਼ਸਤਾ ਹਾਲ ਯਾਰੋ ।
ਕਾਦਰਯਾਰ ਪਠਾਣ ਲਾ ਤਾਣ ਥੱਕੇ
ਹੋਇਆ ਹਾਥੀ ਤੇ ਚੜ੍ਹਨਾ ਮੁਹਾਲ ਯਾਰੋ ।੨੬।

ਮੀਮ ਮਰਦੇ ਪਰ ਕਦਮ ਨਾ ਪਿਛਾਂ ਧਰਦੇ
ਲੜਦੇ ਮਿਸਲ ਖ਼ੂੰਖਾਰ ਪਲੰਗ ਦੇ ਜੀ ।
ਜਾਣ ਤਰਫ਼ ਹਾਥੀ ਕਢ ਸਾਫ਼ ਛਾਤੀ
ਜਾਨ ਦੇਵਣੋਂ ਮੂਲ ਨਾ ਸੰਗਦੇ ਜੀ ।
ਨਾਲ ਮਲਿਕੁਲ-ਮੌਤ ਦੇ ਖੇਡ ਹੋਲੀ
ਨਾਲ ਖ਼ੂੰਨ ਦੇ ਚੋਲੜੇ ਰੰਗਦੇ ਜੀ ।
ਕਾਦਰਯਾਰ ਗਿਆ ਤਿਲਕ ਪੈਰ ਹੇਠੋਂ
ਹਾਥੀ ਡਿੱਗਾ ਸੀ ਸਣੇ ਨਿਹੰਗ ਦੇ ਜੀ ।੨੭।

ਨੂੰਨ ਨਾਲ ਚਲਾਕੀ ਸਰਦਾਰ ਨੇ ਜੀ
ਲਿਆ ਆਪਣਾ ਆਪ ਸੰਭਾਲ ਯਾਰੋ ।
ਹਥ ਪਕੜ ਤਲਵਾਰ ਹੁਸ਼ਿਆਰ ਹੋ ਕੇ
ਮਾਰੀ ਉੱਤੇ ਜ਼ਮੀਨ ਦੇ ਛਾਲ ਯਾਰੋ ।
ਡੁੱਲੇ ਬੇਰਾਂ ਦਾ ਅਜੇ ਕੀ ਗਿਆ ਸੀ ਜੀ
ਘਿਓ ਵੀਟਿਆ ਸੀ ਵਿਚ ਥਾਲ ਯਾਰੋ ।
ਕਾਦਰਯਾਰ ਤਲਵਾਰ ਬਰਸਾਣ ਲੱਗਾ
ਮੂੰਹੋਂ ਬੋਲਦਾ ਸਤਿ ਅਕਾਲ ਯਾਰੋ ।੨੮।

ਵਾਓ ਵਰ੍ਹਾਈ ਫਿਰ ਸਿੰਘ ਤਲਵਾਰ ਐਸੀ
ਦੂਰੋਂ ਆਉਂਦਾ ਪਿਆ ਸੀ ਖੜਕ ਮੀਆਂ ।
ਜਿਨੂੰ ਧਾਰ ਤਲਵਾਰ ਇਕ ਵਾਰ ਚੁੱਭੀ
ਗਿਆ ਵਾਂਗ ਕਰੀਰ ਦੇ ਕੜਕ ਮੀਆਂ ।
ਲਾ ਜ਼ਰੂਰ ਅਫ਼ਗ਼ਾਨ ਬੇ-ਖ਼ੌਫ਼ ਹੁੰਦੇ
ਲੇਕਿਨ ਸਿੰਘ ਸੀ ਬਹੁਤ ਬੇਧੜਕ ਮੀਆਂ ।
ਕਾਦਰਯਾਰ ਅਫ਼ਗਾਨ ਬੇਸ਼ਕ ਲੜਦੇ
ਐਪਰ ਝੱਲ ਨਾ ਸਕਦੇ ਫੜਕ ਮੀਆਂ ।੨੯।

ਹੇ ਹੋ ਕੇ ਜਮਾ ਫਿਰ ਗਿਰਦ ਸਾਰੇ
ਵਾਂਗ ਡੇਹਮੂਆਂ ਸਿੰਘ ਨੂੰ ਡੰਗਦੇ ਜੀ ।
ਚਾਰੋਂ ਤਰਫ਼ ਤਲਵਾਰਾਂ ਦੀ ਮਾਰ ਕਰਕੇ
ਬੰਦ ਵੱਢ ਸੁੱਟੇ ਹਰ ਅੰਗ ਦੇ ਜੀ ।
ਬਦਲਾ ਆਪਣਾ ਲੈ ਕੇ ਆਪ ਯਾਰੋ
ਫੂਲਾ ਸਿੰਘ ਮੋਇਆ ਵਿਚ ਜੰਗ ਦੇ ਜੀ ।
ਕਾਦਰਯਾਰ ਦੁੱਰਾਨੀ ਕਰ ਸ਼ਾਦਮਾਨੀ
ਲੋਥ ਬਰਛਿਆਂ ਦੇ ਉੱਤੇ ਟੰਗਦੇ ਜੀ ।੩੦।

ਯੇ ਯਾਰੀ ਸਰਦਾਰ ਨੇ ਤੋੜ ਚਾੜ੍ਹੀ
ਮੋਇਆ ਮਾਰ ਕੇ ਵਿਚ ਮੈਦਾਨ ਯਾਰੋ ।
ਦੁਸ਼ਮਣ ਮਾਰ ਕੇ ਆਪ ਹਲਾਕ ਹੋਇਆ
ਦਿਲ ਦੇ ਵਿਚ ਨਾ ਰਿਹਾ ਅਰਮਾਨ ਯਾਰੋ ।
ਆਸ ਪਾਸ ਦੇ ਸਭ ਸ਼ਾਬਾਸ ਕਹਿੰਦੇ
ਕਿਆ ਸਿੱਖ ਤੇ ਕਿਆ ਅਫ਼ਗਾਨ ਯਾਰੋ ।
ਕਾਦਰਯਾਰ ਓਹ ਮੋਇਆ ਤਾਂ ਕੀ ਹੋਇਆ
ਦੁਨੀਆਂ ਵਿਚ ਰਹਿਆ ਜ਼ਿੰਦਾ ਨਾਮ ਯਾਰੋ ।੩੧।

ਸੀ-ਹਰਫ਼ੀ ਸ਼ਿਸ਼ਮ
ਅਲਫ਼ ਅੱਗ ਲੜਾਈ ਦੀ ਭੜਕ ਉੱਠੀ
ਫੂਲਾ ਸਿੰਘ ਜਾਂ ਹੋਇਆ ਸ਼ਹੀਦ ਮੀਆਂ ।
ਜਿਵੇਂ ਅੱਗ ਬਾਰੂਦ ਨੂੰ ਲੱਗ ਜਾਵੇ
ਖਿੱਲਰ ਗਈ ਨਜ਼ਦੀਕ ਬਈਦ ਮੀਆਂ ।
ਦੋਵੇਂ ਸਿੱਖ ਪਠਾਣ ਪਏ ਹੋਣ ਡੱਕਰੇ
ਜਿਵੇਂ ਬੱਕਰੇ ਰੋਜ਼ ਬਕਰ-ਈਦ ਮੀਆਂ ।

**ਡਾ ਨਿੰਦੀ ਸੰਧੂ ਫਰਿਜਨੋ ਅਤੇ**
**ਧੰਨਵਾਦ ਸਹਿਤ-**
**ਪੰਜਾਬੀ ਕਵਿਤਾ ਡਾਟ ਕਾਮ**

# ਅਕਾਲੀ ਤੇ ਕਾਂਗਰਸੀ ਇੱਕੋ ਥਾਲੀ ਦੇ ਚੱਟੇ ਵੱਟੇ- ਮੀਤ ਹੇਅਰ

ਧਨੌਲਾ ਮੰਡੀ, (ਸੰਜੀਵ ਗਰਗ ਕਾਲੀ)- ਅਕਾਲੀ ਤੇ ਕਾਂਗਰਸੀ ਇੱਕੋ ਥਾਲੀ ਦੇ ਚੱਟੇ ਵੱਟੇ ਹਨ , ਇਹ ਇੱਕ ਦੂਜੇ ਪ੍ਰਤੀ ਝੂਠੀ ਬਿਆਨਬਾਜੀ ਕਰਕੇ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰਨ ਤੇ ਲੱਗੇ ਹੋਏ ਹਨ, ਕਾਂਗਰਸੀਆਂ ਦਾ ਤਾਂ ਇਹ ਹਿਸਾਬ ਹੈ '' ਅਸੀਂ ਲਾਰਾ ਲੱਪਾ, ਲਾਰਾ ਲੱਪਾ ਲਾਈ ਰੱਖਣਾ'' ਤੇ ਅਕਾਲੀਆਂ ਦਾ ਇਹ ਹਿਸਾਬ ਹੈ ''ਅਸੀਂ ਟਿੰਡ ਵਿੱਚ ਕਾਨਾ ਪਾਈ ਰੱਖਣਾ''। ਇਹ ਸਬਦ ਹਲਕਾ ਬਰਨਾਲਾ ਦੇ ਐਮ. ਐਲ. ਏ ਗੁਰਮੀਤ ਸਿੰਘ ਮੀਤ ਹੇਅਰ ਨੇ ਧਨੌਲਾ ਵਿਖੇ ਇੱਕ ਗਰੀਬ ਪਰਿਵਾਰ ਨਾਲ ਸੰਬੰਧਿਤ ਬੂਟਾ ਸਿੰਘ ਪੁੱਤਰ ਪ੍ਰੀਤਮ ਸਿੰਘ ਮਾਨਾ ਪੱਤੀ ਦੇ ਵਿਆਹ ਮੌਕੇ ਆਪਣੀ ਹਾਜਰੀ ਲਵਾਉਣ ਉਪਰੰਤ ਗੱਲਬਾਤ ਕਰਦਿਆਂ ਕੀਤਾ। ਮੀਤ ਹੇਅਰ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੱਸਣ ਕਿ ਕਿਹੜਾ ਵਾਅਦਾ ਪੂਰਾ ਕੀਤਾ ਹੈ ਕਿਸਾਨਾਂ ਦਾ ਕਰਜਾ ਮਾਫੀ ਸਿਰਫ ਇੱਕ ਮਜਾਕ ਹੈ, ਜੇਕਰ ਕਿਸਾਨਾਂ ਦਾ ਕਰਜਾ ਮਾਫ ਹੁੰਦਾ ਤਾਂ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕਸ਼ੀਆਂ ਬੰਦ ਹੋ ਜਾਣੀਆਂ ਸਨ, ਕਿਸਾਨਾਂ ਦੀਆਂ



ਖੁਦਕਸ਼ੀਆਂ ਦਾ ਹਰ ਰੋਜ ਵਾਧਾ ਹੋ ਰਿਹਾ ਹੈ। ਆਪਣੀ ਗੱਲਬਾਤ ਜਾਰੀ ਰੱਖਦਿਆਂ ਸ੍ਰੀ ਮੀਤ ਹੇਅਰ ਨੇ ਕਥਿਤ ਤੌਰ ਤੇ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਦੌਰਾਨ ਨਸਿਆਂ ਦਾ ਬੋਲਬਾਲਾ ਰਿਹਾ ਹੈ। ਪਟਰੋਲ, ਡੀਜਲ ਦੇ ਵਧੇ ਭਾਅ ਤੇ ਅਕਾਲੀ ਭਾਜਪਾ ਵਾਲੇ ਚੁੱਪ ਕਿਉਂ ਹਨ, ਡੀਜਲ, ਪਟਰੋਲ ਨੂੰ ਜੀ ਐਸ ਟੀ ਦੇ ਘੇਰੇ ਵਿੱਚ ਲੈ ਕੇ ਆਉਣ ਲਈ ਕਿਉਂ ਨਹੀ ਦਿੱਲੀ ਜਾ ਕੇ ਮੋਦੀ ਸਰਕਾਰ ਖਿਲਾਫ ਧਰਨੇ ਲਾਉਦੇ। ਪੰਜਾਬ ਦੇ ਲੋਕਾਂ ਦੀ ਲੁੱਟ ਹੋ ਰਹੀ ਹੈ। ਮੁੱਕਦੀ ਗੱਲ ਇਹ ਹੈ ਕਿ ਕਾਂਗਰਸ ਤੇ ਅਕਾਲੀ ਦੋਵੇ ਰਲੇ ਹੋਏ ਹਨ ਜੇਕਰ ਇਹ ਆਪਸ ਵਿੱਚ ਨਾ ਰਲਦੇ ਤਾਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਣੀ ਸੀ ਤਾਂ ਪੰਜਾਬ ਦਾ ਮਾਹੌਲ ਹੁਣ ਨੂੰ ਹੋਰ ਹੀ ਕੁੱਝ ਹੋਣਾ ਸੀ, ਪੰਜਾਬ ਦੇ ਕਿਸਾਨਾਂ ਦਾ ਪੂਰਾ ਕਰਜਾ ਮਾਫ ਹੋਣਾ ਸੀ ਤੇ ਪੰਜਾਬ ਖੁਸਹਾਲ ਹੋਣਾ ਸੀ। ਇਸ ਮੌਕੇ ਤੇ ਭਿੱਕਰ ਸਿੰਘ ਧਨੌਲਾ, ਪ੍ਰਮਿੰਦਰ ਸਿੰਘ ਭੰਗੂ, ਸਤਿਨਾਮ ਸਿੰਘ, ਕਾਲਾ ਮਾਨ ਫੀਡ ਵਾਲੇ,ਚਰਨਜੀਤ ਸਿੰਘ, ਦੀਪ ਸਿੰਘ, ਹਰਬੰਸ ਸਿੰਘ, ਸਾਗਰ ਸਿੰਘ, ਮਲਕੀਤ ਸਿੰਘ ਔਲਖ, ਇਕਬਾਲ ਸਿੰਘ, ਤਰਸੇਮ ਸਿੰਘ, ਮਨਦੀਪ ਸਿੰਘ, ਗੁਰਚਰਨ ਸਿੰਘ, ਸੰਦੀਪ ਸਿੰਘ ਕਰਮਗੜ੍ਹ ਆਦਿ ਹਾਜਰ ਸਨ।

# ਬਰਗਾੜੀ ਕਾਂਡ: ਗੇਂਦ ਹੁਣ ਸੀਬੀਆਈ ਦੇ ਪਾਲੇ ’ਚ

ਬਠਿੰਡਾ- ਬਰਗਾੜੀ ਕਾਂਡ ਦੀ ਜਾਂਚ ਦੇ ’ਸੱਚ’ ਦਾ ਹੁਣ ਸੀਬੀਆਈ ਪਤਾ ਲਾਏਗੀ। ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਅੰਤਿਮ ਜਾਂਚ ’ਚ ਬਰਗਾੜੀ ਕਾਂਡ ਲਈ ਡੇਰਾ ਸਿਰਸਾ ਦੀ ਨੌਂ ਮੈਂਬਰੀ ਟੀਮ ਨੂੰ ਮੁਲਜ਼ਮ ਕਰਾਰ ਦੇ ਦਿੱਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਡੀਆਈਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਹੇਠ ਪਿੰਡ ਬੁਰਜ ਜਵਾਹਰ ਸਿੰਘ ਵਾਲਾ (ਫ਼ਰੀਦਕੋਟ) ਦੇ ਗੁਰੂ ਘਰ ’ਚੋਂ ਪਹਿਲੀ ਜੂਨ 2015 ਨੂੰ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੱਭਣ ਲਈ ਅੱਜ ਆਖ਼ਰੀ ਹੰਭਲਾ ਮਾਰਿਆ। ਕੋਟਕਪੂਰਾ ਦੀ ਦੇਵੀਵਾਲਾ ਰੋਡ ਸਥਿਤ ਡਰੇਨ ’ਚ ਸੁੱਟੇ ਸਰੂਪ ਲੱਭਣ ਲਈ ਅੱਜ ਤੜਕਸਾਰ ’ਤਲਾਸ਼ੀ ਅਭਿਆਨ’ ਚਲਾਇਆ ਗਿਆ ਜਿਸ ’ਚ ਕੁੱਝ ਵੀ ਹੱਥ-ਪੱਲੇ ਨਹੀਂ ਪਿਆ। ਪੰਜਾਬੀ ਟ੍ਰਿਬਿਊਨ ਵੱਲੋਂ ਬਰਗਾੜੀ ਕਾਂਡ ਦੀ ਜਾਂਚ ਨੂੰ ਲੈ ਕੇ ’ਵਿਸ਼ੇਸ਼ ਰਿਪੋਰਟਾਂ’ ਸਭ ਤੋਂ ਪਹਿਲਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ ਅਤੇ ਆਖ਼ਰੀ ਰਿਪੋਰਟ ’ਚ ਸਰੂਪ ਡਰੇਨ ਵਿੱਚ ਸੁੱਟੇ ਜਾਣ ਦਾ ਖ਼ੁਲਾਸਾ ਕੀਤਾ ਗਿਆ ਸੀ ਜੋ ਅੱਜ ਸਿੱਟ ਵੱਲੋਂ ਡਰੇਨ ਦੀ ਕੀਤੀ ਸਰਚ ਨਾਲ ਸੱਚ ਸਾਬਤ ਹੋਇਆ ਹੈ। ਆਮ ਲੋਕਾਂ ਨੇ ਸਵਾਲ ਉਠਾਏ ਕਿ ਤਿੰਨ ਸਾਲ ਪਹਿਲਾਂ ਡਰੇਨ ਵਿੱਚ ਸੁੱਟੇ ਸਰੂਪ ਹੁਣ ਲੱਭਣੇ ਕਿਵੇਂ ਸੰਭਵ ਹਨ। ਕੁੱਝ ਨੇ ਆਖਿਆ ਕਿ ਪੁਲੀਸ ਨੇ ਆਪਣੀ ਸੁਹਿਰਦਤਾ ਦਾ ਸ਼ੀਸ਼ਾ ਦਿਖਾਉਣ ਲਈ ਅੱਜ ’ਸਰਚ ਅਭਿਆਨ’ ਚਲਾਇਆ। ਸਿੱਟ ਦੀ ਫੁਰਤੀ ਤੋਂ ਲੋਕ ਹੈਰਾਨ ਹਨ ਕਿ ਕਿਵੇਂ ਤਿੰਨ ਸਾਲਾਂ ਤੋਂ ਉਲਝੇ ਮਾਮਲੇ ਨੂੰ ਉਨ੍ਹਾਂ ਰਾਤੋ ਰਾਤ ਸੁਲਝਾ ਲਿਆ ਹੈ। ਬਰਗਾੜੀ ਕਾਂਡ ਦੀ ਜਾਂਚ ’ਚ ਸੀਬੀਆਈ ਦੇ ਹੱਥ ਹਾਲੇ ਤੱਕ ਖ਼ਾਲੀ ਸਨ ਪ੍ਰੰਤੂ ਹੁਣ ਪੰਜਾਬ ਪੁਲੀਸ ਦੀ ਜਾਂਚ ਨੂੰ ਛਾਣਨ ਦਾ ਉਸ ਨੂੰ ਮੌਕਾ ਮਿਲ ਜਾਣਾ ਹੈ। ਸੀਬੀਆਈ ਨੇ ਕੁੱਝ ਦਿਨ ਪਹਿਲਾਂ ਹੀ ਬਰਗਾੜੀ ਇਲਾਕੇ ਵਿੱਚ ਕਾਂਡ ਦੀ ਸੂਹ ਦੇਣ ਵਾਲੇ ਨੂੰ ਇਨਾਮ ਦਿੱਤੇ ਜਾਣ ਦੇ ਪੋਸਟਰ ਲਗਾਏ ਸਨ। ਸਿੱਟ ਨੇ ਹੁਣ ਤੱਕ ਬਰਗਾੜੀ ਕਾਂਡ ਵਿੱਚ ਮਹਿੰਦਰਪਾਲ ਬਿੱਟੂ ਸਮੇਤ 9 ਜਣੇ ਗ੍ਰਿਫ਼ਤਾਰ ਕੀਤੇ ਹਨ ਜੋ ਹੁਣ 19 ਜੂਨ ਤੱਕ ਪੁਲੀਸ ਰਿਮਾਂਡ ’ਤੇ ਹਨ। ਸੂਤਰਾਂ ਅਨੁਸਾਰ ਬਿੱਟੂ ਸਰੂਪਾਂ ਬਾਰੇ ਸਿੱਟ ਨੂੰ ਗੁਮਰਾਹ ਵੀ ਕਰਦਾ ਰਿਹਾ ਹੈ। ਸੂਤਰਾਂ ਅਨੁਸਾਰ ਬਿੱਟੂ ਨੇ ਸਭ ਤੋਂ ਪਹਿਲਾਂ ਪੁਲੀਸ ਕੋਲ ਸਰੂਪਾਂ ਨੂੰ ਨਹਿਰ ਵਿੱਚ ਤਾਰ ਕੇ ਆਉਣ ਅਤੇ ਉਸ ਮਗਰੋਂ ਨਾਮ ਚਰਚਾ ਘਰ ਵਿੱਚ ਸਰੂਪਾਂ ਦਾ ਅਦਬ ਸਹਿਤ ਸਸਕਾਰ ਕੀਤੇ ਜਾਣ ਦੀ ਗੱਲ ਆਖੀ ਸੀ।

ਡੀਆਈਜੀ ਰਣਬੀਰ ਸਿੰਘ ਖੱਟੜਾ ਨੇ ਕਿਹਾ ਕਿ ਡਰੇਨ ’ਚੋਂ ਸਬੂਤ ਲੱਭਣ ਲਈ ਉਨ੍ਹਾਂ ਵੱਲੋਂ ਚਲਾਏ ਗਏ ਸਰਚ ਅਭਿਆਨ ਦੌਰਾਨ ਕੁੱਝ ਵੀ ਨਹੀਂ ਮਿਲਿਆ ਹੈ। ਤਿੰਨ ਦਿਨਾਂ ਤੋਂ ਬਰਗਾੜੀ ਕਾਂਡ ਦਾ ਮੁੱਖ ਸਾਜ਼ਿਸ਼ਕਾਰ ਮਹਿੰਦਰਪਾਲ ਬਿੱਟੂ ਚੋਰੀ ਕੀਤੇ ਸਰੂਪਾਂ ਦੇ ਅੱਧੇ ਪੱਤਰੇ ਡਰੇਨ ਵਿੱਚ ਸੁੱਟੇ ਜਾਣ ਦੀ ਗੱਲ ਆਖ ਰਿਹਾ ਸੀ। ਸ੍ਰੀ ਖੱਟੜਾ ਨੇ ਦੱਸਿਆ ਕਿ ਪੰਜਾਬ ਪੁਲੀਸ ਮੁਖੀ ਨੇ ਬਰਗਾੜੀ ਕਾਂਡ ਦੀ ਜਾਂਚ ਬਾਰੇ ਸੀਬੀਆਈ ਦੇ ਅਫ਼ਸਰਾਂ ਨੂੰ ਦੱਸ ਦਿੱਤਾ ਹੈ ਅਤੇ ਇੱਕ-ਦੋ ਦਿਨਾਂ ਵਿੱਚ ਸੀਬੀਆਈ ਜਾਂਚ ’ਚ ਸ਼ਾਮਲ ਹੋ ਜਾਵੇਗੀ।

# ਤੂਫਾਨ ਨੇ ਢਾਇਆ ਕਹਿਰ

ਮਚਾਈ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬਲਜੀਤ ਸਿੰਘ ਪੁੱਤਰ ਬੰਤ ਸਿੰਘ ਦਾ ਇਸ ਤੂਫਾਨ ਵਿੱਚ ਭਾਰੀ ਨੁਕਸਾਨ ਹੋ ਗਿਆ ਹੈ, ਕਿਸਾਨ ਬਲਜੀਤ ਸਿੰਘ ਦੇ ਦੱਸਣ ਮੁਤਾਬਿਕ ਉਹਨੇ ਨੇ ਘਰ ਵਿੱਚ ਸਿੱਧੂ ਬੀਜ ਸਟੋਰ ਦਾ ਗੋਦਾਮ ਬਣਾਇਆ ਹੋਇਆ ਹੈ ਤੇਜ ਝੱਖੜ ਤੇ ਮੀਹ ਵਿੱਚ ਗੋਦਾਮ ਦੇ ਸੈਡ ਦੀਆਂ ਕੰਧਾਂ ਡਿੱਗ ਗਈਆਂ ਅਤੇ ਚਾਦਰਾਂ ਉੱਡ ਗਈਆਂ ਜਿਸ ਨਾਲ ਅੰਦਰ ਕਣਕ ਦੇ ਬੀਜ ਲਈ ਰੱਖੀ ਕਣਕ ਜਿਸ ਦੀ ਕੀਮਤ ਕਰੀਬ ਚਾਲੀ ਲੱਖ ਰੁਪਏ ਸੀ ਮੀਂਹ ਵਿੱਚ ਭਿੱਜ ਗਈ ਅਤੇ ਉਹ ਹੁਣ ਸਾਰੀ ਕਣਕ ਖਰਾਬ ਹੋ ਗਈ, ਕੰਧਾਂ ਡਿੱਗਣ ਨਾਲ ਦੀਵਾਰ ਦੇ ਦੂਸਰੇ ਪਾਸੇ ਖੜੀਆਂ ਤਿੰਨ ਮੱਝਾਂ ਵੀ ਗੰਭੀਰ ਰੂਪ ਵਿੱਚ ਜਖਮੀ ਹੋ ਪਈਆਂ। ਬਲਜੀਤ ਸਿੰਘ ਅਨੁਸਾਰ ਉਸ ਦਾ ਕੁੱਲ ਪੰਜਾਹ ਲੱਖ ਦਾ ਨੁਕਸਾਨ ਹੋ ਗਿਆ ਹੈ। ਪਿੰਡ ਦੇ ਅਕਾਲੀ ਦਲ



ਦੇ ਸਰਕਲ ਪ੍ਰਧਾਨ ਨਿਹਾਲ ਸਿੰਘ ਉੱਪਲੀ , ਕਿਸਾਨ ਕਾਲਾ ਸਿੰਘ, ਲਖਵਿੰਦਰ ਸਿੰਘ ਨੇ ਦੱਸਿਆ ਕਿ ਸਾਡੇ ਪਿੰਡ ਵਿੱਚ ਸਭ ਤੋ ਵੱਧ ਨੁਕਸਾਨ ਹੋਇਆ ਹੈ ਇਸ ਤੇਜ ਝੱਖੜ ਮੀਂਹ ਵਿੱਚ ਖੇਤਾਂ ਵਿੱਚ ਬਿਜਲੀ ਦੇ ਖੰਭੇ , ਬਿਜਲੀ ਦੇ ਟਰਾਂਸਫਾਰਮ, ਕਿਸਾਨ ਭੂਰਾ ਸਿੰਘ ਦੀ ਮੱਝ, ਅਣਗਣਿਤ ਦਰੱਖਤ, ਸੈਲਰਾਂ ਦੀਆਂ ਕੰਧਾਂ ਬੁਰੀ ਤਰ੍ਹਾਂ ਟੁੱਟ ਗਈਆਂ ਹਨ। ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮ. ਧਨੌਲਾ ਦੇ ਐਸ. ਡੀ. ਓ ਦਿਹਾਤੀ ਸ੍ਰੀ ਨਿਤਿਨ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਝੱਖੜ ਮੀਂਹ ਤੂਫਾਨ ਪਿੰਡ ਉੱਪਲੀ ਦੇ ਆਲੇ ਦੁਆਲੇ ਇੰਨ੍ਹਾਂ ਭਿਆਨਕ ਸੀ ਕਿ ਜਿਸ ਨੇ 20 ਦੇ ਕਰੀਬ ਖੇਤਾਂ ਵਿੱਚ ਟਰਾਂਸਫਾਰਮ, 100 ਦੇ ਕਰੀਬ ਖੰਬੇ ਤੋੜ ਦਿੱਤੇ ਅਤੇ ਪਿੰਡ ਵਾਸੀਆਂ ਦਾ ਹੋਰ ਵੀ ਨੁਕਸਾਨ ਹੋ ਗਿਆ। ਨਿਤਿਨ ਕੁਮਾਰ ਨੇ ਦੱਸਿਆ ਕਿ ਅਸੀ ਕੱਲ ਹੀ 100 ਬਿਜਲੀ ਦੇ ਨਵੇ ਖੰਬੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਉੱਪਲੀ ਵਿਖੇ ਪਹੁੰਚਾ ਦਿੱਤੇ ਸਨ, ਸਾਡੀ ਟੀਮ ਨੇ ਪੂਰੀ ਮਿਹਨਤ ਕਰਕੇ ਪਿੰਡ ਦੀ ਬਿਜਲੀ ਦੀ ਸਪਲਾਈ ਚਾਲੂ ਕਰ ਦਿੱਤੀ ਸੀ, ਸਾਡੀ ਟੀਮ ਪੂਰੀ ਮਿਹਨਤ ਨਾਲ ਦੋ ਤਿੰਨ ਦਿਨਾਂ ਵਿੱਚ ਸਾਰੇ ਟੁੱਟੇ ਖੱਬੇ ਬਦਲ ਕੇ ਖੇਤਾਂ ਦੀ ਸਪਲਾਈ ਵੀ ਚਾਲੂ ਕਰ ਦਿੱਤੀ ਜਾਵੇਗੀ। ਪਿੰਡ ਦੇ ਮੋਹਤਵਰ ਵਿਆਕਤੀਆਂ ਨੇ ਪੰਜਾਬ ਸਰਕਾਰ ਤੇ ਜਿਲ੍ਹਾ ਪ੍ਰਸ਼ਾਸਨ ਤੋ ਪਿੰਡ ਵਿੱਚ ਹੋਏ ਨੁਕਸਾਨ ਦਾ ਬਣਦਾ ਮੁਆਬਜਾ ਦੇਣ ਦੀ ਮੰਗ ਕੀਤੀ ਹੈ।





Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

ਫਰੀ ਡਿਲੀਵਰੀ

Haller's PHARMACY

Since 1957

* Free Delivery * Open 7 days a week

* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ ’ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।

* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।

* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772

37323 Fremont Blvd, Fremont, CA 94536

# ਕਿੰਨਾ ਕੁ ਹੈ ਮੋਦੀ ਦੇ ਕਿਲ੍ਹੇ ਨੂੰ ਖ਼ਤਰਾ?



ਜੀ ਐੱਸ ਗੁਰਦਿੱਤ

ਜਵਾਹਰਲਾਲ ਨਹਿਰੂ ਤੋਂ ਬਾਅਦ ਅੱਜ ਤੱਕ ਸਿਰਫ ਇੱਕ ਹੀ ਪ੍ਰਧਾਨ ਮੰਤਰੀ (ਮਨਮੋਹਨ ਸਿੰਘ) ਹੋਏ ਹਨ ਜਿਨ੍ਹਾਂ ਨੂੰ ਜਨਤਾ ਨੇ ਲਗਾਤਾਰ 10 ਸਾਲ ਰਾਜਗੱਦੀ ਬਖ਼ਸ਼ੀ ਹੈ। ਕੱਲ੍ਹ ਤੱਕ ਤਾਂ ਨਰਿੰਦਰ ਮੋਦੀ ਦੀ ਸਿਆਸੀ ਹਾਲਤ ਵੀ ਬਹੁਤ ਮਜ਼ਬੂਤ ਨਜ਼ਰ ਆਉਂਦੀ ਸੀ ਕਿਉਂਕਿ ਕੋਈ ਵੀ ਵਿਰੋਧੀ ਪਾਰਟੀ ਜਾਂ ਨੇਤਾ ਉਸ ਨੂੰ ਟੱਕਰ ਦੇਣ ਦੇ ਸਮਰੱਥ ਨਹੀਂ ਨਜ਼ਰ ਆ ਰਹੇ ਸਨ। ਕਾਂਗਰਸ ਅਤੇ ਬਾਕੀ ਵਿਰੋਧੀ ਪਾਰਟੀਆਂ ਆਪੋ-ਆਪਣੇ ਕੁਝ ਖਾਸ ਇਲਾਕਿਆਂ ਵਿੱਚ ਤਾਂ ਭਾਵੇਂ ਕਿੰਨੀਆਂ ਵੀ ਸਿਰਕੱਢ ਨਜ਼ਰ ਆਉਂਦੀਆਂ ਹੋਣ ਪਰ ਉਨ੍ਹਾਂ ਵਿੱਚ ਵੱਡੇ ਪੱਧਰ ਉੱਤੇ ਕੋਈ ਏਕਾ ਹੁੰਦਾ ਨਜ਼ਰ ਨਹੀਂ ਆ ਰਿਹਾ ਸੀ। ਇਸ ਲਈ ਕੱਲ੍ਹ ਤੱਕ ਤਾਂ ਭਾਜਪਾ ਨੂੰ ਵਿਰੋਧੀਆਂ ਦੀ ਇਸ ਫੁੱਟ ਦਾ ਲਾਭ ਮਿਲਣ ਦੀ ਪੂਰੀ ਉਮੀਦ ਸੀ ਪਰ ਹੁਣ ਉਸ ਦੇ ਆਪਣੇ ਕਿਲ੍ਹੇ ਦੇ ਕਿੰਗਰੇ ਵੀ ਦਿਨੋ-ਦਿਨ ਢਹਿ ਰਹੇ ਹਨ।

ਪਿਛਲੇ ਇੱਕ ਸਾਲ ਵਿੱਚ ਹੋਈਆਂ ਲੋਕ ਸਭਾ ਦੀਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਾਜਪਾ ਦੀ ਹਾਰ ਦਾ ਕਾਰਨ ਸਿਰਫ਼ ਵਿਰੋਧੀਆਂ ਦੀ ਏਕਤਾ ਹੀ ਨਹੀਂ ਹੈ। ਜੇ 2014 ਵਿੱਚ ਵੀ ਇਨ੍ਹਾਂ ਸੀਟਾਂ ਉੱਤੇ ਵਿਰੋਧੀ ਪਾਰਟੀਆਂ ਵਿੱਚ ਇੰਨੀ ਹੀ ਏਕਤਾ ਹੁੰਦੀ, ਭਾਜਪਾ ਨੇ ਇਹ ਸੀਟਾਂ ਫਿਰ ਵੀ ਜਿੱਤ ਲੈਣੀਆਂ ਸਨ, ਕਿਉਂਕਿ ਉਦੋਂ ਉਸ ਦੀ ਵੋਟ ਹਿੱਸੇਦਾਰੀ ਬਾਕੀ ਸਾਰਿਆਂ ਦੇ ਜੋੜ ਨਾਲੋਂ ਵੀ ਵੱਧ ਸੀ। ਹੁਣ ਉਸ ਦਾ ਆਧਾਰ ਪਹਿਲਾਂ ਦੇ ਮੁਕਾਬਲੇ ਘਟ ਰਿਹਾ ਹੈ। ਉਸ ਦੀ ਵੋਟ ਹਿੱਸੇਦਾਰੀ ਵਿੱਚ ਗਿਰਾਵਟ ਆਈ ਹੈ। ਜੇ ਉਹ ਆਪਣੀ 2014 ਵਾਲੀ ਵੋਟ ਹਿੱਸੇਦਾਰੀ ਨੂੰ ਕਾਇਮ ਰੱਖ ਲੈਂਦੀ ਹੈ ਤਾਂ ਵਿਰੋਧੀ ਜਿੰਨੇ ਮਰਜ਼ੀ ਇਕੱਠੇ ਹੋ ਜਾਂਦੇ, ਉਸ ਨੂੰ ਹਰਾਉਣਾ ਸੰਭਵ ਨਹੀਂ ਸੀ। ਸਭ ਤੋਂ ਸ਼ਰਮਨਾਕ ਹਾਰ ਤਾਂ ਇਸ ਨੂੰ ਗੋਰਖਪੁਰ ਦੀ ਲੋਕ ਸਭਾ ਸੀਟ ਤੋਂ ਹੋਈ ਜੋ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦਾ ਗੜ੍ਹ ਮੰਨਿਆ ਜਾਂਦਾ ਹੈ ਅਤੇ ਉਥੋਂ ਇਹ 1989 ਤੋਂ ਲਗਾਤਾਰ ਜਿੱਤ ਰਹੀ ਸੀ।

ਨਰਿੰਦਰ ਮੋਦੀ ਖ਼ਿਲਾਫ਼ ਕੁਝ ਹੱਦ ਤੱਕ ਉਸੇ ਤਰ੍ਹਾਂ ਦਾ ਮੁਹਾਜ਼ ਬਣ ਰਿਹਾ ਹੈ ਜਿਹੋ ਜਿਹਾ 1977 ਵਿੱਚ ਇੰਦਰਾ ਗਾਂਧੀ ਖ਼ਿਲਾਫ਼ ਬਣਿਆ ਸੀ। ਉਹ ਮੁਹਾਜ਼ ਭਾਵੇਂ ਬਹੁਤਾ ਸਮਾਂ ਟਿਕ ਤਾਂ ਨਹੀਂ ਸੀ ਸਕਿਆ ਪਰ ਇੱਕ ਵਾਰੀ ਤਾਂ ਇੰਦਰਾ ਗਾਂਧੀ ਨੂੰ ਗੱਦੀ ਤੋਂ ਉਤਾਰ ਹੀ ਦਿੱਤਾ ਸੀ। ਅੱਜ ਅਕਾਲੀ ਦਲ ਵਰਗੇ ਪੱਕੇ ਸਮਰਥਕਾਂ ਨੂੰ ਛੱਡ ਦੇਈਏ ਤਾਂ ਬਾਕੀਆਂ ਨਾਲ ਭਾਜਪਾ ਦੇ ਰਿਸ਼ਤੇ ਤਿੜਕ ਰਹੇ ਹਨ। ਸ਼ਿਵ ਸੈਨਾ ਦੇ ਆਗੂ ਤਾਂ ਆਪਣੀ ਨਾਰਾਜ਼ਗੀ ਸ਼ਰ੍ਹੇਆਮ ਜ਼ਾਹਿਰ ਕਰ ਰਹੇ ਹਨ। ਨਿਤੀਸ਼ ਕੁਮਾਰ ਅਤੇ ਰਾਮ ਵਿਲਾਸ ਪਾਸਵਾਨ ਵਰਗੇ ਨੇਤਾਵਾਂ ਉੱਤੇ ਬਹੁਤੀ ਟੇਕ ਰੱਖਣੀ ਉਸ ਨੂੰ ਮਹਿੰਗੀ ਪੈ ਸਕਦੀ ਹੈ। ਉਹ ਦੋਵੇਂ ਹੀ ਮੌਕੇ ਮੁਤਾਬਕ ਕਿਸੇ ਵੀ ਪਲੜੇ ਵਿੱਚ ਤੁਲ ਸਕਦੇ ਹਨ। ਤਕਰੀਬਨ ਹਰ ਵੱਡੀ ਖੇਤਰੀ ਪਾਰਟੀ ਕਿਸੇ ਨਾ ਕਿਸੇ ਤਰ੍ਹਾਂ ਭਾਜਪਾ ਦੇ ਖ਼ਿਲਾਫ਼ ਖੜ੍ਹੀ ਹੈ। ਦੱਖਣ ਵਿੱਚ ਭਾਜਪਾ ਨੂੰ ਉਹ ਸਫ਼ਲਤਾ ਮਿਲ ਹੀ ਨਹੀਂ ਸਕੀ ਜਿਸ ਦੀ ਉਹ ਤਵੱਕੋ ਕਰਦੀ ਸੀ। ਵੱਡੇ ਸੂਬਿਆਂ ਵਿੱਚ ਸਥਾਪਤੀ ਵਿਰੋਧੀ ਲਹਿਰ ਦਾ ਨੁਕਸਾਨ ਵੀ ਇਸ ਵਾਰੀ ਉਸੇ ਨੂੰ ਹੀ ਹੋਣਾ ਹੈ।



ਭਾਜਪਾ ਨੂੰ ਨਾਪਸੰਦ ਕਰਨ ਵਾਲੇ ਲੋਕਾਂ ਲਈ ਵਿਰੋਧੀਆਂ ਦੀ ਏਕਤਾ ਅਤੇ ਉਪਰੋਕਤ ਬਾਕੀ ਤੱਤ ਆਸ ਦੀ ਕਿਰਨ ਹੋ ਸਕਦੇ ਹਨ ਪਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਜੂਝਣ ਦੀ ਤਾਕਤ ਨੂੰ ਭੁੱਲਣਾ ਨਹੀਂ ਚਾਹੀਦਾ। ਦੋਹਾਂ ਦੀ ਜਥੇਬੰਦੀ ਚਲਾਉਣ ਵਿੱਚ ਮੁਹਾਰਤ ਹੈ ਅਤੇ ਦੋਹਾਂ ਕੋਲ ਨਾਅਰਿਆਂ ਤੇ ਜੁਮਲਿਆਂ ਦੀ ਵੀ ਭਰਮਾਰ ਰਹਿੰਦੀ ਹੈ ਜਿਸ ਨਾਲ ਆਮ ਵੋਟਰ ਨੂੰ ਪ੍ਰਭਾਵਿਤ ਕਰਨਾ ਬਹੁਤਾ ਔਖਾ ਨਹੀਂ ਹੁੰਦਾ। ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਕਾਂਗਰਸ ਉੱਤੇ ਭਾਜਪਾ ਨਾਲੋਂ ਕਿਤੇ ਵੱਧ ਹਨ। ਉਂਜ ਵੀ ਵਿਰੋਧੀਆਂ ਦਾ ਏਕਾ ਅਜੇ ਤੱਕ ਤਾਂ ਬਿਨਾਂ ਕਿਸੇ ਜਰਨੈਲ ਤੋਂ ਖੁੱਲ੍ਹੀ ਫਿਰਦੀ ਫ਼ੌਜ ਵਾਂਗ ਹੀ ਹੈ। ਪਤਾ ਨਹੀਂ ਉਹ ਫ਼ੌਜ ਕਿਸੇ ਇੱਕ ਜਰਨੈਲ ਦੀ ਅਗਵਾਈ ਕਬੂਲ ਕਰੇਗੀ ਜਾਂ ਨਹੀਂ। ਜੇ ਇੱਕ ਪਾਸੇ ਪ੍ਰਧਾਨ ਮੰਤਰੀ ਦਾ ਉਮੀਦਵਾਰ ਨਰਿੰਦਰ ਮੋਦੀ ਹੋਇਆ ਅਤੇ ਦੂਜੇ ਪਾਸੇ ਕੋਈ ਇੱਕ ਸਪਸ਼ਟ ਚਿਹਰਾ ਨਾ ਹੋਇਆ ਤਾਂ ਇਸ ਦਾ ਖਮਿਆਜ਼ਾ ਵੀ ਮੋਦੀ ਵਿਰੋਧੀਆਂ ਨੂੰ ਭੁਗਤਣਾ ਪੈ ਸਕਦਾ ਹੈ। ਬਹੁਤੀਆਂ ਪਾਰਟੀਆਂ ਦਾ ਮਿਲਗੋਭਾ ਉਂਜ ਵੀ ਸਿਆਸੀ ਤੌਰ ਉੱਤੇ ਸਫਲ ਹੋਣਾ ਕਾਫੀ ਔਖਾ ਹੁੰਦਾ ਹੈ। ਅਸਲ ਵਿੱਚ ਉਹ ਜਿੰਨੀਆਂ ਪਾਰਟੀਆਂ ਹਨ, ਓਨੇ ਹੀ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਚਾਹਵਾਨ ਹਨ। ਜੇ ਕੋਈ ਇੱਕ ਪਾਰਟੀ ਬਹੁਮਤ ਰੱਖਦੀ ਹੋਵੇ, ਉਸ ਦੀ ਚੌਧਰ ਨੂੰ ਖ਼ਤਰਾ ਘੱਟ ਹੁੰਦਾ ਹੈ। ਉਸ ਪਾਰਟੀ ਦਾ ਕੋਈ ਵੱਡਾ ਆਗੂ ਪ੍ਰਧਾਨ ਮੰਤਰੀ ਦੇ ਇੱਕੋ-ਇੱਕ ਉਮੀਦਵਾਰ ਵਜੋਂ ਬਾਕੀਆਂ ਨੂੰ ਪ੍ਰਵਾਨ ਕਰਨਾ ਹੀ ਪੈਂਦਾ ਹੈ। ਜੇ ਸੀਟਾਂ ਦੀ ਗਿਣਤੀ ਪੱਖੋਂ ਪਾਰਟੀਆਂ ਦਾ ਫਰਕ ਬਹੁਤਾ ਨਾ ਹੋਵੇ ਤਾਂ ਹਉਮੈ ਟਕਰਾਉਣ ਲੱਗ ਪੈਂਦੀ ਹੈ। ਅਜਿਹੇ ਹਾਲਾਤ ਵਿੱਚ ਗੱਠਜੋੜ ਅੰਦਰ ਟੁੱਟ-ਭੱਜ ਹੁੰਦੀ ਰਹਿੰਦੀ ਹੈ। ਇਹ ਸਾਰੇ ਤੱਤ ਕਾਂਗਰਸ ਦੇ ਖ਼ਿਲਾਫ਼ ਭੁਗਤ ਸਕਦੇ ਹਨ।

ਉਂਜ, ਭਾਜਪਾ ਦੇ ਆਪਣੇ ਘਰ ਅੰਦਰ ਵੀ 'ਸਭ ਅੱਛਾ' ਨਹੀਂ ਹੈ। 'ਮੋਦੀ-ਸ਼ਾਹ-ਜੇਤਲੀ ਤਿੱਕੜੀ' ਨੇ ਪਿਛਲੇ ਸਮੇਂ ਵਿੱਚ ਪਾਰਟੀ ਦੇ ਵੱਡੇ ਵੱਡੇ ਪੁਰਾਣੇ ਥੰਮ੍ਹਾਂ ਨੂੰ ਪੈਰਾਂ ਸਿਰ ਨਹੀਂ ਰਹਿਣ ਦਿੱਤਾ। ਇਸੇ ਕਾਰਨ ਬਹੁਤੇ ਸੀਨੀਅਰ ਆਗੂ ਅੰਦਰੋਂ ਪੂਰੀ ਤਰ੍ਹਾਂ ਨਿਰਾਸ਼ ਅਤੇ ਨਾਰਾਜ਼ ਹਨ। ਯਸ਼ਵੰਤ ਸਿਨਹਾ ਵਰਗੇ ਤਾਂ ਪਾਰਟੀ ਨੂੰ ਅਲਵਿਦਾ ਹੀ ਕਹਿ ਗਏ ਹਨ ਅਤੇ ਸ਼ਤਰੂਘਨ ਸਿਨਹਾ ਵਰਗੇ ਸ਼ਰ੍ਹੇਆਮ ਤਿੱਕੜੀ ਖ਼ਿਲਾਫ਼ ਭੜਾਸ ਕੱਢਦੇ ਰਹਿੰਦੇ ਹਨ। ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਬਿਲਕੁਲ ਚੁੱਪ ਹਨ। ਦੋਵਾਂ ਨੂੰ ਹੀ ਭਾਜਪਾ ਦੀ ਸਭ ਤੋਂ ਉੱਚ-ਤਾਕਤੀ ਕਮੇਟੀ 'ਸੰਸਦੀ ਬੋਰਡ' ਤੋਂ ਬਾਹਰ ਰੱਖਿਆ ਗਿਆ ਹੈ। ਐਵੇਂ ਮੂੰਹ ਰੱਖਣ ਲਈ 'ਮਾਰਗ ਦਰਸ਼ਕ ਮੰਡਲ' ਬਣਾ ਦਿੱਤਾ ਗਿਆ ਸੀ ਜਿਸ ਵਿੱਚ ਇਨ੍ਹਾਂ ਦੋਹਾਂ ਨੂੰ ਰੱਖ ਤਾਂ ਲਿਆ ਪਰ ਉਸ ਮੰਡਲ ਦੀ ਅੱਜ ਤੱਕ ਇੱਕ ਵੀ ਮੀਟਿੰਗ ਨਹੀਂ ਹੋ ਸਕੀ। ਜੂਨ 1975 ਵਾਲੀ ਐਮਰਜੈਂਸੀ ਦੀ 40 ਵੀਂ ਵਰ੍ਹੇਗੰਢ ਉੱਤੇ ਅਡਵਾਨੀ ਨੇ ਆਪਣੇ ਦਿਲ ਦਾ ਹਾਲ ਸੁਣਾ ਹੀ ਦਿੱਤਾ ਸੀ ਕਿ ਮੁਲਕ ਵਿੱਚ ਅੱਜ ਵੀ ਐਮਰਜੈਂਸੀ ਦੇ ਹਾਲਾਤ ਬਣ ਸਕਦੇ ਹਨ। ਅਡਵਾਨੀ ਦਾ ਕਹਿਣਾ ਸੀ ਕਿ ਅੱਜ ਵੀ ਸੰਵਿਧਾਨ ਵਿੱਚ ਅਜਿਹੀ ਕੋਈ ਸਪੱਸ਼ਟ ਰੋਕ ਨਜ਼ਰ ਨਹੀਂ ਆਉਂਦੀ ਜਿਹੜੀ ਐਮਰਜੈਂਸੀ ਦੇ ਰਾਹ ਵਿੱਚ ਰੁਕਾਵਟ ਬਣ ਸਕੇ। ਮੋਦੀ ਪੱਖੀ ਹਲਕਿਆਂ ਵਿੱਚ ਇਸ ਨੂੰ ਭਾਵੇਂ ਅਡਵਾਨੀ ਦੀ ਮੋਦੀ ਖਿਲਾਫ਼ ਭੜਾਸ ਹੀ ਮੰਨਿਆ ਗਿਆ ਸੀ ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਪਾਰਟੀ ਅੰਦਰ ਮੋਦੀ ਵਿਰੋਧੀ ਲਾਵਾ ਉੱਬਲ ਰਿਹਾ ਹੈ।

ਮਹਿੰਗਾਈ ਦੇ ਮੋਰਚੇ ਉੱਤੇ ਭਾਜਪਾ ਸਰਕਾਰ ਵੀ ਪਿਛਲੀ ਸਰਕਾਰ ਵਰਗੀ ਹੀ ਸਾਬਤ ਹੋਈ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਤਾਂ ਇਸ ਨੇ ਨਵੇਂ ਰਿਕਾਰਡ ਕਾਇਮ ਕਰ ਦਿੱਤੇ ਹਨ। ਅਫਸੋਸ ਦੀ ਗੱਲ ਹੈ ਕਿ ਅਰੁਣ ਜੇਤਲੀ ਵਿੱਤ ਮੰਤਰੀ ਬਣਨ ਤੋਂ ਪਹਿਲਾਂ, ਕਾਂਗਰਸੀ ਵਿੱਤ ਮੰਤਰੀਆਂ ਦੇ ਖ਼ਿਲਾਫ਼ ਤਾਂ ਬਥੇਰਾ ਕੁਝ ਬੋਲ ਲੈਂਦੇ ਸਨ ਪਰ ਆਪਣੀ ਵਾਰੀ ਉਨ੍ਹਾਂ ਤੋਂ ਕੋਈ ਕ੍ਰਿਸ਼ਮਾ ਨਹੀਂ ਹੋ ਸਕਿਆ। ਸਮ੍ਰਿਤੀ ਇਰਾਨੀ ਅਤੇ ਸੁਸ਼ਮਾ ਸਵਰਾਜ ਵਰਗੀਆਂ ਆਗੂ ਜਿਨ੍ਹਾਂ ਨੇ ਕਾਂਗਰਸ ਦੀ ਸਰਕਾਰ ਵੇਲੇ ਮਹਿੰਗਾਈ ਖ਼ਿਲਾਫ਼ ਵੱਡੇ ਵੱਡੇ ਧਰਨੇ ਦਿੱਤੇ ਸਨ ਅਤੇ ਵੰਨ-ਸੁਵੰਨੇ ਬਿਆਨ ਦਾਗੇ ਸਨ, ਹੁਣ ਜਦੋਂ ਉਹ ਸਭ ਕੁਝ ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਰਾਹੀਂ ਲੋਕਾਂ ਦੇ ਸਾਹਮਣੇ ਆ ਰਿਹਾ ਹੈ ਤਾਂ ਇਨ੍ਹਾਂ ਨੇਤਾਵਾਂ ਨੂੰ ਮੂੰਹ ਲੁਕੋਣਾ ਔਖਾ ਹੋਇਆ ਪਿਆ ਹੈ। ਮੋਦੀ ਦੇ ਭਾਸ਼ਣਾਂ ਵਿੱਚ ਵੀ ਹੁਣ ਪਹਿਲਾਂ ਵਾਲਾ ਜਾਦੂ ਨਜ਼ਰ ਨਹੀਂ ਆਉਂਦਾ। ਆਮ ਲੋਕ ਹੁਣ ਉਸ ਜਾਦੂ ਉੱਤੇ ਸਗੋਂ ਸਵਾਲ ਉਠਾ ਰਹੇ ਹਨ। 'ਅੱਛੇ ਦਿਨਾਂ' ਵਾਲਾ ਸੁਫ਼ਨਾ ਚਕਨਾਚੂਰ ਹੋ ਚੁੱਕਾ ਹੈ। ਕਾਲੇ ਧਨ ਵਾਲੇ ਪੰਦਰਾਂ ਪੰਦਰਾਂ ਲੱਖ ਰੁਪਇਆਂ ਦੀ ਹੁਣ ਕਿਸੇ ਨੂੰ ਉਡੀਕ ਨਹੀਂ ਰਹੀ। ਨੋਟਬੰਦੀ ਦਾ ਨੁਕਸਾਨ ਕਿਸੇ ਜਮਾਂਖੋਰ ਨੇ ਨਹੀਂ ਬਲਕਿ ਆਮ ਲੋਕਾਂ ਨੇ ਹੀ ਉਠਾਇਆ ਹੈ। ਲੋਕ ਹੁਣ ਸੋਚਣ ਲੱਗ ਪਏ ਹਨ ਕਿ ਮੁਲਕ ਦਾ ਹਾਕਮ ਭਾਵੇਂ ਚੁੱਪ ਰਹਿਣ ਵਾਲਾ ਹੋਵੇ ਤੇ ਭਾਵੇਂ ਉੱਚੀ ਉੱਚੀ ਬੋਲਣ ਵਾਲਾ, ਆਮ ਲੋਕਾਂ ਦੀ ਹੋਣੀ ਤਾਂ ਉਹੀ ਰਹਿਣੀ ਹੈ। ਵੱਡੀਆਂ ਤਬਦੀਲੀਆਂ ਰਾਤੋ-ਰਾਤ ਕਦੇ ਵੀ ਨਹੀਂ ਆਉਂਦੀਆਂ, ਇਨ੍ਹਾਂ ਵਾਸਤੇ ਉਡੀਕ ਕਰਨੀ ਪੈਂਦੀ ਹੈ।

# ਜੰਮੂ ਕਸ਼ਮੀਰ 'ਚ ਭਾਜਪਾ- ਪੀਡੀਪੀ ਦਾ ਤੋੜ-ਵਿਛੋੜਾ

ਜੰਮੂ ਕਸ਼ਮੀਰ ਵਿੱਚ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀਡੀਪੀ) ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਾਂਝ-ਭਿਆਲੀ ਦੀ ਸਮਾਪਤੀ ਮੰਦਭਾਗਾ ਵਰਤਾਰਾ ਹੈ। ਹਾਲਾਂਕਿ ਇਹ ਸਾਂਝ ਟੁੱਟਣ ਦੇ ਸੰਕੇਤ ਪਿਛਲੇ ਕੁਝ ਦਿਨਾਂ ਤੋਂ ਮਿਲ ਰਹੇ ਸਨ, ਫਿਰ ਵੀ ਜਿੰਨੀ ਤੇਜ਼ੀ ਨਾਲ ਇਹ ਰਿਸ਼ਤਾ ਚਾਕ ਹੋਇਆ, ਉਸ ਤੋਂ ਰਾਜਸੀ ਦਰਸ਼ਕਾਂ ਨੂੰ ਹੈਰਾਨੀ ਹੋਣੀ ਸੁਭਾਵਿਕ ਹੈ। ਇਸ ਤੋਂ ਵੀ ਵੱਧ ਹੈਰਾਨੀ ਇਸ ਗੱਲ 'ਚ ਹੈ ਕਿ ਗੱਠਜੋੜ ਤੋੜਨ ਦਾ ਫ਼ੈਸਲਾ ਭਾਜਪਾ ਨੇ ਲਿਆ - ਉਸ ਭਾਜਪਾ ਨੇ ਜਿਸ ਨੇ ਪਹਿਲਾਂ ਵਿਧਾਨ ਸਭਾ ਚੋਣਾਂ ਤੋਂ ਤੁਰੰਤ ਮਗਰੋਂ ਪੀਡੀਪੀ ਦੇ ਬਾਨੀ ਮੁਫ਼ਤੀ ਮੁਹੰਮਦ ਸਈਦ ਨੂੰ ਗੱਠਜੋੜ ਲਈ ਮਨਾਉਣ ਵਾਸਤੇ ਪੂਰਾ ਜ਼ੋਰ ਲਾਇਆ ਸੀ, ਅਤੇ ਫਿਰ ਮੁਫ਼ਤੀ ਸਾਹਿਬ ਦੇ ਚਲਾਣੇ ਮਗਰੋਂ ਉਨ੍ਹਾਂ ਦੀ ਬੇਟੀ ਮਹਿਬੂਬਾ ਮੁਫ਼ਤੀ ਦੀ ਦੁਬਿਧਾ ਨੂੰ ਦੇਖਦਿਆਂ ਕੁਲੀਸ਼ਨ ਸਰਕਾਰ ਬਰਕਰਾਰ ਰੱਖਣ ਦੀ ਖਾਤਿਰ ਕਈ ਅਣਚਾਹੀਆਂ ਸ਼ਰਤਾਂ ਵੀ ਮਨਜ਼ੂਰ ਕਰ ਲਈਆਂ ਸਨ। ਹੁਣ ਆਪਣੀ ਸੁਰ ਬਦਲਦਿਆਂ ਭਾਜਪਾ ਦੇ ਕੌਮੀ ਜਨਰਲ ਸਕੱਤਰ ਤੇ ਜੰਮੂ ਕਸ਼ਮੀਰ ਬਾਰੇ ਇੰਚਾਰਜ ਰਾਮ ਮਾਧਵ ਦਾ ਕਹਿਣਾ ਹੈ ਕਿ ਜੰਮੂ ਤੇ ਲੱਦਾਖ ਖ਼ਿੱਤਿਆਂ ਨਾਲ ਲਗਾਤਾਰ ਹੋ ਰਹੇ ਵਿਤਕਰੇ ਅਤੇ ਪੂਰੇ ਸੂਬੇ 'ਚ ਸੁਰੱਖਿਆ ਦੀ ਸਥਿਤੀ ਵਿੱਚ ਨਿਘਾਰ ਦੇ ਮੱਦੇਨਜ਼ਰ ਭਾਜਪਾ ਦਾ ਸਰਕਾਰ ਵਿੱਚ ਰਹਿਣਾ ਮੁਸ਼ਕਿਲ ਹੋ ਗਿਆ ਸੀ। ਇਸ ਕਰ ਕੇ ਪਾਰਟੀ ਨੂੰ 'ਕੁਸੈਲਾ' ਫ਼ੈਸਲਾ ਲੈਣ ਲਈ ਮਜਬੂਰ ਹੋਣਾ ਪਿਆ।



ਪੀਡੀਪੀ ਤੇ ਭਾਜਪਾ ਦਰਮਿਆਨ ਭਿਆਲੀ ਗ਼ੈਰ-ਕੁਦਰਤੀ ਸੀ, ਇਹ ਮੁੱਢ ਤੋਂ ਹੀ ਸਪਸ਼ਟ ਸੀ। ਪੀਡੀਪੀ ਨਿਰੋਲ ਕਸ਼ਮੀਰ ਦੀ ਪਾਰਟੀ ਹੈ ਜਦੋਂਕਿ ਭਾਜਪਾ ਖ਼ਾਲਸ ਜੰਮੂ ਦੀ। ਸੂਬੇ ਦੀ ਪਿਛਲੀ ਉਮਰ ਅਬਦੁੱਲਾ ਸਰਕਾਰ ਸਮੇਂ ਪੀਡੀਪੀ, ਵੱਖਵਾਦੀਆਂ ਦੀ ਖ਼ੈਰਖਾਹ ਵਜੋਂ ਵਿਚਰਦੀ ਰਹੀ ਸੀ। ਜਦੋਂ ਇਸ ਨੇ ਭਾਜਪਾ ਨਾਲ ਭਿਆਲੀ ਪਾਈ ਤਾਂ ਵੱਖਵਾਦੀਆਂ ਤੇ ਕਸ਼ਮੀਰਪ੍ਰਸਤਾਂ ਨੇ ਬੁਰਾ ਮਨਾਇਆ। ਦੂਜੇ ਪਾਸੇ ਜੰਮੂ ਖ਼ਿੱਤੇ ਵਿੱਚ ਭਾਜਪਾ ਦੇ ਫ਼ੈਸਲੇ ਤੋਂ ਨਾਖੁਸ਼ੀ ਸੀ ਕਿਉਂਕਿ ਹਿੰਦੂ ਵੋਟਰ, ਵੱਖਵਾਦੀਆਂ ਦੀ 'ਹਮਾਇਤੀ' ਮੰਨੀ ਜਾਣ ਵਾਲੀ ਰਾਜਸੀ ਧਿਰ ਨਾਲ ਰਿਸ਼ਤੇ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ। ਇਸ ਤਰ੍ਹਾਂ ਪੀਡੀਪੀ ਤੇ ਭਾਜਪਾ- ਦੋਵਾਂ ਨੂੰ ਪਤਾ ਸੀ ਕਿ ਮਿਲ ਕੇ ਸਰਕਾਰ ਬਣਾਉਣ ਦੀ ਸੂਰਤ ਵਿੱਚ ਉਨ੍ਹਾਂ ਦੀ ਹਮਾਇਤ ਖੁਰਨੀ ਹੀ ਸੀ, ਵਧਣੀ ਨਹੀਂ। ਇਸ ਖ਼ਤਰੇ ਦੇ ਬਾਵਜੂਦ ਦੋਵਾਂ ਨੇ ਗਵਰਨਰੀ ਰਾਜ ਵਾਲਾ ਯੁੱਗ ਲੰਮੇਰਾ ਕਰਨ ਦੀ ਥਾਂ 'ਵਡੇਰੇ ਰਾਸ਼ਟਰੀ ਹਿੱਤਾਂ' ਦੇ ਨਾਂ 'ਤੇ ਸੱਤਾ 'ਚ ਭਾਈਵਾਲ ਬਣਨ ਦਾ ਫ਼ੈਸਲਾ ਲਿਆ। ਸਿਆਸਤ ਵਿੱਚ ਆਪਾ-ਵਿਰੋਧ ਇੱਕ ਸੀਮਤ ਸਮੇਂ ਲਈ ਤਾਂ ਢਕੇ ਜਾ ਸਕਦੇ ਹਨ, ਬਹੁਤ ਲੰਮੇ ਸਮੇਂ ਲਈ ਨਹੀਂ। ਸਾਂਝ ਨੂੰ ਲੰਮੇਰਾ ਬਣਾਉਣ ਲਈ ਵੱਡੇ ਜਿਗਰੇ ਦੀ ਲੋੜ ਪੈਂਦੀ ਹੈ। ਇਹ ਦੋਵਾਂ ਭਾਈਵਾਲਾਂ ਕੋਲ ਨਹੀਂ ਸੀ। ਸਮਾਂ ਪੈਣ ਦੇ ਨਾਲ ਨਾਲ ਦੋਵਾਂ ਧਿਰਾਂ ਨੂੰ ਆਪੋ ਆਪਣਾ ਨਫ਼ਾ-ਨੁਕਸਾਨ ਸਤਾਉਣ ਲੱਗਾ, ਇਸ ਤੋਂ ਮੱਤਭੇਦ ਵਧਣੇ ਵੀ ਸੁਭਾਵਿਕ ਸਨ। ਹੁਣ ਲੋਕ ਸਭਾ ਚੋਣਾਂ ਨੇੜੇ ਹੋਣ ਕਾਰਨ ਦੋਵਾਂ ਨੇ ਆਪੋ ਆਪਣੇ ਹਿੱਤਾਂ ਨੂੰ ਤਰਜੀਹ ਦੇਣ ਦਾ ਰਾਹ ਅਪਣਾਉਣਾ ਵਾਜਬ ਸਮਝਿਆ। ਇਹੀ ਕਾਰਨ ਹੈ ਕਿ ਰਮਜ਼ਾਨ ਮਹੀਨੇ ਦੌਰਾਨ ਕੇਂਦਰ ਸਰਕਾਰ ਵੱਲੋਂ ਐਲਾਨੀ ਗਈ ਗੋਲੀਬੰਦੀ ਦੀ ਮਿਆਦ ਮੁੱਕਦਿਆਂ ਹੀ ਇਸ ਨੂੰ ਵਧਾਉਣ ਦੀ ਪੀਡੀਪੀ ਦੀ ਮੰਗ ਕੇਂਦਰ ਸਰਕਾਰ ਨੇ ਖਾਰਿਜ ਕਰ ਦਿੱਤੀ। 87 ਮੈਂਬਰੀ ਵਿਧਾਨ ਸਭਾ ਵਿੱਚ ਪੀਡੀਪੀ ਦੇ 28 ਤੇ ਭਾਜਪਾ ਦੇ 25 ਮੈਂਬਰ ਹਨ। ਨੈਸ਼ਨਲ ਕਾਨਫਰੰਸ ਤੇ ਕਾਂਗਰਸ ਦੇ ਸਹਿਯੋਗ ਬਿਨਾਂ ਸਰਕਾਰ ਬਣਨੀ ਅਸੰਭਵ ਹੈ। ਜਦੋਂ ਤਕ ਸਰਕਾਰ ਨਹੀਂ ਬਣਦੀ, ਗਵਰਨਰੀ ਰਾਜ ਲਾਗੂ ਰਹਿਣਾ ਸੁਭਾਵਿਕ ਹੈ। ਭਾਜਪਾ ਦੇ ਫ਼ੈਸਲੇ ਦਾ ਭਾਵੇਂ ਜੰਮੂ ਕਸ਼ਮੀਰ ਵਿੱਚ ਸੁਰੱਖਿਆ ਜਾਂ ਪ੍ਰਸ਼ਾਸਨਿਕ ਪੱਖੋਂ ਜ਼ਮੀਨੀ ਪੱਧਰ 'ਤੇ ਬਹੁਤਾ ਅਸਰ ਨਾ ਹੋਵੇ, ਫਿਰ ਵੀ ਲੋਕਾਂ ਵੱਲੋਂ ਚੁਣੀ ਸਰਕਾਰ ਦੀ ਅਣਹੋਂਦ ਮਨੋਵਿਗਿਆਨਕ ਪ੍ਰਭਾਵ ਜ਼ਰੂਰ ਪਾਏਗੀ।

## ਝੋਨੇ ਦੀ ਬਿਜਾਈ ਦੌਰਾਨ ਮਿਲੇਗੀ ਨਿਯਮਿਤ ਬਿਜਲੀ ਸਪਲਾਈ

ਚੰਡੀਗੜ੍ਹ- ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਹੈ ਕਿ ਝੋਨੇ ਦੀ ਬਿ-ਜਾਈ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਨਿਯਮਿਤ ਤੌਰ 'ਤੇ ਬਿਜਲੀ ਦੀ ਸਪਲਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਕਿਸਾਨਾਂ ਦੀਆਂ ਰੋਜ਼ਾਨਾ ਜ਼ਰੂਰਤਾਂ ਅਤੇ ਅੱਠ ਘੰਟੇ ਨਿਰਵਿਘਨ ਊਰਜਾ ਸਪਲਾਈ ਯਕੀਨੀ ਬਣਾਉਣ ਲਈ ਤਿਆਰ ਹੈ। ਅੱਜ ਤੋਂ ਸੂਬੇ ਵਿੱਚ ਸ਼ੁਰੂ ਹੋਣ ਵਾਲੀ ਝੋਨੇ ਦੀ ਬਿਜਾਈ ਸਬੰਧੀ ਬਿਜਲੀ ਸਪਲਾਈ ਨੂੰ ਨਿਰਵਿਘਨ ਬਣਾਉਣ ਲਈ ਪਾਵਰਕੌਮ ਅਧਿਕਾਰੀਆਂ ਨਾਲ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਦੌਰਾਨ ਸ੍ਰੀ ਕਾਂਗੜ ਨੇ ਇਹ ਵਿਚਾਰ ਰੱਖੇ। ਪਹਿਲਾਂ ਉਨ੍ਹਾਂ ਪੀਐਸਈਬੀ ਇੰਜੀਨੀਅਰ ਐਸੋਸੀਏਸ਼ਨ, ਪੀਐਸਈਬੀ ਐਂਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਪ੍ਰਤੀਨਿਧੀਆਂ ਦੀਆਂ ਮੰਗਾਂ ਸੁਣੀਆਂ। ਸ੍ਰੀ ਕਾਂਗੜ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਊਰਜਾ ਲੋਡ ਬਾਕੀ ਸਮੇਂ ਨਾਲੋਂ ਕਾਫ਼ੀ ਜ਼ਿਆਦਾ ਹੁੰਦਾ ਹੈ। ਝੋਨੇ ਦੇ ਬਿਜਾਈ ਸੀਜ਼ਨ ਲਈ ਊਰਜਾ ਮੰਗ ਦੇ ਵੇਰਵੇ ਦਿੰਦਿਆਂ ਸ੍ਰੀ ਕਾਂਗੜ ਨੇ ਕਿਹਾ ਕਿ ਇਸ ਸਾਲ ਊਰਜਾ ਦੀ ਮੰਗ ਨੂੰ ਪੂਰਾ ਕਰਨ ਲਈ ਕੇਂਦਰ ਤੋਂ 700 ਮੈਗਾਵਾਟ ਹਾਈਡਰੋ, 1510 ਮੈਗਾਵਾਟ ਥਰਮਲ ਤੇ 4567 ਮੈਗਾਵਾਟ ਦੀ ਮੰਗ ਸਮੇਤ ਤਲਵੰਡੀ ਸਾਬੋ, ਨਾਭਾ ਪਾਵਰ ਅਤੇ ਗੋਇੰਦਵਾਲ ਸਾਹਿਬ ਥਰਮਲ ਪਲਾਂਟਾਂ ਤੋਂ 3187 ਮੈਗਾਵਾਟ, ਪੇਡਾKਕੋ-ਜੈਨਰੇਸ਼ਨ/ ਬਾਇਓਮਾਸ ਤੋਂ 150 ਮੈਗਾਵਾਟ, 669 ਮੈਗਾਵਾਟ ਸੋਲਰ, 1990 ਮੈਗਾਵਾਟ ਬੈਕਿੰਗ ਵਿਵਸਥਾ ਅਤੇ ਹਿਮਾਚਲ ਤੋਂ 300 ਮੈਗਾਵਾਟ ਨਵਿਆਉਣਯੋਗ ਊਰਜਾ ਦਾ ਪ੍ਰਬੰਧ ਕੀਤਾ ਹੈ।

## Matrimonial

ਗੁਰਸਿਖ ਲੜਕਾ, ਉਮਰ 27 ਸਾਲ ਕੱਦ 5 ਫੁੱਟ 6 ਇੰਚ, ਪੰਜਾਬ ਨਾਲ ਸਬੰਧਤ, ਐਨ. ਡੀ. ਏ. ਦੀ ਸਟੱਡੀ ਕੀਤੀ ਹੋਈ ਹੈ, ਇੰਸ਼ੋਰੈਂਸ ਪ੍ਰੋਫੈਸ਼ਨਲ ਦੇ ਤੌਰ ਤੇ ਕੰਮ ਕਰ ਰਿਹਾ ਹੈ, ਲਈ ਯੂ. ਐਸ. ਏ. ਵਿਚ ਪੜ੍ਹੀ-ਲਿਖੀ, ਚੰਗੇ ਖਾਨਦਾਨ ਦੀ ਲੜਕੀ ਦੀ ਲੋੜ ਹੈ। ਫੋਨ ਕਰੋ:
98140-49988, 99140-45988 ਜਾਂ ਸੰਪਰਕ ਕਰੋ hshhora@gmail.com

------------------------------

Punjabi (Ramdasia Sikh) Clean shave boy age 27 yrs. 5 "7" In San Jose, California. BA degree in Accounting. Working in a corporate office as a Sr. Accountant We are looking for a girl in a Sikh family.
Caste: No Bar Contact: 408.528.4489
Email: tsumman@yahoo.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com






# ਕਿਉ ਹੁੰਦੀ ਹੈ ਪਿੱਠ ਦੀ ਦਰਦ?



ਮੈਡੀਕਲ, ਇਸਤਰੀ-ਰੋਗਾ* ਤੇ ਹੱਡੀਆਂ ਦੇ ਰੋਗਾਂ (ਆਰਥੋ) ਦੇ ਓਪੀਡੀ ਵਿਚ ਲੱਕ ਦੀ ਪੀੜ ਦੀ ਸ਼ਿਕਾਇਤ ਵਾਲੇ ਰੋਗੀ ਆਮ ਹੀ ਹੁੰਦੇ ਹਨ। ਪੱਠਿਆਂ, ਰੀੜ੍ਹ ਦੀ ਹੱਡੀ ਦੇ ਜੋੜਾਂ, ਸੁਖਮਣਾ ਨਾੜੀ ਦੀਆਂ ਸ਼ਾਖ਼ਾਵਾਂ ਤੇ ਇਨ੍ਹਾਂ ਦੇ ਨਾਲ ਪਏ ਅੰਗਾਂ ਜਾਂ ਤੰਤੂਆਂ ਅਤੇ ਹੱਡੀਆਂ ਤੋਂ ਉਤਪੰਨ ਹੁੰਦੀ ਹੈ ਪਿੱਠ ਦੀ ਦਰਦ। ਹੋ ਸਕਦਾ ਹੈ, ਐਸੀ ਪੀੜ ਇਕ ਦਮ ਸ਼ੁਰੂ ਹੋਈ ਹੋਵੇ (ਐਕਿਊਟ) ਤੇ ਇਕ ਦੋ ਦਿਨਾਂ ਤੋਂ ਹੀ ਹੋਵੇ; ਜਾਂ ਫਿਰ ਕਈ ਦਿਨਾਂ ਜਾਂ ਮਹੀਨਿਆਂ ਤੋਂ (ਕਰੋਨਿਕ) ਤੇ ਰੁਕ ਰੁਕ ਕੇ ਹੁੰਦੀ ਹੋਵੇ। ਰੀੜ੍ਹ ਦੀ ਹੱਡੀ (ਸਪਾਈਨ) ਬੜਾ ਹੀ ਗੁੰਝਲਦਾਰ ਅੰਗ ਹੈ। ਇਹਦੇ ਅੰਦਰ ਸੁਖਮਣਾਂ ਨਾੜੀ, ਮਣਕਣਿਆਂ ਦੇ ਜੋੜ, ਪੱਠੇ, ਟੈਂਡਨ, ਲਿਗਾਮੈਂਟਸ ਤੇ ਮਣਕਣਿਆਂ (ਵਰਟਿਬਰਾ) ਦੇ ਵਿੱਚੋਂ ਦੀ ਸੁਖਮਣਾਂ ਨਾੜੀ ਅਤੇ ਇਸ ਦੀਆਂ ਸ਼ਾਖ਼ਾਵਾਂ, ਬਾਹਵਾਂ ਤੇ ਲੱਤਾਂ ਵੱਲ ਜਾਂਦੀਆਂ ਹਨ। ਸੋ ਕਈ ਵਾਰ ਪੀੜ, ਲੱਕ ਦੇ ਵਿਚਕਾਰੋਂ ਬਾਹਵਾਂ ਜਾਂ ਲੱਤਾਂ ਵੱਲ ਜਾਂਦੀ ਹੈ (ਰੇਡੀਏਟਿੰਗ)। ਇਹਦੇ ਨਾਲ ਹੱਥਾਂ-ਪੈਰਾਂ ਦੀਆਂ ਉਂਗਲੀਆਂ ਸੁੰਨ ਹੋਣ ਦੀ ਜਾਂ 'ਕੀੜੀਆਂ ਤੁਰਨ' ਦੀ ਸ਼ਿਕਾਇਤ ਵੀ ਹੋ ਸਕਦੀ ਹੈ।



ਡਾ. ਮਨਜੀਤ ਸਿੰਘ ਬੱਲ
83508-00237

ਪਿੱਠ ਦਰਦ ਉਪਰ ਧੌਣ ਜਾਂ ਸੀਨੇ ਦੇ ਪਿਛਲੇ ਪਾਸੇ ਜਾਂ ਮੌਰਾਂ ਵਿਚ, ਹੇਠਲੇ ਭਾਗ ਜਾਂ ਲੱਕ ਵਿਚ ਤੇ ਰੀੜ੍ਹ ਦੀ ਹੱਡੀ ਦੇ ਆਖ਼ਰ ਵਿਚ ਕਿਸੇ ਜਗ੍ਹਾ 'ਤੇ ਵੀ ਹੋ ਸਕਦੀ ਹੈ। ਕਈ ਅਧਿਐਨ ਦਰਸਾਉਂਦੇ ਹਨ ਕਿ 95 ਫ਼ੀਸਦ ਕੇਸਾਂ ਵਿਚ ਕੋਈ ਖ਼ਾਸ ਮੈਡੀਕਲ ਕਾਰਨ ਨਹੀਂ ਮਿਲਦਾ। ਹੋ ਸਕਦਾ ਹੈ ਇਹ ਮੰਜੇ ਜਾਂ ਗੱਦਿਆਂ ਕਰ ਕੇ ਹੋਵੇ। ਕੁਝ ਹੋਰ ਖੋਜੀਆਂ ਅਨੁਸਾਰ, ਕੰਮ ਕਰਨ ਵਾਲੀ ਜਗ੍ਹਾ (ਦਫ਼ਤਰ) ਦੇ ਤਣਾਅ ਅਤੇ ਪਰਿਵਾਰਿਕ ਰਿਸ਼ਤਿਆਂ ਦੀਆਂ ਸਮੱਸਿਆਵਾਂ ਇਸ ਤਰ੍ਹਾਂ ਦੀ ਪਿੱਠ ਦਰਦ ਦਾ ਕਾਰਨ ਹੁੰਦੀਆਂ ਹਨ ਪਰ ਕੁਝ ਫ਼ੀਸਦ ਕੇਸਾਂ ਵਿਚ ਕਿਸੇ ਗੰਭੀਰ ਰੋਗ ਕਰ ਕੇ ਐਸੀ ਦਰਦ ਹੋ ਸਕਦੀ ਹੈ ਜਿਵੇਂ:

1. ਲੱਕ ਦੀ ਅਸਹਿਣਯੋਗ ਪੀੜ ਜੋ ਨੀਂਦ ਨਾ ਆਉਣ ਦੇਵੇ, ਨਾਲ ਬੁਖ਼ਾਰ ਹੋਵੇ, ਕਿਸੇ ਸੱਟ (ਐਕਸੀਡੈਂਟ ਜਾਂ ਡਿੱਗਣ ਕਰ ਕੇ) ਤੋਂ ਬਾਅਦ ਪੱਠਿਆਂ, ਜਾਂ ਲਿਗਾਮੈਂਟਸ ਦੇ ਨੁਕਸਾਨੇ ਜਾਣ ਕਰ ਕੇ ਜਾਂ ਹੱਡੀ ਦੇ ਫਰੈਕਚਰ ਕਰ ਕੇ ਹੁੰਦੀ ਹੈ। ਗੁਰਦੇ ਜਾਂ ਯੂਰੇਟਰ ਦੀ ਪਥਰੀ ਦੀ ਅਸਹਿਣਯੋਗ ਪੀੜ ਪੇਟ ਦੇ ਨਾਲ ਨਾਲ ਲੱਕ ਵਿਚ ਹੀ ਹੁੰਦੀ ਹੈ।
2. ਹੱਡੀਆਂ ਪੋਲੀਆਂ ਹੋਣ ਵਾਲੀ ਬਿਮਾਰੀ (ਓਸਟੀਓਪੋਰੋਸਿਸ) ਜਾਂ ਹੱਡੀਆਂ ਦੇ ਕੈਂਸਰ (ਮਾਇਲੋਮਾ) ਦੇ ਮਰੀਜ਼ਾਂ ਨੂੰ ਲੱਕ ਦਰਦ ਹੋਣਾ ਗੰਭੀਰ ਚਿਤਾਵਨੀ ਹੁੰਦੀ ਹੈ ਜਿਸ ਵੱਲ ਫੌਰੀ ਤੌਰ 'ਤੇ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ।
3. ਜੇ ਪਹਿਲਾਂ ਤੋਂ ਅੰਤੜੀ ਜਾਂ ਮਸਾਨੇ ਦੀ ਸਮੱਸਿਆ ਹੋਵੇ ਤੇ ਕੁਝ ਸਮੇਂ ਤੋਂ ਲੱਤਾਂ ਦੀ ਕਮਜ਼ੋਰੀ ਵਧ ਰਹੀ ਹੋਵੇ ਤਾਂ ਹੋ ਸਕਦਾ ਹੈ ਇਨ੍ਹਾਂ ਅੰਗਾਂ ਦਾ ਕੈਂਸਰ, ਰੀੜ੍ਹ ਦੀਆਂ ਹੱਡੀਆਂ ਵਿੱਚ ਫੈਲ ਗਿਆ ਹੋਵੇ।
4. ਜਿਨ੍ਹਾਂ ਨੂੰ ਕੈਂਸਰ ਦਾ ਰੋਗ (ਖ਼ਾਸ ਕਰ ਕੇ ਗਦੂਦਾ, ਫੇਫੜਿਆਂ, ਥਾਇਰਾਇਡ, ਛਾਤੀ) ਹੋਵੇ, ਉਨ੍ਹਾਂ ਵਿਚ ਲੱਕ ਦੀ ਪੀੜ ਹੋਣਾ ਵੀ, ਰੀੜ੍ਹ ਦੀ ਹੱਡੀ ਵਿੱਚ ਫੈਲਣ ਦਾ ਸੰਕੇਤ ਹੋ ਸਕਦਾ ਹੈ।

ਲੱਕ ਪੀੜ ਦੇ ਵਧੇਰੇ ਕੇਸਾਂ ਵਿਚ ਇਕ ਦਮ ਮੈਡੀਕਲ ਸਹਾਇਤਾ ਦੀ ਜ਼ਰੂਰਤ ਨਹੀਂ ਹੁੰਦੀ, ਆਮ ਕਰ ਕੇ ਇਹ ਛੋਟੀ ਮੋਟੀ ਦਵਾ, ਜਾਂ ਮਲ਼ਾਉਣ ਨਾਲ ਵੀ ਠੀਕ ਹੋ ਜਾਂਦੀ ਹੈ। ਅਗਰ ਇਹ ਪੱਠਿਆਂ ਦੀ ਖਿੱਚ, ਥਕਾਵਟ, ਤਣਾਅ ਆਦਿ ਕਰ ਕੇ ਹੋਵੇ ਤਾਂ ਕੁਝ ਦਿਨ ਆਰਾਮ, ਦਰਦ ਨਿਵਾਰਕ ਦਵਾਈਆਂ ਜਾਂ ਮਾ.ਲਸ਼ ਨਾਲ ਠੀਕ ਹੋ ਜਾਂਦੀ ਹੈ। ਜੇ ਕਿਸੇ ਲਿਗਾਮੈਂਟਸ ਜਾਂ ਟੈਂਡਨ ਦੀ ਸੋਜ ਕਰ ਕੇ ਹੋਵੇ ਤਾਂ ਇਹ ਦੋ ਹਫਤੇ ਤੋਂ ਦੋ ਮਹੀਨੇ ਦੇ ਸਮੇਂ ਤੱਕ ਚਲਦੀ ਹੈ।

**ਗਰਭ ਅਵਸਥਾ ਦੌਰਾਨ ਲੱਕ ਦਰਦ:** ਇਸ ਅਵਸਥਾ ਵਿਚ 50 ਫ਼ੀਸਦ ਬੀਬੀਆਂ ਨੂੰ ਲੱਕ ਪੀੜ ਦੀ ਸਮੱਸਿਆ ਹੁੰਦੀ ਹੈ। ਉਂਜ ਇਸ ਦਾ ਪੇਟ ਅੰਦਰ ਪਲ ਰਹੇ ਬੱਚੇ ਜਾਂ ਔਰਤ (ਜੱਚਾ) 'ਤੇ ਕੋਈ ਬੁਰਾ ਪ੍ਰਭਾਵ ਪੈਣ ਦਾ ਖ਼ਤਰਾ ਨਹੀਂ ਹੁੰਦਾ। ਵਿਕਸਤ ਹੋ ਰਹੇ ਬੱਚੇ ਕਰ ਕੇ ਬੱਚੇਦਾਨੀ ਦੇ ਵਧ ਰਹੇ ਸਾਈਜ਼ ਨਾਲ ਗੁਰੂਤਾ ਕੇਂਦਰ ਆਪਣੀ ਜਗ੍ਹਾ ਤੋਂ ਸ਼ਿਫਟ ਹੋ ਜਾਂਦਾ ਹੈ, ਪੇਟ ਦੇ ਪੱਠੇ ਖਿੱਚੇ ਜਾਂਦੇ ਹਨ ਤੇ ਕੁਝ ਕਮਜ਼ੋਰ ਹੋ ਜਾਂਦੇ ਹਨ। ਇਨ੍ਹਾਂ ਤਬਦੀਲੀਆਂ ਨਾਲ, ਖੜ੍ਹੇ ਹੋਣ ਤੇ ਤੁਰਨ ਵੇਲੇ, ਆਸਣ (ਪੋਸਚਰ) ਬਦਲ ਜਾਂਦਾ ਹੈ ਜਿਸ ਨਾਲ ਪਿੱਠ 'ਤੇ ਬੋਝ ਪੈਂਦਾ ਹੈ ਤੇ ਦਰਦ ਰਹਿੰਦੀ ਹੈ। ਕਈ ਕੇਸਾਂ ਵਿਚ ਕੋਈ 'ਨਰਵ' ਦਬਣ (ਪ੍ਰੈਸ ਹੋਣ) ਕਰ ਕੇ ਵੀ ਪਿੱਠ ਦਰਦ ਹੋ ਸਕਦੀ ਹੈ। ਵਧ ਰਹੇ ਭਾਰ ਦਾ ਪੱਠਿਆਂ ਅਤੇ ਜੋੜਾਂ 'ਤੇ ਵਾਧੂ ਬੋਝ ਪੈਣਾ ਵੀ ਪਿੱਠ ਦਰਦ ਦਾ ਕਾਰਨ ਬਣਦਾ ਹੈ, ਖ਼ਾਸ ਕਰ ਕੇ ਸ਼ਾਮ ਵੇਲੇ। ਹਾਰਮੋਨਜ਼ ਦੀਆਂ ਤਬਦੀਲੀਆਂ ਵੀ ਲਗਾਤਾਰ ਹੋ ਰਹੀਆਂ ਹੁੰਦੀਆਂ ਹਨ। ਸਹੀ ਤਰੀਕੇ ਨਾਲ ਖੜ੍ਹੇ ਹੋਣ, ਬੈਠਣ, ਲੇਟਣ, ਭਾਰੀ ਚੀਜ਼ ਚੁੱਕਣ ਤੇ ਵਰਜ਼ਿਸ਼ ਕਰਨ ਨਾਲ ਇਸ ਤਰ੍ਹਾਂ ਦੀ ਪੀੜ ਤੋਂ ਬਚਿਆ ਜਾ ਸਕਦਾ ਹੈ। ਕਸਰਤ ਦੇ ਤਰੀਕੇ (ਏਰੋਬਿਕਸ) ਰੋਜ਼ ਦੀਆਂ ਤਣਾਅ ਰਹਿਤ ਗਤੀਵਿਧੀਆਂ ਤੇ ਸਰੀਰ ਦਾ ਸੰਤੁਲਿਤ ਭਾਰ, ਪਿੱਠ ਦਰਦ ਤੋਂ ਬਚਾਅ ਕਰਦੇ ਹਨ। ਸਰੀਰ ਦੇ ਤੰਤੂਆਂ ਦੀ ਕਿਸੇ ਵੀ ਤਰ੍ਹਾਂ ਦੀ ਟੁੱਟ-ਭੱਜ ਦੀ ਮੁਰੰਮਤ ਵਿਚ ਸਿਗਰਿਟਨੋਸ਼ੀ ਵਿਘਨ ਪਾਉਂਦੀ ਹੈ, ਸੋ ਇਸ ਨੂੰ ਬਿਲਕੁਲ ਬੰਦ ਕਰ ਦੇਣਾ ਸਹੀ ਕਦਮ ਹੈ।

ਜੇ ਲੱਕ ਦੀ ਪੀੜ ਨੂੰ ਕੰਟਰੋਲ ਨਾ ਕਰ ਸਕੋ, ਇਹ ਲੰਮਾ ਸਮਾਂ ਚੱਲੇ ਤਾਂ ਇਸ ਤੋਂ ਕਈ ਤਰ੍ਹਾਂ ਦੀਆਂ ਉਲਝਣਾਂ ਪੈਦਾ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਹੱਲ ਕਰਨਾ ਔਖਾ ਤੇ ਕਈ ਗੁਣਾ ਮਹਿੰਗਾ ਹੋ ਸਕਦਾ ਹੈ।

ਹੋਰ ਬਿਮਾਰੀਆਂ ਜੋ ਲੱਕ ਦਰਦ ਪੈਦਾ ਕਰਦੀਆਂ ਹਨ:
- ਪਿੱਤੇ ਜਾਂ ਮਿਹਦੇ ਦੀ ਤਕਲੀਫ਼
- ਅਪੈਂਡਿਸਾਇਟਿਸ
- ਨਿਮੋਨੀਆ
- ਗੁਰਦੇ ਦੀ ਇਨਫੈਕਸ਼ਨ
- ਔਰਤਾਂ ਵਿਚ ਜਨਣ-ਅੰਗਾਂ ਦੀ ਲਾਗ (ਇਨਫੈਕਸ਼ਨ)
- ਬੱਚੇਦਾਨੀ ਦੇ ਮੂੰਹ (ਸਰਵਿਕਸ) ਦੇ ਕੈਂਸਰ ਦੀ 'ਰੈਫਰਡ ਪੇਨ' ਲੱਕ ਵਿਚ ਹੋ ਸਕਦੀ ਹੈ
- ਓਸਟੀਓਪੋਰੋਸਿਸ
- ਹੱਡੀਆਂ ਦੀ ਇਨਫੈਕਸ਼ਨ (ਓਸਟੀਓ-ਮਾਇਲਾਇਟਸ)
- ਰੀੜ੍ਹ ਦੀ ਹੱਡੀ ਦੇ ਛੇਕ ਤੰਗ ਹੋ ਜਾਣ ਕਰ ਕੇ ਸੁਖਮਣਾਂ ਨਾੜੀ ਦੀਆਂ ਸ਼ਾਖ਼ਾਵਾਂ ਦੱਬੀਆਂ ਜਾਣ ਨਾਲ ਵੀ ਲੱਕ ਦਰਦ ਹੁੰਦੀ ਹੈ।

ਇਸ ਦੁੱਖ ਦਾ ਨਿਵਾਰਣ ਕਿਵੇਂ ਕਰੀਏ?

ਨਿਵਾਰਣ ਦੇ ਟੀਚੇ

1. ਜਿੰਨੀ ਜਲਦ ਹੋ ਸਕੇ ਤੇ ਜਿੰਨੀ ਜ਼ਿਆਦਾ ਪੀੜਾ ਘਟਾਉਣਾ
2. ਰੋਜ਼-ਮੱਰਾ ਦੀਆ ਗਤੀਵਿਧੀਆਂ ਨੂੰ ਮੁੜ ਲੀਹ 'ਤੇ ਲਿਆਉਣਾ। ਮੁਕੰਮਲ ਦਰਦ ਠੀਕ ਨਾ ਹੋਈ ਹੋਵੇ ਤਾਂ ਰੋਗੀ ਨੂੰ ਰਹਿੰਦੀ ਦਰਦ ਨਾਲ ਥੋੜ੍ਹਾ ਥੋੜ੍ਹਾ ਤੁਰਨ-ਫਿਰਨ, ਕੰਮ-ਕਾਰ ਕਰਨ ਲਈ ਤਿਆਰ ਕਰਨਾ
3. ਜੋ ਵੀ ਦਵਾ ਦਿੱਤੀ ਗਈ (ਜਾ ਰਹੀ) ਹੈ, ਉਸ ਦੇ ਬੁਰੇ ਅਸਰਾਂ ਦਾ ਅੰਦਾਜ਼ਾ ਰੱਖਣਾ ਕਿਉਂਕਿ ਵੱਖ ਵੱਖ ਰੋਗੀਆਂ ਵਿਚ ਲੱਕ ਦਰਦ ਦੇ ਵੱਖ ਵੱਖ ਕਾਰਨ ਹਨ, ਇਸ ਲਈ ਸਾਰਿਆਂ ਵਾਸਤੇ ਇਲਾਜ ਦਾ ਇੱਕੋ ਤਰੀਕਾ ਨਹੀਂ ਹੋ ਸਕਦਾ।

ਕਈਆਂ ਦਾ ਦੁੱਖ ਨਿਵਾਰਣ ਸੇਕ ਦੇਣ ਨਾਲ ਹੀ ਹੋ ਸਕਦਾ ਹੈ ਜਿਨ੍ਹਾਂ ਦੇ ਪੱਠੇ ਖਿੱਚੇ ਹੋਣ। ਕਈਆਂ ਵਾਸਤੇ ਗਰਮ ਪਾਣੀ ਦੀ ਟਕੋਰ (ਹੌਟ ਸ਼ਾਵਰ ਜਾਂ ਗਰਮ ਪਾਣੀ ਦੇ ਟੱਬ ਵਿਚ ਇਸ਼ਨਾਨ) ਲਾਹੇਵੰਦ ਰਹਿੰਦਾ ਹੈ। ਇਸ ਦੇ ਉਲਟ ਦੂਸਰਿਆਂ ਨੂੰ ਠੰਢੇ ਇਲਾਜ, ਅਰਥਾਤ ਬਰਫ਼ (ਆਇਸ ਪੈਕ ਐਪਲੀਕੇਸ਼ਨ) ਨਾਲ ਆਰਾਮ ਮਿਲਦਾ ਹੈ। ਮੁਆਇਨੇ ਤੇ ਮੁਕੰਮਲ ਜਾਂਚ ਉਪਰੰਤ, ਦਰਦ ਦੀਆਂ ਗੋਲੀਆਂ ਨਸੈਡ, ਐਸਟਾਮਾਇਨੋਫੈਨ ਆਦਿ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਮਾ.ਲਸ਼ ਵਾਲੇ ਜੋ ਸੜਕਾਂ ਦੇ ਕਿਨਾਰੇ ਹੀ ਆਪਣਾ ਅੱਡੇ ਬਣਾ ਕੇ ਬੈਠੇ ਹੁੰਦੇ ਹਨ, ਦੀ ਮਾ.ਲਸ਼ ਨਾਲ ਭਾਵੇਂ ਕੁਝ ਦਿਨਾਂ ਲਈ ਆਰਾਮ ਮਹਿਸੂਸ ਹੋਵੇ ਪਰ ਕਈ ਵਾਰ ਨੁਕਸਾਨ ਹੋ ਸਕਦਾ ਹੈ। ਕੁਆਲੀਫਾਇਡ ਫਿਜ਼ਿਓ-ਥੈਰੇਪਿਸਟ ਕੋਲੋਂ ਵਿਗਿਆਨਕ ਢੰਗ ਨਾਲ ਮਾ.ਲਸ਼ ਕਰਾਉਣਾ ਸਹੀ ਤਰੀਕਾ ਹੈ। ਕਈ ਕੇਸਾਂ ਵਿਚ ਐਕਿਊਪ੍ਰੈਸ਼ਰ ਵੀ ਕਾਰਗਰ ਸਾਬਤ ਹੁੰਦਾ ਹੈ। ਦਰਦ ਦੇ ਕਾਰਨ ਮੁਤਾਬਿਕ ਬੈਠਣ, ਲੇਟਣ, ਸੌਣ ਦੇ ਸਹੀ ਆਸਣ ਅਪਨਾਉਣੇ ਚਾਹੀਦੇ ਹਨ। ਪਿੱਠ ਦਰਦ ਦੇ ਸਿਰਫ ਇੱਕ ਤੋਂ ਸੱਤ ਫ਼ੀਸਦ ਕੇਸਾਂ ਵਿਚ ਹੀ ਸਰਜਰੀ (ਡਿਸਕ, ਮਣਕਣੇ ਦੀ ਹੱਡੀ ਟੁੱਟੀ ਹੋਣ ਕਰ ਕੇ ਆਦਿ) ਦੀ ਲੋੜ ਪੈਂਦੀ ਹੈ।

# ਹਰ ਸਮੱਸਿਆ ਨੂੰ ਦੂਰ ਕਰਦਾ ਹੈ ਕੱਚਾ ਪਿਆਜ਼

ਕੱਚੇ ਪਿਆਜ਼ ਦੀ ਵਰਤੋਂ ਸਲਾਦ ਦੇ ਰੂਪ 'ਚ ਕੀਤੀ ਜਾਂਦੀ ਹੈ। ਕੱਚਾ ਪਿਆਜ਼ ਸਿਹਤ ਲਈ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਇਸ 'ਚ ਸਲਫਰ, ਅਮੀਨੋ ਐਸਿਡ ਅਤੇ ਵਿਟਾਮਿਨਸ ਭਰਪੂਰ ਮਾਤਰਾ 'ਚ ਮੌਜੂਦ ਹੁੰਦੇ ਹਨ। ਜੋ ਕਿ



ਸਰੀਰ ਨੂੰ ਕਈ ਬੀਮਾਰੀਆਂ ਤੋਂ ਦੂਰ ਰੱਖਦੇ ਹਨ। ਉੱਥੇ ਹੀ ਗਰਮੀ ਦੇ ਮੌਸਮ 'ਚ ਇਨ੍ਹਾਂ ਦੀ ਵਰਤੋਂ ਜ਼ਿਆਦਾ ਫਾਇਦੇਮੰਦ ਹੁੰਦੀ ਹੈ। ਰੋਜ਼ਾਨਾ ਇਕ ਕੱਚਾ ਪਿਆਜ਼ ਖਾਣ ਨਾਲ ਕਈ ਬੀਮਾਰੀਆਂ ਜੜ੍ਹ ਤੋਂ ਖਤਮ ਹੋ ਜਾਂਦੀਆਂ ਹਨ।

**ਕੈਂਸਰ ਤੋਂ ਬਚਾਅ**

ਕੈਂਸਰ ਵਰਗੀਆਂ ਖਤਰਨਾਕ ਬੀਮਾਰੀਆਂ ਤੋਂ ਬਚਣ ਲਈ ਰੋਜ਼ਾਨਾ ਕੱਚੇ ਪਿਆਜ਼ ਦੀ ਵਰਤੋਂ ਕਰੋ। ਇਸ 'ਚ ਮੌਜੂਦ ਸਲਫਰ ਸਰੀਰ 'ਚੋਂ ਕੈਂਸਰ ਸੈਲਸ ਨੂੰ ਖਤਮ ਕਰਦਾ ਹੈ।

**ਲੂ ਲੱਗਣ ਤੋਂ ਬਚਾਏ**

ਗਰਮੀ ਦੇ ਮੌਸਮ 'ਚ ਰੋਜ਼ ਕੱਚਾ ਪਿਆਜ਼ ਖਾਣ ਨਾਲ ਲੂ ਲੱਗਣ ਦਾ ਖਤਰਾ ਘੱਟ ਹੁੰਦਾ ਹੈ। ਅਜਿਹੇ 'ਚ ਸਲਾਦ ਜਾਂ ਫਿਰ ਚਟਨੀ ਦੇ ਰੂਪ 'ਚ ਇਸ ਦੀ ਵਰਤੋਂ ਕਰੋ।

**ਪੇਟ ਸੰਬੰਧੀ ਸਮੱਸਿਆਵਾਂ**

ਕੱਚਾ ਪਿਆਜ਼ ਪੇਟ ਸੰਬੰਧੀ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ 'ਚ ਮਦਦਗਾਰ ਹੈ। ਫਾਈਬਰ ਯੁਕਤ ਪਿਆਜ਼ ਖਾਣ ਨਾਲ ਕਬਜ਼ ਦੀ ਸਮੱਸਿਆ ਵੀ ਦੂਰ ਹੁੰਦੀ ਹੈ।

**ਨਕਸੀਰ ਫੁੱਟਣਾ**

ਗਰਮੀ ਦੇ ਮੌਸਮ 'ਚ ਅਕਸਰ ਇਹ ਸਮੱਸਿਆ ਹੋ ਜਾਂਦੀ ਹੈ। ਰੋਜ਼ ਇਕ ਕੱਚਾ ਪਿਆਜ਼ ਖਾਣ ਨਾਲ ਨਕਸੀਰ ਫੁੱਟਣ ਦੀ ਸਮੱਸਿਆ ਨਹੀਂ ਹੁੰਦੀ।

**ਕਿਡਨੀ ਸਟੋਨ**

ਗਲਤ ਖਾਣ-ਪੀਣ ਅਤੇ ਅਨਹੈਲਦੀ ਲਾਈਫ ਸਟਾਈਲ ਦੀ ਵਜ੍ਹਾ ਨਾਲ ਜ਼ਿਆਦਾਤਰ ਲੋਕ ਕਿਡਨੀ ਸਟੋਨ ਦੀ ਸਮੱਸਿਆ ਨਾਲ ਪ੍ਰੇਸ਼ਾਨ ਰਹਿੰਦੇ ਹਨ।

ਇਸ ਲਈ ਰੋਜ਼ 2 ਚੱਮਚ ਪਿਆਜ਼ ਦਾ ਰਸ ਪੀਓ। ਇਸ ਨਾਲ ਕਿਡਨੀ ਸਟੋਨ ਦੀ ਸਮੱਸਿਆ ਹਮੇਸ਼ਾ ਲਈ ਦੂਰ ਹੋ ਜਾਂਦੀ ਹੈ।

CENTURY 21

ਸਿਆਟਲ ਜਾਂ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਬਹੁਤ ਹੀ ਇਮਾਨਦਾਰ ਰੀਅਲ ਅਸਟੇਟ ਬਰੋਕਰ ਇੰਦਰਜੀਤ ਸਿੰਘ ਨਾਲ ਸੰਪਰਕ ਕਰੋ-



Inderjit Singh

Cell : 425 420 4055

Fax : 425 670 3500

Office: 425 775 8525

Broker Lic # 134890

Email : inderjit.singh@century21.com

MLS

19020 33rd Ave W. #300 Lynnwood WA.98036.

# ਗੈਰ-ਸਿੱਖਾਂ ਦੀ ਜ਼ੁਬਾਨੀ: ਸਿੱਖ ਧਰਮ ਬਹੁਤ ਹੀ ਨਿਵੇਕਲਾ ਤੇ ਨਵੀਨ

(ਸਫਾ 7 ਦੀ ਬਾਕੀ)

**ਮਿਸ ਪਰਲ ਐਸ. ਬੱਕ: ਨੋਬਲ ਪੁਰਸਕਾਰ ਜੇਤੂ**

ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਤੇ ਆਪਣੀ ਟਿੱਪਣੀ ਦਿੰਦੇ ਹੋਏ ਮਿਸ ਪਰਲ ਐਸ. ਬੱਕ, ਇਕ ਨੋਬਲ ਪੁਰਸਕਾਰ ਜੇਤੂ, ਨੇ ਲਿਖਿਆ ਹੈ, "ਮੈਂ ਮਹਾਨ ਧਰਮਾਂ ਦੇ ਗ੍ਰੰਥਾਂ ਦਾ ਅਧਿਐਨ ਕੀਤਾ ਹੈ, ਪ੍ਰੰਤੂ ਮੈਨੂੰ ਹੋਰ ਕਿਤੇ ਵੀ ਅਜਿਹੀ ਦਿਲ ਅਤੇ ਦਿਮਾਗ ਨੂੰ ਸ਼ਾਂਤ ਕਰਨ ਵਾਲੀ ਅਪੀਲ ਨਹੀਂ ਮਿਲਦੀ ਜਿਹੜੀ ਮੈਂ ਇਸ ਗਰੰਥ ਵਿੱਚ ਦੇਖਦੀ ਹਾਂ। ਇਸ ਵਿੱਚ ਸਬਦ ਆਪਣੀ ਲੰਬਾਈ ਦੇ ਬਾਵਜੂਦ ਸੰਖੇਪ ਹੁੰਦੇ ਹਨ ਅਤੇ ਮਨੁੱਖੀ ਦਿਮਾਗ ਦੀ ਵਿਸ਼ਾਲ ਪਹੁੰਚ ਨਾਲ ਪ੍ਰਗਟ ਹੋ ਜਾਂਦੇ ਹਨ ਜੋ ਕਿ ਪਰਮਾਤਮਾ ਦੇ ਸਭ ਤੋਂ ਉੱਤਮ ਸੱਭਿਆਚਾਰ ਦੇ ਭਿੰਨ ਸਿਧਾਂਤ ਦੀ ਮਾਨਤਾ ਪ੍ਰਾਪਤ ਕਰਨ ਅਤੇ ਅਸਲ ਵਿੱਚ ਮਨੁੱਖੀ ਸਰੀਰ ਦੀਆਂ ਵਿਹਾਰਕ ਲੋੜਾਂ ਤੇ ਜ਼ੋਰ ਦਿੰਦੇ ਹਨ। ਇਨ੍ਹਾਂ ਹਵਾਲਿਆਂ ਬਾਰੇ ਅਜੀਬ ਜਿਹੀ ਕੋਈ ਅਜੀਬੋ-ਗਰੀਬ ਚੀਜ਼ ਹੈ ਅਤੇ ਇਸਦੀ ਮੈਨੂੰ ਉਦੋਂ ਤੱਕ ਹੈਰਾਨੀ ਸੀ ਜਦੋਂ ਤੱਕ ਮੈਨੂੰ ਇਹ ਪਤਾ ਨਾ ਲਗਿਆ ਕਿ ਇਹ ਅਸਲ ਵਿੱਚ 16 ਵੀਂ ਸਦੀ ਤੱਕ ਦੇ ਰੂਪ ਵਿੱਚ ਸੰਕਲਨ ਕੀਤਾ ਮੁਕਾਬਲਤਨ ਆਧੁਨਿਕ ਫਲਸਫਾ ਹੈ ਜਦੋਂ ਖੋਜ ਕਰਤਾਵਾਂ ਵਲੋਂ ਦੁਨੀਆਂ ਦੀ ਖੋਜ ਦੀ ਸ਼ੁਰੂ-ਆਤ ਕੀਤੀ ਗਈ ਸੀ, ਜਿਸ ਉੱਤੇ ਅਸੀਂ ਸਾਰੇ ਰਹਿੰਦੇ ਹਾਂ, ਇਕ ਹਸਤੀ ਜੋ ਸਾਡੇ ਆਪਣੇ ਨਿਰਮਾਣ ਦੀਆਂ ਮਨਮਾਨੀਆਂ ਵਾਲੀਆਂ ਰੇਖਾਵਾਂ ਨਾਲ ਵੰਡੀ ਗਈ ਹੈ, ਸ਼ਾਇਦ ਏਕਤਾ ਦਾ ਇਹ ਭਾਵ ਜੋ ਮੈਂ ਇਸ ਵਿੱਚ ਦੇਖਿਆ ਹੈ, ਸ਼ਕਤੀ ਦਾ ਇਕ ਸੋਮਾ ਹੈ। ਉਹ ਕਿਸੇ ਵੀ ਧਰਮ ਦੇ ਲੋਕਾਂ ਨਾਲ ਗਲਾਂ ਕਰਦੇ ਹਨ। ਉਹ ਮਨੁੱਖੀ ਦਿਲ ਅਤੇ ਖੋਜੀ ਮਨ ਲਈ ਬੋਲਦੇ ਹਨ।"

**ਅਰਨੋਲਡ ਟੌਏਨਬੀ: ਇਤਿਹਾਸਕਾਰ**

ਅਰਨੋਲਡ ਟੌਏਨਬੀ, ਇਕ ਇਤਿਹਾਸਕਾਰ, ਜਿਸ ਨੇ ਸਭਿਆਚਾਰਾਂ ਦੀ ਤੁਲਨਾ ਕਰਨ ਵਿੱਚ ਬਹੁਤ ਕੰਮ ਕੀਤਾ, ਲਿਖਦਾ ਹੈ, "ਮਨੁੱਖ ਜਾਤੀ ਦਾ ਧਾਰਮਿਕ ਭਵਿੱਖ ਅਸਪੱਸ਼ਟ ਹੋ ਸਕਦਾ ਹੈ ਫਿਰ ਵੀ ਇਕ ਗੱਲ ਦੇਖੀ ਜਾ ਸਕਦੀ ਹੈ। ਚਲ ਰਹੇ ਧਰਮ ਪਹਿਲਾਂ ਨਾਲੋਂ ਵੱਧ ਇਕ ਦੂਜੇ ਨੂੰ ਸੰਸਾਰ ਦੇ ਸਾਰੇ ਹਿੱਸਿਆ ਵਿਚਕਾਰ ਵਧਦੇ ਸੰਚਾਰ ਦੇ ਦਿਨਾਂ ਵਿੱਚ ਅਤੇ ਮਨੁੱਖ ਜਾਤੀ ਦੀਆਂ ਜੜ੍ਹਾਂ ਪ੍ਰਭਾਵਿਤ ਕਰਨ ਤੇ ਲਗੇ ਹੋਏ ਹਨ। ਇਸ ਆਧੁਨਿਕ ਧਾਰਮਿਕ ਬਹਿਸ ਵਿੱਚ, ਸਿੱਖ ਧਾਰਮਿਕ ਬਹਿਸ, ਸਿੱਖ ਧਰਮ ਅਤੇ ਇਸਦੇ ਗ੍ਰੰਥ, ਆਦਿ ਗ੍ਰੰਥ, ਬਾਕੀ ਸੰਸਾਰ ਨੂੰ ਕਹਿਣ ਲਈ ਵਿਸ਼ੇਸ਼ ਹੋਣਗੇ।"

**ਬਰਟਰੈਂਡ ਰੱਸਲ:**
**ਪ੍ਰਸਿੱਧ ਆਜਾਦ ਚਿੰਤਕ**

ਬਰਟਰੈਂਡ ਰੱਸਲ ਇਕ ਮਹਾਨ ਦਾਰਸ਼ਨਿਕ ਅਤੇ ਮੁਕਤ ਚਿੰਤਕ ਸਨ ਅਤੇ ਕਿਹਾ ਜਾਂਦਾ ਹੈ ਕਿ ਉਸਨੇ ਈਸਾਈ ਧਰਮ ਨੂੰ (ਉਸੇ ਤਰ੍ਹਾਂ ਹੀ ਇਸਲਾਮ ਅਤੇ ਯਹੂਦੀ ਧਰਮ ਤੇ ਲਾਗੂ ਕੀਤਾ ਸੀ)। ਪਰ, ਸਿੱਖ ਧਰਮ ਬਾਰੇ ਇਸ ਮਹਾਨ ਆਦਮੀ ਨੇ ਕਿਹਾ,"ਜੇ ਕੁਝ ਭਾਗਸ਼ਾਲੀ ਪੁਰਸ਼ ਐਟਮੀ ਅਤੇ ਹਾਈਡਰੋਜਨ ਬੰਬ ਦੇ ਤੀਜੇ ਵਿਸ਼ਵ ਯੁੱਧ ਦੇ ਹਮਲੇ ਤੋਂ ਬਚਦੇ ਹਨ, ਤਾਂ ਸਿੱਖ ਧਰਮ ਉਨ੍ਹਾਂ ਨੂੰ ਅਗਵਾਈ ਦੇਣ ਦਾ ਇੱਕੋ-ਇੱਕ ਸਾਧਨ ਹੋਵੇਗਾ।" ਜਦੋਂ ਰਸਲ ਤੋਂ ਪੁੱਛਿਆ ਗਿਆ ਕਿ ਉਹ ਤੀਜੇ ਵਿਸ਼ਵ ਯੁੱਧ ਬਾਰੇ ਗੱਲ ਕਰ ਰਿਹਾ ਸੀ, ਪਰ ਕੀ ਇਹ ਧਰਮ ਤੀਜੇ ਵਿਸ਼ਵ ਯੁੱਧ ਤੋਂ ਪਹਿਲਾਂ ਮਨੁੱਖਤਾ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ ਹੈ? ਰਸਲ ਨੇ ਕਿਹਾ,"ਹਾਂ, ਇਸ ਦੀ ਸਮਰੱਥਾ ਹੈ, ਪਰ ਸਿਖਾਂ ਨੇ, ਇਸ ਧਰਮ ਦੇ ਸ਼ਾਨਦਾਰ ਸਿਧਾਂਤ ਜੋ ਸਾਰੀ ਮਨੁੱਖਜਾਤੀ ਦੇ ਭਲੇ ਲਈ ਹੋਂਦ ਵਿੱਚ ਆ ਸਕਦੇ ਹਨ, ਉਨ੍ਹਾਂ ਨੂੰ ਦਿਨ ਦੀ ਰੋਸ਼ਨੀ ਵਿੱਚ ਨਹੀਂ ਲਿਆਂਦਾ । ਇਹ ਉਹਨਾਂ ਦਾ ਵੱਡਾ ਪਾਪ ਹੈ ਅਤੇ ਸਿੱਖ ਇਸ ਤੋਂ ਆਜ਼ਾਦ ਨਹੀਂ ਹੋ ਸਕਦੇ।"

**ਜੌਰਜ ਬੁਸ਼: ਅਮਰੀਕਾ ਦਾ ਰਾਸ਼ਟਰਪਤੀ**

"ਸਾਡੀ ਕੌਮ ਨੇ ਹਮੇਸ਼ਾਂ ਧਰਮ ਦੀ ਮਜ਼ਬੂਤ ਪਰੰਪਰਾ ਤੋਂ ਲਾਭ ਪ੍ਰਾਪਤ ਕੀਤਾ ਹੈ ਅਤੇ ਧਾਰਮਿਕ ਵਿਭਿੰਨਤਾ ਇਸ ਵਿਰਾਸਤ ਦਾ ਇਕ ਅਹਿਮ ਹਿੱਸਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਨੇ ਅਮਰੀਕਾ ਵਸਦੇ ਲੱਖਾਂ ਸਿੱਖਾਂ ਨੂੰ ਅਤੇ ਦੁਨੀਆ ਭਰ ਵਿੱਚ ਵਸਦੇ ਲੱਖਾਂ ਹੋਰਨਾਂ ਨੂੰ ਤਾਕਤ, ਬੁੱਧੀ ਅਤੇ ਅਗਵਾਈ ਪ੍ਰਦਾਨ ਕੀਤੀ ਹੈ। ਮੈਂ ਸਿੱਖ ਸਮੁਦਾਏ ਦੀ ਆਪਣੇ ਧਰਮ ਪ੍ਰਤਿ ਦ੍ਰਿੜਤਾ ਅਤੇ ਨਿਹਚਾ ਅਤੇ ਸਮਰਪਣ ਦੀ ਪ੍ਰਸੰਸਾ ਕਰਦਾ ਹਾਂ। ਤੁਸੀਂਸ਼ਾਂਤੀ, ਸਮਾਨਤਾ ਅਤੇ ਪਰਿਵਾਰ ਦੀ ਮਹੱਤਤਾ ਬਾਰੇ ਆਪਣੇ ਸੰਦੇਸ਼ ਨੂੰ ਸਾਂਝਾ ਕਰਕੇ, ਇਕ ਸਮੇਂ ਇਕ ਜਿੰਦਗੀ, ਇਕ ਦਿਲ ਅਤੇ ਇਕ ਰੂਹ ਨੂੰ ਬਦਲਣ ਵਿੱਚ ਮਦਦ ਕਰਦੇ ਹੋ।"

**ਡਾ. ਡਬਲਯੂ. ਓ. ਕੋਲ:**
**ਸਿੱਖ ਧਰਮ ਦਾ ਵਿਦਵਾਨ**

ਡਾ. ਡਬਲਯੂ. ਓ. ਕੋਲ ਨੇ ਸਿੱਖ ਧਰਮ ਤੇ ਅੱਧੀ ਦਰਜਨ ਕਿਤਾਬਾਂ ਲਿਖੀਆਂ ਹਨ। ਕਨੇਡਾ ਵਿੱਚ ਇਕ ਲੈਕਚਰ ਤੋਂ ਬਾਅਦ, ਉਸਨੂੰ ਪੁੱਛਿਆ ਗਿਆ ਕਿ ਉਸਨੂੰ ਸਿੱਖੀ ਦੇ ਅਧਿਐਨ ਵਿੱਚ ਕਿਵੇਂ ਲਿਜਾਇਆ ਗਿਆ, ਤਾਂ ਉਸਨੇ ਹੇਠ ਲਿੱਖੇ ਸਬਦ ਕਹੇ, "ਥਿਆਲੋਜੀਕਲੀ ਮੈਂ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦਾ ਕਿ, ਕਿਓਂ ਮੈਨੂੰ ਸਿੱਖ ਧਰਮ ਦੇ ਅਧਿਐਨ ਵਿੱਚ ਸ਼ਾਮਲ ਕੀਤਾ ਗਿਆ । ਤੁਸੀਂ ਇਸਨੂੰ ਪ੍ਰਮੇਸ਼ਰ ਦਾ ਸੱਧਾ ਕਹਿ ਸਕਦੇ ਹੋ, ਪਰ ਵਧੇਰੇ ਖਾਸ ਹੋਣ ਲਈ, ਸਿੱਖ ਧਰਮ ਵਿੱਚ ਸਰਵ ਵਿਆਪਕਤਾ ਦੀ ਵਿਲੱਖਣ ਧਾਰਨਾ ਅਤੇ ਲੰਗਰ (ਮੁਫ਼ਤ ਭਾਈਚਾਰਿਕ ਭੋਜਨ) ਦੀ ਪ੍ਰਣਾਲੀ ਦੋ ਵਿਸ਼ੇਸ਼ਤਾਵਾਂ ਹਨ ਜੋ ਕਿ ਮੈਨੂੰ ਸਿੱਖਧਰਮ ਦੇ ਅਧਿਐਨ ਵੱਲ ਆਕਰਸ਼ਿਤ ਕਰਦੀਆਂ ਹਨ। ਲੰਗਰ ਸਿੱਖ ਧਰਮ ਦੀ ਇਕ ਖਾਸ ਵਿਸ਼ੇਸ਼ਤਾ ਹੈ ਅਤੇ ਸੰਸਾਰ ਵਿੱਚ ਕਿਤੇ ਵੀ ਹੋਰ ਨਹੀਂ ਪਾਈ ਜਾਂਦੀ। ਸਿੱਖ ਧਰਮ ਇਕੋ ਇਕ ਧਰਮ ਹੈ ਜੋ ਜਾਤ-ਜਾਤ, ਰੰਗ ਜਾਂ ਲਿੰਗ ਦੇ ਭੇਦਭਾਵ ਤੋਂ ਬਿਨਾਂ ਹਰ ਇਕ ਨੂੰ ਆਪਣੇ ਲੰਗਰ ਨਾਲ ਜੋੜਦਾ ਹੈ।"

**ਦਲਾਈ ਲਾਮਾ: ਤਿੱਬਤੀ ਅਧਿਆਤਮਿਕ ਆਗੂ**

ਤਿੱਬਤੀ ਆਤਮਿਕ ਆਗੂ, ਦਲਾਈ ਲਾਮਾ, ਅੰਮ੍ਰਿਤਸਰ ਦੇ ਸਵਰਨ ਮੰਦਰ ਵਿੱਚ ਗੁਰੂ ਗ੍ਰੰਥ ਸਾਹਿਬ (ਸਿੱਖ ਧਰਮ ਗ੍ਰੰਥ) ਦੀ ਸਥਾਪਨਾ ਦੀ 400 ਵੀਂ ਵਰ੍ਹੇ-ਗੰਢ ਸਮਾਗਮ ਤੇ ਹਰਮੰਦਰ ਸਾਹਿਬ ਅਮ੍ਰਿਤਸਰ (ਭਾਰਤ ਵਿੱਚ ਸਿੱਖ ਤੀਰਥ) ਤੋਂ ਬਾਹਰ ਆਇਆ। ਦਲਾਈ ਲਾਮਾ ਨੇ ਬਾਹਰ ਆਉਂਦਿਆਂ ਕਿਹਾ, "ਗੁਰੂ ਗ੍ਰੰਥ ਸਾਹਿਬ ਵਿੱਚ ਸਰਵ ਵਿਆਪਕ ਭਾਈਚਾਰੇ ਦੇ ਸੰਦੇਸ਼ ਅਤੇ ਸਾਰੀ ਮਨੁੱਖਤਾ ਦੀ ਭਲਾਈ ਨੂੰ ਸ਼ਾਮਲ ਕੀਤਾ ਗਿਆ ਹੈ। ਉਸਨੇ ਇਹ ਵੀ ਕਿਹਾ, "ਹਰ ਮਨੁੱਖ ਸਫਲ ਹੋਣਾ ਚਾਹੁੰਦਾ ਹੈ ਪਰ ਇਸ ਲਈ ਮਨ ਦੀ ਸ਼ਾਂਤੀ ਬਹੁਤ ਮਹੱਤਵਪੂਰਨ ਹੈ। "ਸ਼ਾਂਤੀ ਪੈਸੇ, ਤਾਕਤ, ਮਸ਼ੀਨਾਂ ਜਾਂ ਤਕਨੀਕੀ ਵਿਕਾਸ ਨਾਲ ਨਹੀਂ ਖਰੀਦੀ ਜਾ ਸਕਦੀ। ਇਸਨੂੰ ਕੇਵਲ ਪਿਆਰ, ਦਇਆ, ਸੇਵਾ ਅਤੇ ਮਨੁੱਖੀ ਕਦਰਾਂ ਨੂੰ ਰੌਸ਼ਨ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।. ਸਾਰੇ ਧਰਮਾਂ ਵਿੱਚ ਉੱਚੇ ਮੂਲ ਦਾ ਪ੍ਰਸਾਰ ਕਰਨ ਲਈ ਵਿਸ਼ੇਸ਼ ਭੂਮਿਕਾ ਹੁੰਦੀ ਹੈ ਅਤੇ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੀਆਂ ਥਾਵਾਂ ਤੇ ਦਰਜ ਕੀਤੀ ਗਈ ਹੈ। ਮੈਂ ਸਿੱਖ ਨਹੀਂ ਹਾਂ ਪਰ ਮੈਂ ਸਾਰੇ ਧਰਮਾਂ ਦੀਆਂ ਸਾਰੀਆਂ ਪਰੰਪਰਾਵਾਂ ਅਤੇ ਕਦਰਾਂ ਕੀਮਤਾਂ ਦਾ ਸਤਿਕਾਰ ਕਰਦਾ ਹਾਂ ਜੋ ਸੰਸਾਰ ਭਰ ਵਿੱਚ ਦਇਆ, ਅਹਿੰਸਾ, ਪਿਆਰ ਅਤੇ ਸੇਵਾ ਸਿਖਾਉਂਦੀਆਂ ਹਨ। ਉਹਨਾਂ ਸਵੈ-ਵਿਚਾਰਨ ਦੀ ਅਪੀਲ ਕੀਤੀ ਕਿ ਲੋਕ ਹਰ ਧਰਮ ਵਿੱਚ ਕਿੰਨੀਆਂ ਕੁ ਸਿੱਖਿਆਵਾਂ ਨੂੰ ਮੰਨਦੇ ਹਨ। ਉਨ੍ਹਾਂ ਨੇ ਅੱਗੇ ਕਿਹਾ, "ਮਨੁੱਖਤਾ ਦਾ ਉਦੇਸ਼ ਨਾ ਕੇਵਲ ਹਰ ਖੇਤਰ ਵਿੱਚ ਸਗੋਂ ਆਤਮਿਕ ਵਿਕਾਸ ਅਤੇ ਮਾਨਸਿਕ ਸ਼ਾਂਤੀ ਵਿੱਚ ਵੀ ਹੋਣਾ ਚਾਹੀਦਾ ਹੈ।"

**ਸ਼੍ਰੀ ਰਵੀ ਸ਼ੰਕਰ: ਆਰਟ ਆਫ਼ ਲਿਵਿੰਗ ਗੁਰੂ**

'ਆਰਟ ਆਫ ਲਿਵਿੰਗ' ਦੇ ਸ਼੍ਰੀ ਰਵੀ ਸ਼ੰਕਰ ਨੇ ਕਿਹਾ, "ਸ਼੍ਰੀ ਗੁਰੂ ਗ੍ਰੰਥ ਸਾਹਿਬ ਨਾ ਕੇਵਲ ਭਾਰਤ ਦੇਸ਼ ਵਿੱਚ ਸਗੋਂ ਪੂਰੇ ਸੰਸਾਰ ਵਿੱਚ ਵੀ ਬੱਚਿਆਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ।"

**ਸਿੱਖ ਧਰਮ ਦੇ**
**ਧਾਰਮਿਕ ਦ੍ਰਿਸ਼ਟੀ \ਕੋਣ ਦਾ ਸੰਖੇਪ**

ਸਾਰੇ ਧਰਮਾਂ ਅਤੇ ਪਿਛੋਕੜਾਂ ਦੇ ਲੋਕਾਂ ਨੇ ਸਿੱਖ ਧਰਮ ਦਾ, ਜੀਵਨ ਦੇ ਰਾਹ ਵਜੋਂ ਸਵਾਗਤ ਕੀਤਾ ਹੈ ਜੋ ਮਨੁੱਖਤਾ ਦੀ ਕੁੱਲ ਬਰਾਬਰੀ ਅਤੇ ਏਕਤਾ ਦੇ ਮੁੱਲਾਂ ਨੂੰ ਵਧਾਵਾ ਦਿੰਦਾ ਹੈ ਅਤੇ ਜਿਸ ਦੀ ਅੱਜ ਦੇ ਸੰਸਾਰ ਵਿੱਚ ਲੋੜ ਵੀ ਹੈ ।

## ਖੇਤੀਬਾੜੀ ਨੀਤੀ: ਕਿਵੇਂ ਵਧੇ ਸੂਬਿਆਂ ਦੀ ਭੂਮਿਕਾ

(ਸਫਾ 10 ਦੀ ਬਾਕੀ)

ਆਮਦਨ ਵਧਾ ਸਕਦੇ ਹਨ ਪਰ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਦੀ ਨੀਤੀ ਪੰਜਾਬ ਦੇ ਕਿਸਾਨਾਂ ਨੂੰ ਅਕਸਰ ਧੋਖਾ ਦੇ ਜਾਂਦੀ ਹੈ। ਕੇਂਦਰ ਸਰਕਾਰ ਵਿਕਾਸ ਲਈ ਸੂਬਿਆਂ ਦੀ ਵਿੱਤੀ ਸਹਾਇਤਾ ਕਰਦੀ ਹੈ। ਮੌਜੂਦਾ ਕੇਂਦਰ ਸਰਕਾਰ ਨੇ ਇਸ ਸਬੰਧੀ 15ਵਾਂ ਵਿੱਤ ਕਮਿਸ਼ਨ ਬਣਾਇਆ ਹੈ, ਪਰ ਇਸ ਵਾਰ ਨੇਮ ਅਤੇ ਸ਼ਰਤਾਂ ਹੀ ਬਦਲ ਦਿੱਤੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਸਿਆਸੀ ਗਿਣਤੀਆਂ-ਮਿਣਤੀਆਂ ਨੂੰ ਦੇਖਦਿਆਂ ਆਪਣੀ ਮਨਮਾਨੀ ਕਰਨ ਦੇ ਅਧਿਕਾਰ ਵਧਾ ਲਏ ਹਨ। ਮੁਲਕ ਦੀਆਂ ਆਨਾਜ ਲੋੜਾਂ ਪੂਰੀਆਂ ਕਰਨ ਲਈ ਕੇਂਦਰ ਸਰਕਾਰ ਨੇ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹੀ ਹੋਈ ਹੈ; ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ ਅਤੇ ਵਾਤਾਵਰਨ ਵੀ ਗੰਧਲਾ ਹੋ ਰਿਹਾ ਹੈ। ਪੰਜਾਬ ਸਰਕਾਰ ਇਸ ਮਸਲੇ ਬਾਰੇ ਆਪਣੇ ਪੱਧਰ ਉੱਤੇ ਕੁਝ ਵੀ ਨਹੀਂ ਕਰ ਸਕਦੀ। ਜ਼ਮੀਨੀ ਸੁਧਾਰ ਸਿੱਧੇ ਤੌਰ ਉੱਤੇ ਸੂਬਾ ਸਰਕਾਰਾਂ ਦੇ ਅਧਿਕਾਰਾਂ ਵਿੱਚ ਆਉਂਦੇ ਹਨ। 1991 ਦੌਰਾਨ ਮੁਲਕ ਵਿੱਚ ਅਪਣਾਈਆਂ ਗਈਆਂ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਜਿੱਥੇ ਕੇਂਦਰ ਸਰਕਾਰ ਨੇ ਜ਼ਮੀਨੀ ਸੁਧਾਰਾਂ ਵੱਲ ਪਿੱਠ ਕਰਦਿਆਂ ਕਾਰਪੋਰੇਸ਼ਨਾਂ ਅਤੇ ਸਰਮਾਏਦਾਰਾਂ ਲਈ ਭੂਮੀ ਗ੍ਰਹਿਣ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ, ਉੱਥੇ ਪੰਜਾਬ ਲਈ ਤਿਆਰ ਕੀਤੀ ਖੇਤੀਬਾੜੀ ਨੀਤੀ ਵਿੱਚ ਇਸ ਦਾ ਜ਼ਿਕਰ ਤੱਕ ਵੀ ਨਹੀਂ। 'ਖੇਤੀਬਾੜੀ ਮਨੁੱਖਤਾ ਦੀ ਜੀਵਨ-ਰੇਖਾ ਹੁੰਦੀ ਹੈ' ਦੇ ਤੱਥ ਨੂੰ ਸਮਝਦਿਆਂ ਸਮੇਂ ਦੀ ਲੋੜ ਇਹ ਹੈ ਕਿ ਮੁਲਕ ਦੇ ਆਰਥਿਕ ਅਤੇ ਖੇਤੀਬਾੜੀ ਵਿਕਾਸ ਲਈ ਲੋਕ ਅਤੇ ਕੁਦਰਤ-ਪੱਖੀ ਮਾਡਲ ਯਕੀਨੀ ਬਣਾਇਆ ਜਾਵੇ। ਸੂਬਿਆਂ ਦੇ ਸਰਬਪੱਖੀ ਵਿਕਾਸ ਅਤੇ ਅਸਲ ਮਾਇਨਿਆਂ ਵਿੱਚ ਸੰਘੀ ਢਾਂਚੇ ਲਈ ਸੂਬਾ ਸਰਕਾਰਾਂ ਦਾ ਜਦੋਜਹਿਦ ਕਰਨਾ ਬਣਦਾ ਹੈ ਤਾਂ ਕਿ ਮੁਲਕ ਦੇ ਨਾਲ ਨਾਲ ਸੂਬੇ ਵੀ ਵਿਕਾਸ ਕਰਨ ਜਿਸ ਦਾ ਫਾਇਦਾ ਕਾਮਿਆਂ ਨੂੰ ਮਿਲੇ।

# ਸਿੰਗਾਪੁਰ 'ਚ ਟਰੰਪ ਤੇ ਕਿਮ ਦੇ ਅਮਨ ਤਰਾਨੇ

(ਸਫਾ 6 ਦੀ ਬਾਕੀ)

ਪਾਤਰ। ਜਿਵੇਂ ਸੀਐੱਨਐੱਨ ਦੀ ਕ੍ਰਿਸਟੀਆਨੇ ਐਮਨਪੋਰ ਨੇ ਟਰੰਪ ਬਾਰੇ ਕਿਹਾ ਹੈ ਕਿ ਉਹ ਜਾਂ ਤਾਂ ਧੱਕੜ ਹੋ ਸਕਦਾ ਹੈ ਅਤੇ ਜਾਂ ਫਿਰ ਤਾਉਮਰ ਆਪਣੇ ਕਾਰੋਬਾਰ ਦੌਰਾਨ ਸਿੱਖੇ ਕਾਰ-ਵਿਹਾਰ ਮੁਤਾਬਿਕ ਨਰਮੀ ਵੀ ਵਰਤ ਸਕਦਾ ਹੈ। ਇਹ ਸੰਭਵ ਹੈ ਕਿ ਨੌਜਵਾਨ ਕਿਮ, ਜਿਹੜਾ ਬੁਨਿਆਦੀ ਤੌਰ 'ਤੇ ਆਪਣੇ ਪੁਰਖਿਆਂ ਵਾਲੀ ਰੀਤ ਦਾ ਹੀ ਰਾਹੀ ਹੈ, ਨੇ ਇੰਨੀ ਕੁ ਤਾਕਤ ਜੁਟਾ ਲਈ ਹੋਵੇਗੀ ਕਿ ਉਹ ਰਣਨੀਤਕ ਤੌਰ 'ਤੇ ਨੁਕਰੇ ਲੱਗੇ ਆਪਣੇ ਮੁਲਕ ਨੂੰ ਇਸ ਮਾਹੌਲ ਵਿਚੋਂ ਬਾਹਰ ਕੱਢ ਲਿਆਏ। ਟਰੰਪ ਮੁਤਾਬਿਕ ਕਿਮ ਦੀ ਇੱਛਾ ਮੁਲਕ ਨੂੰ ਇੰਨਾ ਅੱਗੇ ਲਿਜਾਣ ਦੀ ਹੈ। ਅਜਿਹਾ ਇਸ ਕਰ ਕੇ ਸੰਭਵ ਹੋਇਆ ਕਿਉਂਕਿ ਉਹ (ਟਰੰਪ) ਆਪਣੇ ਕਹਿਣੀ ਉੱਤੇ ਖ਼ਰਾ ਉੱਤਰਨ ਦੇ ਸਮਰੱਥ ਹੈ। ਉਂਜ ਇਰਾਨ ਦੀ ਅਮਰੀਕੀ ਗਰੰਟੀ ਬਾਰੇ ਚਿਤਾਵਨੀ ਅਤੇ ਗੱਦਾਫੀ (ਜਿਸ ਨੇ ਭਿਆਨਕ ਤਬਾਹੀ ਵਾਲੇ ਹਥਿਆਰਾਂ ਵਾਲਾ ਪ੍ਰੋਗਰਾਮ ਆਪੇ ਹੀ ਤਿਆਗ ਦਿੱਤਾ ਸੀ) ਤੇ ਸੱਦਾਮ ਹੁਸੈਨ ਦਾ ਜੋ ਹਸ਼ਰ ਹੋਇਆ (ਦੋਵੇਂ ਗੱਦੀਓਂ ਲਾਹ ਦਿੱਤੇ ਤੇ ਮਾਰੇ ਗਏ), ਉਸ ਨਾਲ ਉੱਤਰੀ ਕੋਰੀਅਨਾਂ ਦੇ ਮਨ ਵਿਚ ਸ਼ੱਕ ਤਾਂ ਪੈਦਾ ਹੋਣਗੇ।

ਟਰੰਪ ਦੀ ਭਰੋਸੇਯੋਗਤਾ ਜੀ-7 ਮੁਲਕਾਂ ਦੇ ਸੰ-ਮੇਲਨ ਵਿਚ ਆਪਣੇ ਸਾਥੀਆਂ ਨਾਲ ਕੀਤੇ ਝਗੜੇ, ਖਾਸ ਕਰ ਕੇ ਕੈਨੇਡਾ ਨਾਲ, ਤੋਂ ਹੀ ਦੇਖੀ ਜਾ ਸਕਦੀ ਹੈ। ਇਹ ਝਗੜਾ ਸਾਂਝਾ ਐਲਾਨਨਾਮਾ ਜਾਰੀ ਕਰਨ ਲਈ ਸਹਿਮਤੀ ਹੋਣ ਦੇ ਕੁਝ ਘੰਟਿਆਂ ਵਿਚ ਹੀ ਹੋ ਗਿਆ ਸੀ।

ਸਾਂਝਾ ਸਮਝੌਤਾ ਜਾਂ ਐਲਾਨਨਾਮਾ ਮੁਲਕ ਦੇ ਅੰਦਰ ਅਤੇ ਬਾਹਰ ਹੋਰ ਅਹਿਮ ਮੁਲਕਾਂ ਦੀਆਂ ਰਾਜਧਾਨੀਆਂ ਵਿਚ ਗਹਿਰਾਈ ਨਾਲ ਪੜਚੋਲਿਆ ਜਾਵੇਗਾ। ਰਾਸ਼ਟਰਪਤੀ ਬਰਾਕ ਓਬਾਮਾ ਦੀ ਕਿਊਬਾ ਦੇ ਮਨੁੱਖੀ ਅਧਿਕਾਰ ਰਿਕਾਰਡ ਦਾ ਧਿਆਨ ਰੱਖੇ ਬਗ਼ੈਰ ਉਸ ਨਾਲ ਸਬੰਧ ਸੁਧਾਰਨ ਦੀ ਵਿਆਪਕ ਆਲੋਚਨਾ ਹੁੰਦੀ ਆਈ ਹੈ। ਇਹ ਪੈਮਾਨਾ ਇਥੇ ਵੀ ਅਪਣਾਇਆ ਜਾ ਸਕਦਾ ਹੈ, ਭਾਵੇਂ ਟਰੰਪ ਨੇ ਕਿਹਾ ਹੈ ਕਿ ਉਸ ਨੇ ਇਹ ਮੁੱਦਾ ਉਠਾਇਆ ਤਾਂ ਸੀ ਪਰ ਬਹੁਤਾ ਜ਼ੋਰ ਨਹੀਂ ਸੀ ਦਿੱਤਾ। ਉੱਤਰੀ ਕੋਰੀਆ ਪਹਿਲਾਂ ਹੀ ਆਪਣੀ ਉਹ ਪਰਮਾਣੂ ਜਗ੍ਹਾ ਨਸ਼ਟ ਕਰ ਚੁੱਕਾ ਹੈ ਜੋ ਇਸ ਵੱਲੋਂ ਪਰਮਾਣੂ ਹਥਿਆਰਾਂ ਦੀ ਅਜ਼ਮਾਇਸ਼ ਕਰ ਲੈਣ ਬਾਅਦ ਹੁਣ ਅਹਿਮੀਅਤ ਨਹੀਂ ਰੱਖਦੀ। ਇਹ ਆਪਣਾ ਮਿਜ਼ਾਈਲ ਪ੍ਰੋਗਰਾਮ ਤਿਆਗ ਸਕਦਾ ਹੈ ਜਿਹੜਾ ਅਮਰੀਕਾ ਲਈ ਸੰਭਾਵੀ ਖ਼ਤਰਾ ਹੈ।

ਟਰੰਪ ਨੇ ਇਹ ਐਲਾਨ ਵੀ ਕੀਤਾ ਹੈ ਕਿ ਉੱਤਰੀ ਕੋਰੀਆ ਆਪਣਾ ਮਿਜ਼ਾਈਲ ਪ੍ਰੋਗਰਾਮ ਤਿਆਗ ਸਕਦਾ ਹੈ ਪਰ ਦੋਵਾਂ ਆਗੂਆਂ ਵਿਚ ਹੋਈਆਂ ਸਹਿਮਤੀਆਂ ਜਪਾਨ ਦੀ ਚਿੰਤਾ ਵਧਾ ਸਕਦੀਆਂ ਹਨ ਅਤੇ ਪਰਮਾਣੂ ਮਾਮਲੇ ਵਿਚ ਸਵੈ-ਨਿਰਭਰ ਹੋਣ ਬਾਰੇ ਸੋਚ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਰਾਨ ਸੰਧੀ ਤਹਿਤ ਛੇ ਮਹੀਨੇ ਪਰਮਾਣੂ ਬਾਲਣ ਸੋਧਣ ਲਈ ਮਿਲੀ ਛੋਟ ਤਿਆਗਣ ਅਤੇ ਪਰਮਾਣੂ ਪ੍ਰੋਗਰਾਮ ਉਤੇ ਹੋਰ ਬੰਦਿਸ਼ਾਂ ਸਵੀਕਾਰਨ ਲਈ ਮਜਬੂਰ ਹੋ ਜਾਵੇ। ਟਰੰਪ ਦਾ ਵਿਚਾਰ ਹੈ ਕਿ ਬਤੌਰ ਮੁਲਕ ਇਰਾਨ ਕੋਲ ਹੁਣ ਦ੍ਰਿੜ੍ਹਤਾ ਨਹੀਂ ਹੈ ਅਤੇ "ਅਸਲ ਸਮਝੌਤੇ" ਲਈ ਇਸ ਦਾ ਸਵਾਗਤ ਕੀਤਾ ਜਾਵੇਗਾ। ਹੋ ਸਕਦਾ ਹੈ ਕਿ ਉਹ ਇਰਾਨੀ ਦੇਸ਼ ਭਗਤੀ ਨੂੰ ਘਟਾ ਕੇ ਦੇਖ ਰਹੇ ਹੋਣ।

ਟਰੰਪ ਨੇ ਸਗੋਂ ਹੰਕਾਰੀ ਲਹਿਜੇ ਵਿੱਚ ਕਿਹਾ ਹੈ ਕਿ ਜੇ ਕਿਤੇ ਉਸ ਨੇ ਦਹਾਕੇ ਪਹਿਲਾਂ ਗੱਲਬਾਤ ਚਲਾਈ ਹੁੰਦੀ ਤਾਂ ਹੋਰ ਵੀ ਸੁਖਾਲੀ ਕਾਮਯਾਬੀ ਹਾਸਲ ਕਰ ਲਈ ਹੁੰਦੀ।

ਬੀਤੇ ਸਮੇਂ ਦੌਰਾਨ ਪੱਛਮੀ ਏਸ਼ੀਆ ਵਿਚ ਅਮਨ ਸਥਾਪਤੀ ਜਾਂ ਓਬਾਮਾ ਦੀ ਪਰਮਾਣੂ-ਮੁਕਤੀ ਵਾਲੇ ਭਾਸ਼ਣ ਲਈ ਨੋਬੇਲ ਇਨਾਮ ਦਿੱਤੇ ਗਏ ਸਨ। ਇਨ੍ਹਾਂ ਵਿਚੋਂ ਬਗ਼ੈਰ ਟੀਚੇ ਪ੍ਰਾਪਤ ਕੀਤਿਆਂ ਕੁਝ ਰਾਸ਼ਟਰਪਤੀ ਮਰ ਗਏ ਜਾਂ ਮਾਰੇ ਗਏ ਤੇ ਜਾਂ ਅਹੁਦੇ ਦੀ ਮਿਆਦ ਪੂਰੀ ਕਰ ਗਏ। ਆਸ ਕੀਤੀ ਜਾਂਦੀ ਹੈ ਕਿ ਟਰੰਪ ਅਤੇ ਕਿਮ ਇਨ੍ਹਾਂ ਨਾਲੋਂ ਵਧੇਰੇ ਕਾਮਯਾਬ ਹੋਣਗੇ।

# ਜੀਨ, ਡੀਐੱਨਏ ਅਤੇ ਸਾਡਾ ਜੀਵਨ

(ਸਫਾ 4 ਦੀ ਬਾਕੀ)

ਨਿਰਮਾਣ ਹੋਣ ਲੱਗਦਾ ਹੈ ਜਿਹੜੇ ਸਰੀਰ ਨੂੰ ਨੁਹਾਰ ਅਤੇ ਆਕ੍ਰਿਤੀ ਬਖ਼ਸ਼ਦੇ ਹਨ ਅਤੇ ਜਿਹੜੇ ਜਾਂ ਫਿਰ ਧਾਰਨ ਕੀਤੇ ਜਾ ਰਹੇ ਵਤੀਰੇ ਲਈ ਪ੍ਰੇਰਨਾ ਬਣਦੇ ਹਨ।

ਸਾਡੇ ਸਰੀਰ 'ਚ ਹਜ਼ਾਰ ਖ਼ਰਬ ਦੇ ਲਗਭਗ ਸੈੱਲ ਸਮਾਏ ਹੋਏ ਹਨ। ਹਰ ਇੱਕ ਸੈੱਲ ਅੰਦਰ 46 ਕ੍ਰੋਮੋਸੋਮ ਹਨ। ਸ਼ੁਕਰਾਣੂ ਅਤੇ ਅੰਡੇ ਦੀ ਉਪਜ ਸਮੇਂ ਇਨ੍ਹਾਂ ਵਿੱਚ ਕ੍ਰੋਮੋਸੋਮਾਂ ਦੀ ਅੱਧੀ ਗਿਣਤੀ ਰਹਿ ਜਾਂਦੀ ਹੈ। ਜਦ ਇਹ, ਪ੍ਰਜਣਨ ਸਮੇਂ, ਇੱਕ ਦੂਜੇ 'ਚ ਸਮਾ ਜਾਂਦੇ ਹਨ, ਤਦ ਨਿਸ਼ੇਚੇ ਅੰਡੇ 'ਚ ਕ੍ਰੋਮੋਸੋਮਾਂ ਦੀ ਗਿਣਤੀ ਮੁੜ ਬਹਾਲ ਹੋ ਜਾਂਦੀ ਹੈ। ਨਿਸ਼ੇਚੇ ਅੰਡੇ 'ਚ ਸਮਾਏ 46 ਕ੍ਰੋਮੋਸੋਮ ਨਵੇਂ ਉਪਜ ਰਹੇ ਸੈੱਲਾਂ ਨੂੰ ਅਗਾਂਹ ਤੋਂ ਅਗਾਂਹ ਵਿਰਸੇ 'ਚ ਮਿਲਦੇ ਰਹਿੰਦੇ ਹਨ। ਕ੍ਰੋਮੋਸੋਮ, ਦਰਅਸਲ, ਗੁੱਛਾ-ਮੁੱਛਾ ਹੋਇਆ ਡੀਐੱਨਏ ਹੀ ਹੈ, ਜਿਸਦੇ ਜਿਹੜੇ ਭਾਗ ਪ੍ਰੋਟੀਨਾਂ ਜਾਂ ਐਨਜ਼ਾਈਮ ਉਪਜਾ ਰਹੇ ਹਨ, ਉਹ ਜੀਨ ਹਨ।

ਡੀਐੱਨਏ ਆਪਣੇ ਆਪ 'ਚ ਨਿਰਜੀਵ ਹੈ, ਪਰ ਜੋ ਕੁਝ ਵੀ ਇਹ ਕਰ ਰਿਹਾ ਹੈ, ਉਹ ਹੀ ਜੀਵਨ ਹੈ। ਪ੍ਰਜਣਨ ਅਤੇ ਊਰਜਾ ਦੀ ਉਪਜ ਜੀਵਨ ਦੇ ਬਣੇ ਰਹਿਣ ਨੂੰ ਨਿਸ਼ਚਿਤ ਬਣਾਉਂਦੇ ਹਨ। ਪ੍ਰਜਣਨ ਦੁਆਰਾ ਜੀਵਨ ਅਗਾਂਹ ਤੋਂ ਅਗਾਂਹ ਚਲਦਾ ਰਹਿੰਦਾ ਹੈ ਅਤੇ ਊਰਜਾ ਉਨ੍ਹਾਂ ਪ੍ਰਕਿਰਿਆਵਾਂ ਨੂੰ ਸੰਭਵ ਬਣਾਉਂਦੀ ਹੈ ਜਿਨ੍ਹਾਂ ਉਪਰ ਜੀਵਨ ਨਿਰਭਰ ਹੈ। ਇਨ੍ਹਾਂ ਦੋਵਾਂ ਲਈ ਡੀਐੱਨਏ ਜ਼ਿੰਮੇਵਾਰ ਹੈ। ਡੀਐੱਨਏ ਇੱਕ ਦੇ ਦੋ ਬਣਨ ਯੋਗ ਹੈ ਅਤੇ ਖ਼ੁਰਾਕ ਤੋਂ ਊਰਜਾ ਉਪਜਾਉਣ ਲਈ ਜਿਹੜੇ ਐਨਜ਼ਾਈਮ ਜ਼ਰੂਰੀ ਹਨ, ਉਨ੍ਹਾਂ ਨੂੰ ਵੀ ਇਹ ਜੀਵਨ ਭਰ ਉਪਜਾਉਂਦਾ ਰਹਿੰਦਾ ਹੈ।

ਸਾਡੇ ਕੇਵਲ ਇੱਕ ਸੈੱਲ ਅੰਦਰ ਗੁੱਛਾ-ਮੁੱਛਾ ਹੋਏ ਡੀਐੱਨਏ ਦੀ ਦੋ ਮੀਟਰ ਲੰਬਾਈ ਹੈ। ਇੱਕ ਵਿਅਕਤੀ ਦੇ ਸਾਰੇ ਸੈੱਲ ਅੰਦਰ ਸਮਾਏ ਡੀਐੱਨਏ ਦੇ ਸਿਰਿਆਂ ਨੂੰ ਜੋੜ ਕੇ ਜੇਕਰ ਸਿੱਧਾ ਕਰਨਾ ਸੰਭਵ ਹੋ ਸਕੇ ਤਾਂ ਇਸ ਦੀ ਸਮੁੱਚੀ ਲੰਬਾਈ ਦੋ ਕਰੋੜ ਕਿਲੋਮੀਟਰ ਦੇ ਲਗਪਗ ਬਣਨੀ ਚਾਹੀਦੀ ਹੈ। ਇੱਕ ਸੈੱਲ ਦੇ ਡੀਐੱਨਏ ਦੀ ਦੋ ਮੀਟਰ ਲੰਬਾਈ ਅੰਦਰ 3 ਅਰਬ 20 ਕਰੋੜ ਖਾਰੀ ਜੋੜੇ ਵਿਉਂਤਬੱਧ ਹਨ। ਇਨ੍ਹਾਂ 'ਚੋਂ, ਪਰ 97 ਫ਼ੀਸਦੀ ਖਾਰ ਕੁਝ ਵੀ ਨਹੀਂ ਕਰਦੇ ਜਾਪਦੇ; ਇਹ ਨਕਾਰਾ ਹਨ ਅਤੇ ਸੈੱਲਾਂ ਅੰਦਰ ਵਿਅਰਥ ਸਮਾਏ ਹੋਏ ਹਨ। ਬਾਕੀ ਦੇ ਤਿੰਨ ਫ਼ੀਸਦੀ ਖਾਰ ਤਕਰੀਬਨ 350000 ਜੀਨਾਂ 'ਚ ਵਿਉਂਤਬੱਧ ਹਨ, ਜਿਹੜੇ ਇੱਕ ਦੂਜੇ ਦੇ ਸਹਿਯੋਗ ਨਾਲ ਪ੍ਰੋਟੀਨਾਂ ਦੀਆਂ ਅਜਿਹੀਆਂ ਅਣਗਿਣਤ ਵੰਨਗੀਆਂ ਦਾ ਨਿਰਮਾਣ ਕਰਦੇ ਰਹਿੰਦੇ ਹਨ ਜਿਨ੍ਹਾਂ ਉਪਰ ਨਿਰਭਰ ਸਾਡਾ ਜੀਵਨ ਬੀਤ ਰਿਹਾ ਹੈ। ਸਾਡੀ ਆਪਸ 'ਚ ਜੀਨਾਂ ਦੀ ਸਾਂਝ ਵੀ ਹੈ। ਜੀਨਾਂ ਅੰਦਰਲੀ 99.9 ਫ਼ੀਸਦੀ ਵਿਉਂਤ ਸਾਡੇ ਸਭਨਾਂ 'ਚ ਇਕਸਾਰ ਹੈ ਅਤੇ ਇਨ੍ਹਾਂ ਦਾ ਸਿਰਫ਼ 0.1 ਪ੍ਰਤੀਸ਼ਤ ਸਾਡੇ 'ਚ ਭਿੰਨ ਹੈ। ਜੀਨਾਂ ਅੰਦਰਲੇ ਇੰਨੇ ਕੁ ਮਾਮੂਲੀ ਅੰਤਰ ਕਾਰਨ ਅਸੀਂ ਇੱਕ ਦੂਜੇ ਨਾਲੋਂ ਵੱਖਰੇ ਦਿਸਦੇ ਅਤੇ ਵੱਖਰੇ ਵੱਖਰੇ ਸੁਭਾਅ ਦੇ ਮਾਲਕ ਹਾਂ।

ਹਰ ਇੱਕ ਜੀਵ ਅਤੇ ਅਸੀਂ ਆਪ ਆਪੋ-ਆਪਣੇ ਜੀਨਾਂ ਦੇ ਗੁਲਾਮ ਹਾਂ। ਸਾਡੇ ਨੈਣ-ਨਕਸ਼ ਅਤੇ ਕੱਦ-ਕਾਠ ਇਨ੍ਹਾਂ ਦੇ ਪੈਰੋਂ ਪੁੰਗਰਦੇ ਹਨ; ਸਾਡੇ ਅੰਦਰੋਂ ਉਮੜਦੀ ਅੰਤਰ-ਪ੍ਰੇਰਨਾ ਇਨ੍ਹਾਂ ਦੀ ਉਪਜ ਹੈ; ਅਸੀਂ ਕੀ ਕੀ ਲੋਚਦੇ ਹਾਂ, ਉਸ 'ਚ ਇਨ੍ਹਾਂ ਦਾ ਹੱਥ ਹੈ; ਅਸੀਂ ਕਿਸ ਹੱਦ ਤਕ ਸੂਝਵਾਨ ਹਾਂ, ਉਸ 'ਚ ਇਨ੍ਹਾਂ ਦੀ ਭੂਮਿਕਾ ਹੈ; ਜਦ ਅਸੀਂ ਸਦਾਚਾਰ ਦੀ ਉਲੰਘਣਾ ਕਰਦੇ ਹਾਂ, ਤਦ ਇਨ੍ਹਾਂ ਦੇ ਉਕਸਾਏ ਅਤੇ ਜੇਕਰ ਅਸੀਂ ਧੱਕੜ ਹਾਂ ਤੇ ਹੋਰਨਾਂ ਦੀ ਹੱਕ-ਤਲਫ਼ੀ ਕਰਨੋਂ ਨਹੀਂ ਝਿਜਕਦੇ, ਤਦ ਵੀ ਇਨ੍ਹਾਂ ਦੇ ਹੀ ਉਕਸਾਏ। ਜੇਕਰ ਸਾਡਾ ਸਰੀਰ ਬੋਝਿਲ ਹੈ, ਜੇਕਰ ਸਾਡੇ ਵਾਲ ਝੜ ਰਹੇ ਹਨ, ਜੇਕਰ ਨਸ਼ੇ ਦੀ ਲੱਤ ਸਾਨੂੰ ਲੱਗ ਰਹੀ ਹੈ, ਜੇਕਰ ਸ਼ੱਕਰ-ਰੋਗ ਜਾਂ ਹੋਰ ਰੋਗ ਸਾਨੂੰ ਪਰੇਸ਼ਾਨ ਕਰ ਰਹੇ ਹਨ: ਅਜਿਹੇ ਸਭ ਕੁਝ ਲਈ ਵੀ ਜੀਨ ਹੀ ਜ਼ਿੰਮੇਵਾਰ ਹਨ। ਉਂਜ, ਵਿਰਸੇ 'ਚ ਮਿਲੇ ਜੀਨਾਂ ਨੂੰ ਟੁੰਬ ਟੁੰਬ ਕੇ ਜਗਾਉਣਾ ਜਾਂ ਨਾ ਜਗਾਉਣਾ ਸਾਡੀਆਂ ਅਪਣਾਈਆਂ ਆਦਤਾਂ ਉਪਰ ਨਿਰਭਰ ਹੈ ਹਾਲਾਂਕਿ ਆਦਤਾਂ ਦੀ ਸਿਰਜ ਸਹਿਤ ਪਾਲਣਾ ਕਰਨ ਜਾਂ ਨਾ ਕਰਨ ਲਈ ਵੀ ਜੀਨ ਹੀ ਜ਼ਿੰਮੇਵਾਰ ਹਨ।

ਸੰਸਾਰ ਵਿੱਚ ਵਿਚਰ ਰਹੇ ਸਭਨਾਂ ਜੀਵਾਂ ਦੀ ਵੀ ਆਪਸ 'ਚ ਸਾਂਝ ਹੈ। ਹਰ ਇੱਕ ਜੀਵ ਦੇ ਹਰ ਇੱਕ ਸੈੱਲ 'ਚ ਡੀਐੱਨਏ ਹੈ ਅਤੇ ਹਰ ਇੱਕ ਜੀਵ 'ਚ ਇਹ ਇੱਕ ਵਿਧੀ ਨਾਲ ਕਿਰਿਆਸ਼ੀਲ ਹੈ। ਜਿਵੇਂ ਇਹ ਕੀਟਾਣੂਆਂ 'ਚ ਕਿਰਿਆਸ਼ੀਲ ਹੈ, ਉਸੇ ਪ੍ਰਕਾਰ ਇਹ ਕਣਕ, ਕੇਲੇ ਜਾਂ ਬੋਹੜ 'ਚ ਅਤੇ ਮੱਕੜੀ, ਮੱਛਰ, ਮੱਛੀ, ਮੋਰ, ਹਾਥੀ, ਗੈਂਡੇ ਅਤੇ ਸਾਡੇ 'ਚ ਕਿਰਿਆਸ਼ੀਲ ਹੈ।

ਸਭਨਾਂ ਜੀਵਾਂ 'ਚ ਜੀਵਨ ਦਾ ਇਸ ਕਾਰਨ ਇੱਕ ਸਰੂਪ ਹੈ ਕਿਉਂਕਿ ਸਭਨਾਂ ਜੀਵਾਂ 'ਚ ਇਹ ਡੀਐੱਨਏ ਤੋਂ ਪੁੰਗਰ ਰਿਹਾ ਹੈ। ਸਾਢੇ ਤਿੰਨ ਅਰਬ ਵਰ੍ਹੇ ਪਹਿਲਾਂ ਇੱਕ ਵਾਰ ਹੋਂਦ 'ਚ ਆਇਆ ਡੀਐੱਨਏ ਅਗਾਂਹ ਤੋਂ ਅਗਾਂਹ ਪ੍ਰਜਣਨ ਦੁਆਰਾ ਜੀਵਾਂ ਨੂੰ ਵਿਰਸੇ 'ਚ ਮਿਲਦਾ ਰਿਹਾ। ਬੀਤਦੇ ਸਮੇਂ ਨਾਲ ਭਾਵੇਂ ਇਸ ਅੰਦਰਲੇ ਖਾਰੀ-ਜੋੜਿਆਂ 'ਚ ਤਬਦੀਲੀਆਂ ਆਉਂਦੀਆਂ ਰਹੀਆਂ ਜਿਨ੍ਹਾਂ ਦੇ ਫਲਸਰੂਪ ਸੰਸਾਰ ਵਿੱਚ ਜੀਵਾਂ ਦੀਆਂ ਭਿੰਨ ਭਿੰਨ ਵੰਨਗੀਆਂ ਉਪਜਦੀਆਂ ਰਹੀਆਂ ਹਨ।

ਵਕਤ ਕੇ ਹਾਥੋਂ ਜੀਵਨ ਕੇ ਕੰਵਲ ਗਿਰ ਗਰ ਕਰ,
ਡੂਬਤੇ, ਤੈਰਤੇ, ਮੁਰਝਾਤੇ ਰਹੇ, ਖਿਲਤੇ ਰਹੇ।

# ਪੰਜਾਬ ਲਈ ਸੰਸਾਰ ਫੁੱਟਬਾਲ ਕੱਪ ਦੇ ਸਬਕ



ਨਿਰਮਲ ਸੰਧੂ

ਜਿਹੜੇ ਲੋਕ ਸਕੂਲ ਵਿਦਿਆਰਥੀਆਂ ਦੇ ਦੁੱਖ-ਸੁੱਖ ਦੇ ਸਾਂਝੀ ਹਨ, ਉਨ੍ਹਾਂ ਨੂੰ ਇਨ੍ਹਾਂ ਖ਼ਬਰਾਂ ਤੋਂ ਕੋਈ ਹੈਰਾਨੀ ਨਹੀਂ ਹੋਈ ਹੋਣੀ ਕਿ ਫਗਵਾੜਾ, ਰੁੜਕਾ ਕਲਾਂ ਅਤੇ ਮਾਹਿਲਪੁਰ ਵਿੱਚ ਗਭਰੇਟ, ਰੂਸ ਵਿਚ ਚੱਲ ਰਹੇ ਫ਼ੀਫ਼ਾ ਸੰਸਾਰ ਕੱਪ ਦੇ ਮੈਚ ਵੱਡੀਆਂ ਸਕਰੀਨਾਂ ਉੱਤੇ ਦੇਖ ਰਹੇ ਹਨ। ਅਸਲ ਵਿੱਚ, ਇਸ ਮਸ਼ਕ ਲਾਂਭੇ ਰਹਿ ਰਹੇ ਵੱਡਿਆਂ ਨੂੰ ਵੀ ਸੰਸਾਰ ਪੱਧਰ ਦੇ ਇਹ ਮੈਚ ਦੇਖਣੇ ਚਾਹੀਦੇ ਹਨ ਅਤੇ ਇਨ੍ਹਾਂ ਤੋਂ ਢੁੱਕਵੇਂ ਸਬਕ ਲੈਣੇ ਚਾਹੀਦੇ ਹਨ। ਇਹ ਮਨੋਰੰਜਨ ਤਾਂ ਹੈ ਹੀ, ਇਹ ਮਸ਼ਕ ਉਨ੍ਹਾਂ ਦੀ ਚਰਿੱਤਰ ਉਸਾਰੀ ਵਿੱਚ ਵੀ ਮਦਦਗਾਰ ਸਾਬਤ ਹੋਵੇਗੀ ਅਤੇ ਹਾਰਾਂ ਤੇ ਨਾਕਾਮੀਆਂ ਨਾਲ ਜੂਝਦਿਆਂ ਇਨ੍ਹਾਂ ਨੂੰ ਆਲ੍ਹਾ ਮਿਆਰੀ ਮੁਕਾਬਲਿਆਂ ਲਈ ਹੰਭਲੇ ਮਾਰਨ ਲਈ ਤਿਆਰ ਕਰੇਗੀ। ਤੇ ਬਿਨਾਂ ਸ਼ੱਕ, ਗਰੁੱਪ ਬੀ ਦੇ ਸ਼ੁਰੂਆਤੀ ਮੈਚ ਵਿੱਚ ਰੋਨਾਲਡੋ ਨੇ ਸਪੇਨ ਖ਼ਿਲਾਫ਼ ਖੇਡਦਿਆਂ ਆਪਣੀ ਟੀਮ ਪੁਰਤਗਾਲ ਲਈ ਜਿਸ ਤਰ੍ਹਾਂ ਹੈਟ੍ਰਿਕ ਜੜੀ, ਉਹ ਆਪਣੇ ਆਪ ਵਿੱਚ ਦਰਸ਼ਕ ਨੂੰ ਸੱਤਵੇਂ ਆਸਮਾਨ 'ਤੇ ਪਹੁੰਚਾਉਣ ਵਰਗਾ ਕੋਈ ਅਹਿਸਾਸ ਹੈ।

ਤਕਨਾਲੋਜੀ ਨੇ ਇਨ੍ਹਾਂ ਗਭਰੇਟਾਂ ਨੂੰ ਆਪਣੇ ਨਾਇਕ ਚੁਣਨ ਲਈ ਹੱਦਾਂ-ਸਰਹੱਦਾਂ ਤੋਂ ਪਾਰ ਦੇਖਣ ਦਾ ਬਲ ਬਖ਼ਸ਼ਿਆ ਹੈ। ਕਹਿਰਾਂ ਦੀ ਗਰਮੀ ਦੌਰਾਨ ਅੰਮ੍ਰਿਤਸਰ ਦੀ ਪਾਰਕ ਵਿੱਚ ਮੈਚ ਖੇਡਣ ਤੋਂ ਬਾਅਦ ਇਨ੍ਹਾਂ ਗਭਰੇਟਾਂ ਨੂੰ ਕ੍ਰਿਸਟਿਆਨੋ ਰੋਨਾਲਡੋ, ਲਿਓਨਲ ਮੈਸੀ, ਪੇਲੇ ਅਤੇ ਮੈਰਾਡੋਨਾ ਬਾਰੇ ਗੱਲਾਂ ਕਰਦਿਆਂ ਸੁਣਨਾ ਪੁਰਸਕੂਨ ਸੀ। ਕੌਮਾਂਤਰੀ ਫੁੱਟਬਾਲ ਦੇ ਇਨ੍ਹਾਂ ਧੁਨੰਤਰਾਂ ਨੇ ਪੰਜਾਬ ਵਿੱਚ ਇਨ੍ਹਾਂ ਸਕੂਲੀ ਖਿਡਾਰੀਆਂ ਨੂੰ ਸਿਰਫ਼ ਪ੍ਰੇਰਿਆ ਤੇ ਉਤੇਜਿਤ ਹੀ ਨਹੀਂ ਕੀਤਾ ਸਗੋਂ ਇਹ ਉਨ੍ਹਾਂ ਦੇ ਰੋਲ ਮਾਡਲ ਬਣ ਗਏ ਹਨ। ਪੰਜਾਬ ਆਪਣੇ ਇਨ੍ਹਾਂ ਬੱਚਿਆਂ ਤੋਂ ਪਹਿਲਾ ਸਬਕ ਲੈ ਸਕਦਾ ਹੈ: ਗਲੋਬਲ ਪੱਧਰ 'ਤੇ ਸੋਚੋ ਅਤੇ ਉੱਤਮਤਾ ਦੀ ਦਾਦ ਦਿਓ, ਇਹ ਭਾਵੇਂ ਕਿਸੇ ਵੀ ਥਾਂ ਨਾਲ ਵਾਬਸਤਾ ਹੋਵੇ। ਯੂਰੋਪ, ਲਾਤੀਨੀ ਅਮਰੀਕਾ ਅਤੇ ਹੋਰ ਥਾਈਂ ਚੱਲ ਰਹੇ ਕਲੱਬ ਅਤੇ ਵੱਖ ਵੱਖ ਮੁਲਕ, ਟੀਸੀ ਉੱਤੇ ਪੁੱਜਣ ਲਈ ਸਰਵੋਤਮ ਕੋਚਾਂ ਦੀਆਂ ਸੇਵਾਵਾਂ ਲੈਂਦੇ ਹਨ ਅਤੇ ਮਹਿੰਗੇ ਤੋਂ ਮਹਿੰਗਾ ਖਿਡਾਰੀ ਆਪਣੀ ਟੀਮ ਵਿੱਚ ਲਿਆਉਂਦੇ ਹਨ। ਸਿਆਸੀ ਜਮਾਤ ਲਈ ਸਬਕ ਹੈ: ਕਿਸੇ ਵੀ ਕਾਰਜ ਲਈ ਸਰਵੋਤਮ ਸ਼ਖ਼ਸ ਨੂੰ ਅੱਗੇ ਲਿਆਓ ਅਤੇ ਅਜਿਹਾ ਢਾਂਚਾ ਉਸਾਰੋ ਜਿਸ ਨਾਲ ਅਜਿਹਾ ਹੋਣਾ ਯਕੀਨੀ ਹੋਵੇ।

ਪੰਜਾਬੀ ਬਹੁਤ ਤੇਜ਼ੀ ਨਾਲ ਮੁਕਾਬਲੇ ਵਾਲੀ ਭਾਵਨਾ ਛੱਡ ਰਹੇ ਹਨ ਅਤੇ ਗੁਰਬਤ, ਜਾਤ, ਮਜ਼ਹਬ ਤੇ ਸਿਆਸੀ ਰਸੂਖ਼ ਦੇ ਸਿਰ ਉੱਤੇ ਨੌਕਰੀਆਂ/ਲਾਭ/ਮੁਫ਼ਤ ਸਹੂਲਤਾਂ ਲਈ ਪੱਲੇ ਅੱਡ ਰਹੇ ਹਨ। ਸਿਆਸੀ ਪਾਰਟੀਆਂ ਉਮੀਦਵਾਰਾਂ ਦੀ ਚੋਣ ਮੌਕੇ ਕੋਈ ਖ਼ਾਸ ਤਰੱਦਦ ਨਹੀਂ ਕਰਦੀਆਂ ਸਗੋਂ ਮੌਜੂਦਾ ਸਿਆਸੀ ਪਰਿਵਾਰਾਂ, ਜਾਤਾਂ ਅਤੇ ਵੋਟ ਬੈਂਕਾਂ ਦੇ ਆਧਾਰ ਤੱਕ ਸੀਮਤ ਰਹਿੰਦੀਆਂ ਹਨ। ਨਤੀਜੇ ਵਜੋਂ ਸਮੁੱਚੇ ਚੋਣ ਅਮਲ ਵਿੱਚੋਂ ਔਸਤ ਜਿਹੀਆਂ ਸਰਕਾਰਾਂ ਹੋਂਦ ਵਿੱਚ ਆਉਂਦੀਆਂ ਹਨ ਜਿਹੜੀਆਂ ਫਿਰ ਸੂਬੇ ਨੂੰ ਆਪਣੇ ਹਿਸਾਬ ਨਾਲ ਚਲਾਉਂਦੀਆਂ ਹਨ।

ਸੰਸਥਾਵਾਂ ਦੀ ਉਸਾਰੀ ਦੇ ਮਾਮਲੇ ਵਿੱਚ ਪ੍ਰਤਾਪ ਸਿੰਘ ਕੈਰੋਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ, ਕਿਉਂਕਿ ਬਤੌਰ ਮੁੱਖ ਮੰਤਰੀ ਉਨ੍ਹਾਂ ਕੋਲ ਸੰਸਾਰ ਪੱਧਰੀ ਨਜ਼ਰੀਆ ਸੀ। ਵਿਦੇਸ਼ੀ ਮੁਹਾਰਤ, ਤਕਨਾਲੋਜੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰੂਪ ਵਿੱਚ ਮਿਲੀ ਸੰਸਥਾਈ ਸਹਾਇਤਾ ਨਾਲ ਹੀ ਹਰਾ ਇਨਕਲਾਬ ਸੰਭਵ ਹੋ ਸਕਿਆ। ਬਾਅਦ ਦੇ ਲੀਡਰਾਂ ਨੇ ਸੂਬੇ ਨੂੰ ਇਸ (ਹਰੇ ਇਨਕਲਾਬ) ਦੇ ਦੁਰਪ੍ਰਭਾਵਾਂ ਤੋਂ ਬਚਾਓ ਦਾ ਹੀਲਾ ਨਹੀਂ ਕੀਤਾ। ਉਸ ਵਕਤ ਤਾਂ ਪੰਜਾਬੀ ਤਜਰਬੇ ਕਰਨ, ਜੋਖ਼ਿਮ ਉਠਾਉਣ ਅਤੇ ਨਵੀਆਂ ਤਕਨੀਕਾਂ ਵਰਤਣ ਲਈ ਅਹੁਲ ਰਹੇ ਸਨ। ਹੁਣ ਸੌੜੇ ਹਿਤਾਂ ਵਾਲੀ ਸਿਆਸੀ ਲੀਡਰਸ਼ਿਪ ਕਾਰਨ ਪੰਜਾਬੀਆਂ ਦਾ ਗੱਡਾ ਬੁਰੀ ਤਰ੍ਹਾਂ ਫਸ ਗਿਆ ਹੈ। ਉਹ ਆਪਣੇ ਗਿਆਨ ਮੁਤਾਬਿਕ ਪੁਰਾਣੇ ਢੰਗ-ਤਰੀਕਿਆਂ ਰਾਹੀਂ ਖੇਤੀ ਕਰ ਰਹੇ ਹਨ ਅਤੇ ਇਹ ਸਾਰਾ ਕੁਝ ਉਨ੍ਹਾਂ ਲਈ ਹੀ ਨਹੀਂ ਸਗੋਂ ਸੂਬੇ ਦੇ ਜਲ ਸਰੋਤਾਂ ਲਈ ਵੀ ਤਬਾਹਕੁਨ ਹੈ।

ਲੀਡਰਸ਼ਿਪ ਨੂੰ ਇਹ ਪੱਕਾ ਬਹਾਨਾ ਲੱਭ ਗਿਆ ਹੈ ਕਿ ਕਾਇਆ-ਕਲਪ ਕਰਨ ਲਈ ਲੋੜੀਂਦੇ ਫੰਡ ਨਹੀਂ ਹਨ। ਪੈਰਾਂ ਸਿਰ ਹੋਣ ਕਾਰਨ ਭਾਵੇਂ ਖੇਡ ਸੱਭਿਆਚਾਰ ਨੂੰ ਹੁਲਾਰਾ ਦੇਣ ਵਿਚ ਵਾਹਵਾ ਮਦਦ ਮਿਲਦੀ ਹੈ ਪਰ ਸੰਸਾਰ ਦੇ ਸਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਮੁਲਕ- ਅਮਰੀਕਾ, ਰੂਸ ਤੇ ਚੀਨ, ਸੰਸਾਰ ਕੱਪ ਲਈ ਕੁਆਲੀਫਾਈ ਨਹੀਂ ਕਰ ਸਕੇ ਹਨ। ਸੇਨੇਗਲ ਅਤੇ ਯੁਰੂਗੁਏ ਨੇ ਇਹ ਵਿਚਾਰ ਹੀ ਖ਼ਾਰਿਜ ਕਰ ਦਿੱਤਾ ਹੈ ਕਿ ਵਧੀਆ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਕੌਮਾਂਤਰੀ ਮੁਕਾਬਲੇ ਵਿੱਚ ਸਫਲਤਾ ਦਾ ਧੁਰਾ ਹੁੰਦਾ ਹੈ। ਇਕ ਪੜਾਅ ਤੋਂ ਬਾਅਦ ਆਬਾਦੀ ਜਾਂ ਭੂਗੋਲਿਕ ਰੁਕਾਵਟਾਂ ਕੋਈ ਮਾਇਨਾ ਨਹੀਂ ਰੱਖਦੀਆਂ। ਆਈਸਲੈਂਡ ਵਰਗਾ ਆਬਾਦੀ ਤੇ ਰਹਿਣਯੋਗ ਇਲਾਕੇ ਪੱਖੋਂ ਨਿੱਕਾ ਜਿਹਾ ਮੁਲਕ ਜਿਸ ਦੀ ਆਬਾਦੀ ਸਿਰਫ਼ 3.3 ਲੱਖ ਹੈ, ਨੇ ਸੰਸਾਰ ਕੱਪ ਲਈ ਕੁਆਲੀਫ਼ਾਈ ਹੀ ਨਹੀਂ ਕੀਤਾ ਸਗੋਂ ਸੰਸਾਰ ਭਰ ਦੇ ਫੁੱਟਬਾਲ ਪ੍ਰੇਮੀਆਂ ਦੇ ਮੂੰਹ ਵਿਚ ਉਂਗਲਾਂ ਪੁਆ ਦਿੱਤੀਆਂ ਜਦੋਂ ਇਹ ਟੀਮ ਅਰਜਨਟੀਨਾ ਨਾਲ 1-1 ਦੀ ਬਰਾਬਰੀ ਉੱਤੇ ਤੁਲ ਗਈ। ਇਹ ਅਰਜਨਟੀਨਾ ਉਹੀ ਹੈ ਜਿਸ ਨੇ ਲਿਓਨਲ ਮੈਸੀ ਸਮੇਤ ਫੁੱਟਬਾਲ ਦੇ ਬਹੁਤ ਮਹਾਨ ਖਿਡਾਰੀ ਪੈਦਾ ਕੀਤੇ ਹਨ।

ਪੰਜਾਬੀਆਂ ਨੂੰ ਵੀ ਕੋਈ ਡੱਕ ਨਹੀਂ ਸਕਦਾ ਬਸ਼ਰਤੇ ਕਾਮਯਾਬੀ ਲਈ ਇੱਛਾ ਅਤੇ ਹੌਸਲਾ ਬੁਲੰਦ ਹੋਵੇ। ਮਿਲਖਾ ਸਿੰਘ ਸਧਾਰਨ ਜਿਹੇ ਪਿਛੋਕੜ ਵਿਚੋਂ ਉਠਿਆ ਅਤੇ ਹਰ ਅੜਿੱਕੇ ਦੇ ਖ਼ਿਲਾਫ਼ ਜੀਅ-ਜਾਨ ਨਾਲ ਜੂਝਿਆ ਤੇ ਫਿਰ ਅੱਜ ਵਾਲੇ ਮੁਕਾਮ ਉੱਤੇ ਪਹੁੰਚਿਆ। ਇਸ ਮੁਕਾਮ ਉੱਤੇ ਪਹੁੰਚਣ ਲਈ ਫ਼ੌਜ ਨੇ ਉਸ ਦੀ ਇਮਦਾਦ ਕੀਤੀ। ਉਂਜ, ਬਹੁਤ ਸਾਰੇ ਪ੍ਰਤਿਭਾਸ਼ਾਲੀ ਬੱਚੇ ਆਪਣਾ ਜਲਵਾ ਦਿਖਾਉਣ ਤੋਂ ਬਗ਼ੈਰ ਹੀ ਹਨੇਰਿਆਂ ਵਿਚ ਗੁਆਚ ਗਏ ਕਿਉਂਕਿ ਬਤੌਰ ਮੁਲਕ ਅਸੀਂ ਆਪਣੇ ਸੋਮੇ ਫ਼ਜ਼ੂਲ ਖ਼ਰਚੀ ਵਿਚ ਗੁਆ ਲਏ ਅਤੇ ਮਾਨਵੀ ਵਸੀਲਿਆਂ ਨੂੰ ਐਵੇਂ ਹੀ ਮੁਰਝਾ ਜਾਣ ਦਿੱਤਾ। ਹਰ ਸੂਬੇ ਨੂੰ ਹੀ ਨਹੀਂ ਸਗੋਂ ਹਰ ਸ਼ਹਿਰ, ਕਸਬੇ ਅਤੇ ਪਿੰਡ ਨੂੰ ਪ੍ਰਤਿਭਾ ਦੀ ਖੋਜ ਲਈ ਨਿਰਪੱਖ, ਇਮਾਨਦਾਰ ਅਤੇ ਭ੍ਰਿਸ਼ਟਾਚਾਰ ਮੁਕਤ ਢਾਂਚਾ ਚਾਹੀਦਾ ਹੈ। ਪ੍ਰਤਿਭਾ ਨੂੰ ਸਾਣ 'ਤੇ ਚਾੜ੍ਹਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸੰਸਥਾਈ ਸਹਾਇਤਾ ਵੀ ਲੋੜੀਂਦੇ ਹਨ।

ਜੇ ਪੰਜਾਬ ਵਿਚ ਕੋਈ ਬੰਨ੍ਹ-ਸੁਬ ਨਹੀਂ ਬਣ ਰਿਹਾ ਤਾਂ ਕਾਰਨ ਇਹ ਹੈ ਕਿ ਸਾਲ ਦਰ ਸਾਲ ਪੱਖਪਾਤ ਤੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਮੈਰਿਟ ਨੂੰ ਕੁਰਬਾਨ ਕਰ ਦਿੱਤਾ ਗਿਆ ਹੈ। ਜਮਹੂਰੀਅਤ ਨੂੰ ਕੁਝ ਚੋਣਵੇਂ ਸਿਆਸੀ ਪਰਿਵਾਰਾਂ ਨੇ ਅਗਵਾ ਕਰ ਲਿਆ ਹੈ ਜੋ ਆਪਣੀ ਸੱਤਾ ਅਤੇ ਸੁੱਖ-ਸਹੂਲਤਾਂ ਦੀ ਖ਼ਾਤਿਰ ਸਾਜ਼ਿਸ਼ ਲਈ ਰਲ ਬੈਠੇ ਹਨ। 98 ਵਰ੍ਹਿਆਂ ਦੇ ਸ਼ਾਨਾਮੱਤੇ ਇਤਿਹਾਸ ਵਾਲਾ ਸ਼੍ਰੋਮਣੀ ਅਕਾਲੀ ਦਲ ਹੁਣ ਇਕ ਪਰਿਵਾਰ ਦੇ ਕਾਰੋਬਾਰ ਤੱਕ ਨਿੱਘਰ ਗਿਆ ਹੈ। ਸੰਸਾਰ ਕੱਪ ਦੀ ਤਾਂ ਗੱਲ ਹੀ ਛੱਡੋ, ਕੀ ਪਰਿਵਾਰਕ ਮੈਂਬਰਾਂ ਦੀ ਬਹੁਤਾਤ ਵਾਲੀ ਕੋਈ ਚੋਣ ਕਮੇਟੀ ਅਜਿਹੀ ਟੀਮ ਚੁਣ ਸਕਦੀ ਹੈ ਜਿਹੜੀ ਮੁਕਾਮੀ ਮੈਚ ਜਿੱਤਣ ਦੀ ਵੀ ਸਮਰੱਥਾ ਰੱਖਦੀ ਹੋਵੇ?

ਇਹੀ ਗੱਲ ਕਾਂਗਰਸ ਉੱਤੇ ਵੀ ਐਨ ਸਹੀ ਢੁੱਕਦੀ ਹੈ ਜੋ ਪੰਜਾਬ ਨੂੰ ਅੱਵਲ ਪੁਜ਼ੀਸ਼ਨ ਤੋਂ ਹੇਠਾਂ ਲਿਆ ਸੁੱਟਣ ਲਈ ਬਰਾਬਰ ਦੀ ਜ਼ਿੰਮੇਵਾਰ ਹੈ। ਬਹੁਤ ਮਾੜੀ ਕਾਰਗੁਜ਼ਾਰੀ ਅਤੇ ਪੱਖਪਾਤੀ ਤਰਜੀਹਾਂ ਸਾਬਤ ਹੋਣ ਦੇ ਬਾਵਜੂਦ ਲੀਡਰਾਂ ਦੀ ਉਹੀ ਜੁੰਡਲੀ ਸੱਤਾ ਵਿਚ ਆ ਗਈ ਹੈ। ਇਹ ਅਜਿਹੀ ਕੰਗਾਲ ਟੀਮ ਹੈ ਜਿਸ ਨੂੰ ਪੰਜਾਬੀ ਆਪਣੀ ਅਗਵਾਈ ਲਈ ਵਾਰ-ਵਾਰ ਚੁਣ ਰਹੇ ਹਨ। ਜਿਸ ਤਰ੍ਹਾਂ ਸੰਸਾਰ ਕੱਪ ਵਿਚ ਹੁੰਦਾ ਹੈ, ਮਾੜੀ ਕਾਰਗੁਜ਼ਾਰੀ ਕੋਈ ਔਗੁਣ ਨਹੀਂ ਹੁੰਦੀ; ਇਹ ਭਾਵੇਂ ਸ਼ਖ਼ਸੀ ਪੱਧਰ 'ਤੇ ਹੋਵੇ ਜਾਂ ਪਾਰਟੀ ਪੱਧਰ ਉੱਤੇ। ਸੱਤਾਧਾਰੀ ਜੁੰਡਲੀ ਹਵਾ ਦੇ ਤਾਜ਼ਾ ਬੁੱਲਿਆਂ ਲਈ ਪਾਰਟੀ ਦੇ ਦਰਵਾਜ਼ੇ ਨਹੀਂ ਖੋਲ੍ਹ ਰਹੀ। ਜੇ ਕਾਂਗਰਸ 2019 ਵਿਚ ਅਤੇ ਉਸ ਤੋਂ ਬਾਅਦ ਪ੍ਰਸੰਗਿਕ ਰਹਿਣਾ ਚਾਹੁੰਦੀ ਹੈ ਤਾਂ ਇਸ ਨੂੰ ਪੁਰਾਣੀ ਲੀਡਰਸ਼ਿਪ ਅਤੇ ਇਨ੍ਹਾਂ ਦੇ ਹਿੱਤਾਂ ਨੂੰ ਚੰਗਾ ਹਲੂਣਾ ਦੇਣਾ ਪਵੇਗਾ ਅਤੇ ਪਾਰਟੀ ਅੰਦਰ ਉਤਸ਼ਾਹੀ ਨੌਜਵਾਨਾਂ ਨੂੰ ਅੱਗੇ ਲਿਆਉਣਾ ਪਵੇਗਾ। 'ਆਪ' ਬਾਰੇ ਕੁਝ ਵੀ ਕਹਿਣ ਦੀ ਥਾਂ ਅਜੇ ਹੋਰ ਉਡੀਕਣਾ ਪਵੇਗਾ ਕਿਉਂਕਿ ਦਿੱਲੀ ਤੋਂ ਬਾਹਰ ਇਸ ਦੀ ਅਜ਼ਮਾਇਸ਼ ਅਜੇ ਹੋਈ ਨਹੀਂ ਹੈ। ਮਾੜੀ ਸਰਕਾਰ ਵੀ ਚੰਗੀ ਕਾਰਗੁਜ਼ਾਰੀ ਦਿਖਾ ਸਕਦੀ ਹੈ ਜੇ ਇਹ ਸੰਸਥਾਵਾਂ ਦਾ ਸਤਿਕਾਰ ਕਰੇ ਅਤੇ ਨਿਯਮਾਂ ਮੁਤਾਬਕ ਚੱਲੇ। ਭ੍ਰਿਸ਼ਟਾਚਾਰ ਅਤੇ ਮੁਲਾਹਜ਼ੇਦਾਰੀਆਂ ਦੇ ਇਤਿਹਾਸ ਦੇ ਬਾਵਜੂਦ 'ਫੀਫਾ' ਨੇ ਫੁੱਟਬਾਲ ਦੀ ਖੇਡ ਨੂੰ ਲੀਹ ਉੱਤੇ ਹੀ ਨਹੀਂ ਰੱਖਿਆ ਸਗੋਂ ਨਵੀਆਂ ਟੀਸੀਆਂ ਵੀ ਛੋਹੀਆਂ ਹਨ। ਪੰਜਾਬ ਦੀਆਂ ਸਰਕਾਰਾਂ ਕਾਨੂੰਨ ਦੀਆਂ ਕਿਤਾਬਾਂ ਨੂੰ ਹਵਾ 'ਚ ਉਡਾਉਂਦੀਆਂ ਰਹੀਆਂ ਹਨ ਅਤੇ ਸਭ ਫ਼ੈਸਲੇ ਅਕਸਰ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦੀ ਪਸੰਦ ਮੁਤਾਬਕ ਹੁੰਦੇ ਰਹੇ ਹਨ। ਮਾੜੇ ਸਾਥ ਅਤੇ ਰਾਜ ਪ੍ਰਬੰਧ ਦੇ ਆਪਣੇ ਨਤੀਜੇ ਹੁੰਦੇ ਹਨ। ਕਾਂਗਰਸ ਕੋਲ ਕੌਮਾਂਤਰੀ ਹਾਕੀ ਖਿਡਾਰੀ ਪਰਗਟ ਸਿੰਘ ਹੈ ਜੋ ਐਮਐਲਏ ਵੀ ਹੈ; ਫਿਰ ਵੀ ਖੇਡ ਮੰਤਰੀ ਵਾਲਾ ਕਾਰਜ ਸਕੂਲ ਪਾਸ ਲੀਡਰ ਨੂੰ ਦੇ ਦਿੱਤਾ ਗਿਆ ਜਿਸ ਕੋਲ ਖੇਡਾਂ ਲਈ ਕੋਈ ਜੋਸ਼ ਨਹੀਂ ਹੈ। ਬਟਾਲਾ ਨੇੜਲੇ ਪਿੰਡ ਗੁਜਰਪੁਰਾ ਦੀ ਵਸਨੀਕ ਕੌਮਾਂਤਰੀ ਕਰਾਟੇ ਖਿਡਾਰਨ ਕੁਲਦੀਪ ਕੌਰ ਨੇ ਇਸੇ ਸਾਲ ਜਨਵਰੀ ਵਿਚ ਖ਼ੁਦਕੁਸ਼ੀ ਕਰ ਲਈ ਸੀ। ਉਸ ਅਤੇ ਉਸ ਦੀ ਮਾਂ ਉੱਤੇ ਹਮਲਾ ਹੋਇਆ ਸੀ ਅਤੇ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਹਮਲਾਵਰਾਂ ਦੀ ਸਰ-ਪ੍ਰਸਤੀ ਇਲਾਕੇ ਦੇ ਮੰਤਰੀ ਨੇ ਕੀਤੀ। ਇਸ ਤੋਂ ਬਾਅਦ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਜਿਸ ਨੇ ਖ਼ਦਸ਼ੇ ਮੁਤਾਬਕ ਆਪਣੀ ਰਿਪੋਰਟ ਵਿਚ ਸ਼ੱਕੀਆਂ ਦਾ ਹੀ ਪੱਖ ਪੂਰਿਆ ਪਰ ਅਦਾਲਤ ਨੇ ਇਹ ਰਿਪੋਰਟ ਰੱਦ ਕਰ ਦਿੱਤੀ। ਇਹ ਦੋ ਮਿਸਾਲਾਂ ਸਰਕਾਰ ਦੀ ਕਾਰਕਰਦਗੀ ਅਤੇ ਲੀਡਰਸ਼ਿਪ ਦੀ ਮਾਨਸਿਕਤਾ ਦੇ ਦਰਸ਼ਨ ਕਰਵਾ ਦਿੰਦੀਆਂ ਹਨ। ਇਹ ਠੀਕ ਹੈ ਕਿ ਹਰ ਖਿਡਾਰੀ ਤੇ ਹਰ ਮੁਲਕ ਜਾਂ ਸੂਬਾ ਸੰਸਾਰ ਪੱਧਰ ਦੇ ਮਿਆਰਾਂ ਤੱਕ ਨਹੀਂ ਪਹੁੰਚ ਸਕਦਾ। ਦੁਖਦਾਈ ਗੱਲ ਇਹ ਹੈ ਕਿ ਇਸ ਪਾਸੇ ਕੋਈ ਕੋਸ਼ਿਸ਼ ਹੀ ਨਹੀਂ ਕੀਤੀ ਜਾ ਰਹੀ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸ਼ਾਨੀ ਸ਼ਹਾਦਤ ਨੂੰ ਸਮਰਪਿਤ ਥਾਣਾ ਧਨੌਲਾ 'ਚ ਸਹਿਜ ਪਾਠਾਂ ਦੇ ਭੋਗ ਪਾਏ



ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਥਾਣਾ ਮੁੱਖੀ ਨਾਇਬ ਸਿੰਘ ਬੈਹਣੀਵਾਲ ਅਤੇ ਸਮੂਹ ਸਟਾਫ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਦਾ ਓਟ ਆਸਰਾ ਲੈਂਦਿਆਂ ਗੁਰਦਵਾਰਾ ਸਾਹਿਬ ਪੁਲਿਸ ਸਟੇਸ਼ਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਤੇ ਐਸਐਸਪੀ ਬਰਨਾਲਾ ਸ. ਹਰਜੀਤ ਸਿੰਘ, ਡੀਐਸਪੀ ਰਾਜੇਸ਼ ਛਿੱਬਰ, ਡੀਐਸਪੀ ਕੁਲਦੀਪ ਸਿੰਘ ਵਿਰਕ, ਡੀਐਸਪੀ ਵਰਿੰਦਰਜੀਤ ਸਿੰਘ, ਸੀਆਈਏ ਇੰਚਾਰਜ ਸ. ਬਲਜੀਤ ਸਿੰਘ, ਥਾਣਾ ਮੁਖੀ ਸਿਟੀ -2 ਬਰਨਾਲਾ ਮਲਕੀਤ ਸਿੰਘ ਚੀਮਾ, ਥਾਣਾ ਮੁੱਖੀ ਰੂੜੇਕੇ ਕਲਾਂ ਮਨਜੀਤ ਸਿੰਘ, ਓਐਸਆਈ ਬਰਨਾਲਾ ਇਕਬਾਲ ਸਿੰਘ, ਹੋਮਗਾਰਡ ਕੰਪਨੀ ਕਮਾਂਡਰ ਸੰਗਰੂਰ ਬਰਿੰਦਰ ਸਿੰਘ ਵਾਲੀਆ, ਨੇ ਵਿਸ਼ੇਸ਼ ਰੂਪ ਵਿਚ ਪਹੁੰਚ ਕੇ ਆਪਣੀ ਹਾਜਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਚਰਨਾਂ ਵਿਚ ਲਵਾਈ। ਰਾਮ ਸਿੰਘ, ਜਸਵੀਰ ਸਿੰਘ, ਸਿਮਰਜੀਤ ਸਿੰਘ ਦੇ ਰਾਗੀ ਜੱਥੇ ਵੱਲੋਂ ' ਬਿਨ ਮੇਰੇ ਪ੍ਰੀਤਮਾ ਜੀਓ, ਤਧੁ ਬਿਨ ਖੜੀ ਨਿਮਾਣੀ ' ਮਿੱਤਰ ਪਿਆਰੇ ਨੂੰ ,ਹਾਲ ਮੁਰੀਦਾਂ ਦਾ ਕਹਿਣਾ ' ਆਦਿ ਸ਼ਬਦ ਤੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੁਵਿਧਾ ਕੇਂਦਰ ਇੰਚਾਰਜ ਧਨੌਲਾ ਨਾਇਬ ਸਿੰਘ, ਥਾਣੇਦਾਰ ਮਨਜੀਤ ਸਿੰਘ, ਥਾਣੇਦਾਰ ਅਜੈਬ ਸਿੰਘ, ਥਾਣੇਦਾਰ ਬਲਕਾਰ ਸਿੰਘ, ਥਾਣੇਦਾਰ ਦਿਲਬਾਰ ਸਿੰਘ,ਥਾਣੇਦਾਰ ਅਵਿੰਦਰਪਾਲ ਸਿੰਘ ਬਰਨਾਲਾ ਮੁੱਖ ਮੁਨਸ਼ੀ ਕਰਮਜੀਤ ਸਿੰਘ, ਸਹਾਇਕ ਮੁਨਸੀ ਅਰਸਦੀਪ ਸਿੰਘ, ਜਸਪ੍ਰੀਤ ਸ਼ਰਮਾਂ, ਗੁਰਦੀਪ ਸਿੰਘ, ਐਚਸੀ ਗੁਰਮੀਤ ਸਿੰਘ, ਬੀਰਬਲ ਸਰਮਾਂ, ਬਲੀ ਰਾਮ, ਬੁੱਗਰ ਸਿੰਘ ਤੋਂ ਇਲਾਵਾ ਟਰੱਕ ਯੂਨੀਅਨ ਦੇ ਪ੍ਰਧਾਨ ਰਾਕੇਸ ਕੁਮਾਰ ਮਾੜੀ, ਅਜੈਬ ਸਿੰਘ ਮੰਡੇਰ, ਬਰਜਿੰਦਰ ਸਿੰਘ ਟੀਟੂ ਵਾਲੀਆ, ਅਜੇ ਕੁਮਾਰ, ਰਾਜਵਿੰਦਰ ਰਾਜੂ, ਆਦਿ ਤੋਂ ਇਲਾਵਾ ਭਰਵੀ ਗਿਣਤੀ ਵਿੱਚ ਪਤਵੰਤੇ ਵਿਅਕਤੀ ਤੇ ਪਿੰਡ ਵਾਸੀ ਹਾਜਰ ਸਨ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਆਖਿਰ ਵਿੱਚ ਐਸਐਚਓ ਨਾਇਬ ਸਿੰਘ ਬੈਹਣੀਵਾਲ ਨੇ ਆਏ ਅਧਿਕਾਰੀਆਂ ਤੇ ਆਏ ਪਤਵੰਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

# ਸਿੱਖੀ-ਸਰੂਪ ਵਿਚ ਸਿੱਖੀ ਅਤੇ ਸਿੱਖਾਂ ਦੇ ਦੁਸ਼ਮਣ ਤੇ ਘੁਸਪੈਠੀਏ

(ਸਫਾ 16 ਦੀ ਬਾਕੀ)

ਉਨ੍ਹਾਂ ਕੋਲੋਂ ਪਾਹੁਲ ਲੈਣ ਦੀ ਕਹਾਣੀ ਮਗਰੋਂ ਘੜੀ ਗਈ ਜਾਪਦੀ ਹੈ'।

(ਅ) ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾਣ ਦੀ ਇਤਿਹਾਸਕ ਮਾਨਤਾ ਪੁਰ ਸੁਆਲੀਆ ਨਿਸ਼ਾਨ ਲਾਂਦਿਆਂ, ਇਹ 'ਵਿਦਵਾਨ' ਇਤਿਹਾਸਕਾਰ ਪੁਛਦੇ ਹਨ ਕਿ 'ਕੀ ਲੋਹੇ ਦੀ ਤੱਤੀ ਤਵੀ 'ਤੇ ਕੋਈ ਇਨਸਾਨ (ਗੁਰੂ ਸਾਹਿਬ ਨੂੰ ਸਾਧਾਰਣ ਇਨਸਾਨ ਨਾਲ ਮਿਲਾਉਂਦਿਆਂ ਕਹਿੰਦੇ ਹਨ) ਤਿੰਨ ਦਿਨ ਬੈਠ ਸਕਦਾ ਹੈ? ਇਹ ਤਾਂ ਕੇਵਲ ਦੋ ਹੀ ਉਦਾਹਰਣਾਂ ਹਨ। ਉਨ੍ਹਾਂ ਨੇ ਸਿੱਖ ਇਤਿਹਾਸ ਵਿਚ ਅਨੇਕਾਂ ਅਜਿਹੀਆਂ 'ਨਵੀਆਂ ਖੋਜਾਂ' ਪੇਸ਼ ਕੀਤੀਆਂ ਹਨ, ਜਿਨ੍ਹਾਂ ਕਾਰਣ ਪ੍ਰਮਾਣਤ ਸਿੱਖ ਇਤਿਹਾਸ ਦੇ ਸੰਬੰਧ ਵਿਚ ਕਈ ਭਰਮ-ਭੁਲੇਖੇ ਹੀ ਪੈਦਾ ਨਹੀਂ ਹੋ ਰਹੇ, ਸਗੋਂ ਉਨ੍ਹਾਂ ਕਾਰਣ, ਅਜਿਹੇ ਕਈ ਨਵੇਂ ਵਿਵਾਦ ਵੀ ਪੈਦਾ ਹੋਣ ਦੀ ਸੰਭਾਵਨਾ ਬਣ ਗਈ ਹੈ, ਜੋ ਆਮ ਸਿੱਖਾਂ ਵਿਚ ਸਿੱਖ ਇਤਿਹਾਸ ਦੀ ਮਾਨਤਾ ਬਾਰੇ ਕਈ ਤਰ੍ਹਾਂ ਦੀਆਂ ਦੁਬਿਧਾਵਾਂ ਪੈਦਾ ਕਰਨ ਦਾ ਕਾਰਣ ਬਣਨਗੇ ਅਤੇ ਸਮਾਂ ਆਉਣ 'ਤੇ ਉਹ ਉਨ੍ਹਾਂ ਦੇ ਦਿਲਾਂ ਵਿਚ ਆਪਣੇ ਹੀ ਇਤਿਹਾਸ ਦੇ ਬਹੁਮੁੱਲੇ ਵਿਰਸੇ ਬਾਰੇ ਸ਼ੰਕਾਵਾਂ ਪੈਦਾ ਕਰ, ਸਿੱਖੀ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਨੂੰ ਡਗਮਗਾ ਸਕਦੇ ਹਨ।

**ਅਤੇ ਅੰਤ ਵਿੱਚ :** ਦਿਲਚਸਪ ਗੱਲ ਇਹ ਵੀ ਹੈ ਕਿ ਅਜਿਹੇ ਅਖੌਤੀ 'ਵਿਦਵਾਨ, ਖੋਜੀ ਅਤੇ ਇਤਿਹਾ-ਸਕਾਰ' ਸਿੱਖ-ਸੰਸਥਾਵਾਂ ਦੇ ਉਨ੍ਹਾਂ ਮੁਖੀਆਂ ਅਤੇ ਸਮਰ-ਥਾਵਾਨ ਸਿੱਖਾਂ ਦਾ, ਆਪਣੀ 'ਵਿਦਵਤਾ-ਪੂਰਣ ਖੋਜ', ਸਿੱਖੀ ਪ੍ਰਤੀ ਦਰਦ ਹੋਣ ਦਾ ਭੁਲਾਵਾ ਦੇ, ਲਗਾਤਾਰ ਆਰਥਿਕ ਤੇ ਭਾਵਨਾਤਮਕ ਸ਼ੋਸ਼ਣ ਕਰਦੇ ਚਲੇ ਆ ਰਹੇ ਹਨ, ਜਿਨ੍ਹਾਂ ਦੇ ਦਿਲ ਵਿਚ ਸਿੱਖੀ ਵਿਚ ਆ ਰਹੇ ਨਿਘਾਰ ਕਾਰਣ ਉਪਜੀ ਅਥਾਹ ਪੀੜਾ ਅਤੇ ਉਸਨੂੰ ਬਚਾਣ ਦੀ ਤੀਬਰ ਭਾਵਨਾ ਹੈ।

# ਜਾਰੀ ਹੈ ਇਤਿਹਾਸ ਬਦਲਣ ਦੀ ਯੋਜਨਾ

(ਸਫਾ 15 ਦੀ ਬਾਕੀ)

ਸੋਚਣਾ ਬਣਦਾ ਹੈ ਕਿ ਇੰਨੇ ਨਿੱਗਰ ਢੁੱਕੇ ਹੜੱਪਨ, ਘੋੜਿਆਂ ਰੱਥਾਂ ਵਾਲੇ ਉਹ ਲੜਾਕੂ ਕਿਵੇਂ ਬਣ ਗਏ ਜੋ ਕਥਿਤ ਰਾਸ਼ਟਰਵਾਦੀ ਉਨ੍ਹਾਂ ਨੂੰ ਸਿੱਧ ਕਰਨਾ ਚਾਹੁੰਦੇ ਹਨ? ਦਰਅਸਲ ਹੋਇਆ ਇਹ ਕਿ ਜਦੋਂ ਆਰੀਅਨ ਮੱਧ ਏਸ਼ੀਆ 'ਚੋਂ ਭਾਰਤੀ ਉਪ ਮਹਾਂਦੀਪ ਵਿੱਚ ਸ਼ਾਮਲ ਹੋਏ, ਉਨ੍ਹਾਂ ਨੇ ਨਿਘਾਰ ਅਵਸਥਾ ਵਿੱਚ ਆ ਚੁੱਕੇ ਹੜੱਪਨਾਂ ਨੂੰ ਬਿਨਾਂ ਵਿਰੋਧ ਆਪਣੇ ਅਧੀਨ ਕਰ ਲਿਆ।

ਉਨ੍ਹਾਂ ਨੂੰ ਗ਼ੁਲਾਮ ਬਣਾ ਲਿਆ ਜਾਂ ਕਹਿ ਲਉ ਕਿ ਪਛੜਿਆ ਵਰਗ ਬਣਨ ਵੱਲ ਸੇਧਿਤ ਕਰ ਦਿੱਤਾ। ਕੋਈ ਕਿਧਰੇ ਮਾੜੀਆਂ ਮੋਟੀਆਂ ਲੜਾਈਆਂ ਹੋਈਆਂ ਹੋਣਗੀਆਂ, ਪਰ ਉਨ੍ਹਾਂ ਦਾ ਕੋਈ ਪੱਕਾ ਪੁਰਾਤੱਤਵੀ ਸਬੂਤ ਨਹੀਂ ਮਿਲਦਾ। ਇੱਥੇ ਕੁਝ ਸੈਂਕੜੇ ਸਾਲ ਇਤਿਹਾਸ ਦਾ ਅਸਪਸ਼ਟ ਯੁੱਗ ਰਿਹਾ ਹੈ ਜਿਸ ਨੂੰ ਹਨੇਰਾ ਦੌਰ (ਡਾਰਕ ਪੀਰੀਅਡ) ਵੀ ਕਿਹਾ ਜਾਂਦਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਭਾਰਤ ਦੀ ਸੱਭਿਅਤਾ ਨੂੰ ਕੇਵਲ 'ਹਿੰਦੂ ਸੱਭਿਅਤਾ' ਕਹਿਣਾ ਲੋਕਾਂ ਨੂੰ ਗੁਮਰਾਹ ਕਰਨ ਵਾਲੀ ਗੱਲ ਹੈ। 1950 ਵਿੱਚ ਬਣੇ ਭਾਰਤ ਦੇ ਸੰਵਿਧਾਨ ਵਿੱਚ ਸਰਬ-ਧਰਮ ਏਕਤਾ ਵਾਲਾ ਸੰਕਲਪ ਸੰਮਿਲਿਤ ਹੈ, ਪਰ ਸੱਜੇ-ਪੱਖੀ ਰਾਸ਼ਟਰਵਾਦੀ ਇਸ ਨੂੰ ਕੇਵਲ ਇੱਕ ਧਰਮ ਦੀ ਉੱਚਤਾ ਵਾਲਾ ਦੇਸ਼ ਬਣਾਉਣਾ ਚਾਹੁੰਦੇ ਹਨ। ਇਸ ਦਾ ਟਾਕਰਾ ਕਰਨ ਲਈ ਵਿਗਿਆਨਕ ਸੋਚ ਵਾਲੇ ਇਤਿਹਾਸਕਾਰਾਂ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।


TEC Equipment
Your Best Business Partner
TEC Equipment
OAKLAND, CA
ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ
ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਕੇ ਦਿੰਦੇ ਹਾਂ
Harjinder Singh Bal
Direct (510) 577-5509
Cell (510) 613-3573
hsingh@tecequipment.com
8099 S Coliseum Way
Oakland, CA 94621
www. tecequipment.com


Raja
New Introducing
Chaat Corner
King of Sweets Now Presents
Come and Enjoy Mouth Watering Chaat All Day
ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ
•BHEL PAPDI CHAAT
•FALUDA KULFI
•GOL GAPPE (PANI PURI)
•KHASTA KACHORI
RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100


MOON indian cuisine
Moon Indian Cuisine
510-780-9233
ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ
* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ
Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।
Paul
510-978-7170
Gill
510-709-5285
Over 30 Years Experience in Restaurant & Catering Business
ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ
ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

MISSIONPEAK BROKERS, INC.
PEAK OF EXCELLENCE

CALL A PROFESSIONAL AND GET THE BEST POSSIBLE PRICES AND HIGHEST PROFITS

I am a top rated Business and Commercial Real Estate broker with vast experience in Sales.

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

Acquisition and Financing of Commercial Real Estate.






GET TOP DOLLAR$

FOR YOUR COMMERCIAL PROPERTY



CALL TODAY

(510) 366-6130

hrsidhu@gmail.com
www.missionpeakbrokers.com

Harpreet "Harry" Sidhu, CBB
Broker/president

BRE Lic #1433114
Broker Lic # 01792260

CABB California Association of Business Brokers
REALTOR

